ਸਚਿੱਤ੍ਰ ਜੀਵਨ ਸਾਖੀਆਂ

# ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
# ਗੁਰੂ ਤੇਗ ਬਹਾਦੂਰ ਸਾਹਿਬ ਜੀ



ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ ॥

ਸਚਿਤਰ ਜੀਵਨ ਸਾਖੀਆਂ

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ
# ਅਤੇ
# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ


ਲੇਖਕ :-

ਡਾ. ਅਜੀਤ ਸਿੰਘ ਔਲਖ

ਐਮ.ਏ., ਪੀ.ਐਚ.ਡੀ.



*Mob.: 98117 91111 ◇98114 91111

A Unique Showroom Of Sikh Religious Items

**Bhai Chattar Singh & Co.**

*PUSTAKAN WALE (AMRITSAR WALE)*

*D-118, Fateh Nagar, Jail Road, New Delhi-18

(Near Gurudwara Chhote Sahibzade Sahib ji)

◇1687 Kucha Jat Mal, Dariba Kalan, Delhi-6

© ਪ੍ਰਕਾਸ਼ਕ

ISBN : 81-7601-221-1

ਪੰਜਵੀਂ ਵਾਰ ਅਗਸਤ 2011

ਭੇਟਾ : 120-00

An ISO 9001:2000 Certified Publishing House

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974 ਫੈਕਸ : 5017488

E-mail : csjssales@hotmail.com, csjspurchase@yahoo.com

Visit our Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312 ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774

Printed in India



# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

# ਪ੍ਰਕਾਸ਼ ਅਤੇ ਪਾਲਣ ਪੋਸ਼ਣ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 7 ਜੁਲਾਈ ਸੰਨ 1656 ਨੂੰ ਕੀਰਤਪੁਰ ਵਿਖੇ ਮਾਤਾ ਕ੍ਰਿਸ਼ਨ ਕੌਰ ਦੀ ਕੁਖੋਂ ਪੈਦਾ ਹੋਏ। ਆਪ ਜੀ ਦੇ ਪਿਤਾ ਜੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਸਨ। ਬਾਲਕ ਦੇ ਜਨਮ ਸਮੇਂ ਹੀ ਗੁਰੂ ਹਰਿਰਾਇ ਜੀ ਨੇ ਬਚਨ ਕੀਤਾ ਸੀ ਕਿ ਇਹ ਜੋ ਕੁਝ ਕਰਨਗੇ ਉਹ ਹੋਰ ਕੋਈ ਨਹੀਂ ਕਰ ਸਕੇਗਾ।

ਗੁਰੂ ਹਰਿਕ੍ਰਿਸ਼ਨ ਜੀ ਬੜੇ ਸੁੰਦਰ ਮਨਮੋਹਿਕ ਬਾਲਕ ਸਨ। ਜਿਹੜਾ ਵੀ ਇਕ ਵਾਰ ਵੇਖਦਾ ਸੀ, ਦੁਬਾਰਾ ਵੇਖਣ ਲਈ ਉਤਾਵਲਾ ਹੋ ਜਾਂਦਾ ਸੀ। ਚਿਹਰੇ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਸਾਰੇ ਉਸ ਨੂੰ ਪ੍ਰਭੂ ਦਾ ਰੂਪ ਹੀ ਸਮਝਦੇ ਸਨ ਤੇ ਪਰਿਵਾਰ ਦੇ ਸਾਰੇ ਮੈਂਬਰ ਉਸ ਨੂੰ ਖਿਡਾਉਣ ਵਿਚ ਬਹੁਤ ਖੁਸ਼ੀ ਅਨੁਭਵ ਕਰਦੇ ਸਨ।

ਸਿੱਖ ਸੰਗਤਾਂ ਨੂੰ ਵੀ ਜਦ ਗੁਰੂ ਹਰਿਕ੍ਰਿਸ਼ਨ ਜੀ ਦੇ ਅਵਤਾਰ ਧਾਰਨ ਦਾ ਪਤਾ ਲੱਗਾ ਤਾਂ ਉਹ ਵੀ ਆਪਣੇ ਵਿੱਤ ਅਨੁਸਾਰ ਕਾਰ ਭੇਟਾ ਲੈ ਕੇ ਦਰਸ਼ਨਾਂ ਨੂੰ ਆਈਆਂ। ਜਿਹੜਾ ਵੀ ਵੇਖਦਾ ਸੀ, 'ਵਾਹ ਵਾਹ' ਕਹਿ ਉਠਦਾ ਸੀ ਤੇ ਉਸਦੀਆਂ ਭੁੱਖਾਂ ਲਹਿ ਜਾਂਦੀਆਂ ਸਨ। ਗੁਰੂ ਹਰਿਰਾਇ ਸਾਹਿਬ ਬਾਲਕ ਗੁਰੂ ਦੀ ਪਰਵਰਿਸ਼ ਵੱਲ ਪੂਰਾ ਧਿਆਨ ਦੇ ਰਹੇ ਸੀ। ਉਹ ਇਸ ਬਾਲਕ ਦੀ ਇਲਾਹੀ ਜੋਤ ਨੂੰ ਜਾਣਦੇ ਸਨ। ਜਦ ਥੋੜਾ ਵੱਡਾ ਹੋਇਆ ਤਾਂ ਬੜਾ ਤੇਜ਼ ਦਿਮਾਗ਼ ਹੋਣ ਕਰਕੇ ਹਰ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਂਦੇ ਸਨ। ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਸਭ ਨੂੰ ਹੈਰਾਨ ਕਰਦੀਆਂ ਸਨ। ਜਦ ਇਕ ਸਾਲ ਦੇ ਹੋਏ ਤਾਂ ਤੁਰਨ ਲੱਗ ਗਏ ਅਤੇ ਆਪ ਦਰਬਾਰ ਵਿਚ ਜਾ ਕੇ ਚੌਂਕੜਾ ਮਾਰ ਕੇ ਕੀਰਤਨ ਸੁਣਦੇ। ਜਦ ਤਿੰਨ ਸਾਲ ਦੇ ਹੋਏ ਤਾਂ ਗੁਰੂ ਹਰਿਰਾਇ ਜੀ ਨੇ ਉਨ੍ਹਾਂ ਦੀ ਪੜ੍ਹਾਈ ਦਾ ਇੰਤਜ਼ਾਮ ਕਰ ਦਿੱਤਾ। ਪਰ ਆਪ ਤਾਂ ਧੁਰੋਂ ਹੀ ਪੜ੍ਹ ਕੇ ਆਏ ਸਨ। ਬੜੀ ਛੇਤੀ ਹੀ ਪੜ੍ਹਨਾ ਲਿਖਣਾ ਸਿਖ ਲਿਆ। ਛੇਤੀ ਆਪ ਜੀ ਪਾਠ ਕਰਨ ਲੱਗ ਗਏ। ਬੜੀ ਮਿੱਠੀ ਸੁਰ ਵਿਚ ਪਾਠ ਕਰਦੇ। ਆਪ ਜੀ ਦੀ ਆਵਾਜ਼ ਏਨੀ ਮਿੱਠੀ ਸੀ ਕਿ ਜਦ ਪਾਠ ਸੁਰ ਵਿਚ ਕਰਦੇ ਤਾਂ ਸਿੱਖ ਸੰਗਤਾਂ ਆਪ ਜੀ ਦਾ ਪਾਠ ਸੁਣਨ ਲਈ ਲਾਗੇ ਆ ਬੈਠਦੀਆਂ। ਕਈ ਵਾਰ ਚੌਂਕੜਾ ਮਾਰ ਕੇ ਸਮਾਧੀ ਲਾ ਕੇ ਬੈਠ ਜਾਂਦੇ ਅਤੇ ਕਾਫ਼ੀ ਸਮੇਂ ਤੱਕ ਉਨ੍ਹਾਂ ਦੀ ਸਮਾਧੀ ਲੱਗੀ ਰਹਿੰਦੀ।

ਆਪ ਜੀ ਆਪਣੇ ਪਿਤਾ ਜੀ ਗੁਰੂ ਹਰਿਰਾਇ ਸਾਹਿਬ ਨਾਲ ਬਹੁਤ ਪਿਆਰ ਕਰਦੇ ਸਨ। ਜਦ ਵੀ ਗੁਰੂ ਵਿਹਲੇ ਹੁੰਦੇ ਤਾਂ ਉਨ੍ਹਾਂ ਪਾਸ ਆ ਬੈਠਦੇ ਅਤੇ ਬੜੀਆਂ ਰਹੱਸਮਈ ਗੱਲਾਂ ਪੁੱਛਦੇ ਰਹਿੰਦੇ। ਕਈ ਵਾਰ ਦੂਰ ਦੂਰ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੀਆਂ ਤਾਂ ਆਪ ਵੀ ਪ੍ਰੇਮੀਆਂ ਦੀਆਂ ਗੱਲਾਂ ਸੁਣਦੇ। ਉਹ ਹਮੇਸ਼ਾਂ ਆਪਣੇ ਪਿਤਾ ਜੀ ਨੂੰ ਸਾਖੀਆਂ ਸੁਣਾਉਣ ਵਾਸਤੇ ਕਹਿੰਦੇ ਰਹਿੰਦੇ। ਗੁਰੂ ਹਰਿਰਾਇ ਜੀ ਉਨ੍ਹਾਂ ਨੂੰ ਬੜੀਆਂ ਰੌਚਕ ਅਤੇ ਸਿੱਖਿਆਦਾਇਕ ਸਾਖੀਆਂ ਸੁਣਾਉਂਦੇ।

ਇਕ ਵਾਰ ਦੀ ਗੱਲ ਹੈ ਕਿ ਇਕ ਸੱਪ ਜ਼ਖਮੀ ਹੋਇਆ ਪਿਆ ਸੀ ਤੇ ਉਸ ਨੂੰ ਕੀੜੀਆਂ ਚੰਬੜੀਆਂ ਸਨ। ਬਾਲਾ ਗੁਰੂ ਹਰਿਕ੍ਰਿਸ਼ਨ ਜੀ ਕਹਿਣ ਲੱਗੇ, "ਇਸ ਵਿਚਾਰੇ ਨੇ ਕੀ ਕਸੂਰ ਕੀਤਾ ਹੈ, ਇਸ ਨੂੰ ਕੀੜੀਆਂ ਏਨਾ ਦੁਖੀ ਕਰ ਰਹੀਆਂ ਹਨ।" ਇਹ ਸੁਣਕੇ ਗੁਰੂ ਹਰਿਰਾਇ ਜੀ ਨੇ ਕਿਹਾ, "ਇਹ ਸੱਪ ਪਿਛਲੇ ਜਨਮ ਵਿਚ ਇਕ ਪਖੰਡੀ ਮਹੰਤ ਸੀ, ਇਹ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾ ਧਨ ਲੁੱਟਦਾ ਰਹਿੰਦਾ ਸੀ। ਇਹ ਕਿਸੇ ਦੀ ਮਦਦ ਨਹੀਂ ਸੀ ਕਰਦਾ, ਸਗੋਂ ਦੁਖੀਆਂ ਨੂੰ ਹੋਰ ਦੁਖੀ ਕਰਦਾ ਸੀ। ਪਰਾਏ ਧਨ 'ਤੇ ਐਸ਼ ਕਰਦਾ ਸੀ। ਅੱਜ ਇਸਨੂੰ ਜਿਹੜੀਆਂ ਕੀੜੀਆਂ ਚੰਬੜੀਆਂ ਹਨ ਇਹ ਉਹੋ ਭੋਲੇ ਭਾਲੇ ਲੋਕ ਹਨ ਜਿਨ੍ਹਾਂ ਨੂੰ ਇਹ ਲੁਟਦਾ ਰਿਹਾ ਹੈ। ਅੱਜ ਇਹ ਕੀੜੀਆਂ ਬਣ ਕੇ ਇਸ ਦਾ ਮਾਸ ਨੋਚ ਰਹੀਆਂ ਹਨ। ਪਖੰਡੀ ਅਤੇ ਮਾੜੇ ਵਿਅਕਤੀ ਦਾ ਇਹੋ ਹਾਲ ਹੁੰਦਾ ਹੈ।"

ਜਦ ਗੁਰੂ ਹਰਿਰਾਇ ਜੀ ਬਾਹਰ ਲੰਮੀਆਂ ਯਾਤਰਾਵਾਂ 'ਤੇ ਜਾਂਦੇ ਸਨ ਤਾਂ ਬਾਲਾ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਉਨ੍ਹਾਂ ਦੇ ਨਾਲ ਜਾਣ ਦੀ ਜ਼ਿਦ ਕਰਦੇ। ਗੁਰੂ ਜੀ ਵੀ ਉਨ੍ਹਾਂ ਨੂੰ ਕਦੇ ਮਨ੍ਹਾਂ ਨਾ ਕਰਦੇ ਅਤੇ ਆਪਣੇ ਨਾਲ ਹੀ ਲੈ ਜਾਂਦੇ।



# ਬਾਬਾ ਰਾਮਰਾਇ ਜੀ

ਉਨ੍ਹਾਂ ਦਿਨਾਂ ਵਿਚ ਹੀ ਔਰੰਗਜ਼ੇਬ ਨੇ ਗੁਰੂ ਹਰਿਰਾਇ ਸਾਹਿਬ ਨੂੰ ਇਕ ਪੱਤਰ ਭੇਜਿਆ ਕਿ ਉਹ ਉਨ੍ਹਾਂ ਨੂੰ ਮਿਲਣ ਵਾਸਤੇ ਦਿੱਲੀ ਆਉਣ।

ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਚਿੱਠੀ ਦਾ ਉੱਤਰ ਦੇ ਦਿੱਤਾ। ਇਸ ਚਿੱਠੀ ਵਿਚ ਉਨ੍ਹਾਂ ਲਿਖਿਆ ਕਿ ਉਹ ਤਾਂ ਗੁਰੂ ਘਰ ਦੇ ਫ਼ਕੀਰ ਹਨ ਅਤੇ ਸਾਧੂ ਸੰਤਾਂ ਨੂੰ ਬਾਦਸ਼ਾਹਾਂ ਨੂੰ ਮਿਲਣ ਦੀ ਕੋਈ ਲੋੜ ਨਹੀਂ ਹੈ। ਸਾਨੂੰ ਕਿਸੇ ਧਨ ਜਾਂ ਜਗੀਰ ਦੀ ਲੋੜ ਨਹੀਂ।

ਜਦ ਔਰੰਗਜ਼ੇਬ ਨੇ ਇਹ ਚਿੱਠੀ ਪੜ੍ਹੀ ਤਾਂ ਉਹ ਬੜੇ ਰੋਹ ਵਿਚ ਆ ਗਿਆ। ਉਸ ਨੇ ਦਰਬਾਰ ਵਿਚ ਕਿਹਾ ਕਿ ਜੇ ਇਹ ਮੇਰਾ ਹੁਕਮ ਨਹੀਂ ਮੰਨਦੇ ਤਾਂ ਇਨ੍ਹਾਂ ਨੂੰ ਫ਼ੌਰਨ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਕਿਹਾ ਜਾਵੇ।

ਔਰੰਗਜ਼ੇਬ ਦੀ ਦੂਸਰੀ ਚਿੱਠੀ ਮਿਲਣ ਉਤੇ ਗੁਰੂ ਜੀ ਨੇ ਇਹ ਫੈਸਲਾ ਕੀਤਾ, ਕਿ ਔਰੰਗਜ਼ੇਬ ਦੀ ਤਸੱਲੀ ਕਰਵਾਉਣ ਲਈ ਆਪਣੇ ਵੱਡੇ ਸਪੁੱਤਰ ਰਾਮਰਾਇ ਨੂੰ ਹੀ ਭੇਜ ਦਿੱਤਾ ਜਾਵੇ। ਰਾਮਰਾਇ ਜੀ ਦੀ ਉਮਰ ਉਸ ਵੇਲੇ ੧੧ ਸਾਲ ਦੀ ਸੀ। ਉਸ ਨੇ ਚੰਗੀ ਵਿਦਿਆ ਪ੍ਰਾਪਤ ਕੀਤੀ ਹੋਈ ਸੀ ਅਤੇ ਅਨੇਕਾਂ ਸ਼ਕਤੀਆਂ ਦਾ ਮਾਲਕ ਸੀ।

ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਪੁੱਤਰ ਤੂੰ ਬਾਦਸ਼ਾਹ ਔਰੰਗਜ਼ੇਬ ਦੇ ਪਾਸ ਜਾਣਾ ਹੈ। ਕਿਸੇ ਪ੍ਰਕਾਰ ਦਾ ਡਰ ਖ਼ੌਫ਼ ਨਹੀਂ ਰੱਖਣਾ ਅਤੇ ਨਾ ਕਿਸੇ ਗੱਲੋਂ ਘਬਰਾਉਣਾ ਹੈ। ਮੈਂ ਹਰ ਵੇਲੇ ਤੇਰੇ ਅੰਗ ਸੰਗ ਹੀ ਰਹਾਂਗਾ। ਔਰੰਗਜ਼ੇਬ ਜੋ ਵੀ ਤੈਨੂੰ ਪੁੱਛੇ ਉਸਦਾ ਸੱਚੋ ਸੱਚ ਉੱਤਰ ਦੇਣਾ ਹੈ। ਕਿਸੇ ਪ੍ਰਕਾਰ ਦਾ ਲੁਕਾਅ ਨਹੀਂ ਰੱਖਣਾ, ਪਰ ਔਰੰਗਜ਼ੇਬ ਦੇ ਕਹਿਣ ਤੇ ਕਿਸੇ ਪ੍ਰਕਾਰ ਦੀ ਕਰਾਮਾਤ ਨਹੀਂ ਵਿਖਾਉਣੀ। ਗੁਰੂ ਘਰ ਵਿਚ ਕਰਾਮਾਤ ਦਾ ਕੋਈ ਸਥਾਨ ਨਹੀਂ ਹੈ।"

ਆਪਣੇ ਪਿਤਾ ਜੀ ਦਾ ਹੁਕਮ ਮੰਨ ਕੇ ਬਾਬਾ ਰਾਮਰਾਇ ਨੇ ਦਿੱਲੀ ਜਾਣਾ ਪ੍ਰਵਾਨ ਕਰ ਲਿਆ। ਗੁਰੂ ਜੀ ਨੇ ਉਸ ਨਾਲ ਭਾਈ ਤਾਰਾ ਅਤੇ ਭਾਈ ਗੁਰਦਾਸ ਨੂੰ ਭੇਜਿਆ। 25 ਸਵਾਰ ਅਤੇ 50 ਬੰਦੇ ਹੋਰ ਨਾਲ ਦਿੱਤੇ।

ਬਾਬਾ ਰਾਮਰਾਇ ਜੀ ਰੋਪੜ, ਖਰੜ, ਘੜੂੰਏ, ਸ਼ਾਹਬਾਦ, ਥਾਨੇਸਰ ਅਤੇ ਪਾਨੀਪਤ ਹੁੰਦੇ ਹੋਏ ਦਿੱਲੀ ਪੁੱਜੇ। ਉਥੇ ਜਾ ਕੇ ਉਨ੍ਹਾਂ ਮਜਨੂੰ ਟਿਲੇ ਵਿਖੇ ਨਿਵਾਸ ਕੀਤਾ। ਡੇਰੇ ਪਹੁੰਚ ਕੇ ਔਰੰਗਜ਼ੇਬ ਨੂੰ ਖ਼ਬਰ ਪਹੁੰਚਾ ਦਿੱਤੀ ਗਈ।

ਸਮਾਂ ਮਿਲਣ 'ਤੇ ਔਰੰਗਜ਼ੇਬ ਨੇ ਬਾਬਾ ਰਾਮਰਾਇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਬੁਲਾ ਲਿਆ। ਜਦ ਔਰੰਗਜ਼ੇਬ ਨੇ ਬਾਬਾ ਜੀ ਦੇ ਚਿਹਰੇ ਵੱਲ ਵੇਖਿਆ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ।


Harbhajan Singh

ਦਰਬਾਰ ਵਿਚ ਉਨ੍ਹਾਂ ਨੂੰ ਉੱਚੀ ਥਾਂ ਵਧੀਆ ਆਸਣ ਪ੍ਰਦਾਨ ਕੀਤਾ। ਗੁਰੂ ਜੀ ਦੇ ਦੋ ਸਾਥੀਆਂ ਭਾਈ ਗੁਰਦਾਸ ਅਤੇ ਭਾਈ ਤਾਰਾ ਨੂੰ ਵੀ ਨਾਲ ਬੈਠਣ ਦੀ ਆਗਿਆ ਦੇ ਦਿੱਤੀ।

ਔਰੰਗਜ਼ੇਬ ਨੇ ਕਈ ਪ੍ਰਕਾਰ ਦੇ ਸਵਾਲ ਪੁੱਛਣੇ ਆਰੰਭ ਕੀਤੇ ਅਤੇ ਬਾਬਾ ਰਾਮਰਾਇ ਜੀ ਹਰ ਸਵਾਲ ਦਾ ਉੱਤਰ ਬੜੀ ਸਿਆਣਪ ਅਤੇ ਚਤੁਰਾਈ ਨਾਲ ਦਿੰਦੇ ਰਹੇ। ਔਰੰਗਜ਼ੇਬ ਉਨ੍ਹਾਂ ਦੇ ਉੱਤਰਾਂ ਨੂੰ ਸੁਣ ਕੇ ਬਹੁਤ ਹੈਰਾਨ ਹੋਇਆ। ਉਸ ਨੂੰ ਪਤਾ ਲੱਗ ਗਿਆ ਕਿ ਬਾਬਾ ਰਾਮਰਾਇ ਗ਼ੈਬੀ ਸ਼ਕਤੀਆਂ ਦਾ ਮਾਲਕ ਹੈ, ਇਸ ਲਈ ਇਸ ਨੂੰ ਗੱਲ ਬਾਤ ਨਾਲ ਹਰਾਇਆ ਨਹੀਂ ਜਾ ਸਕਦਾ। ਇਸ ਲਈ ਉਸ ਆਪਣਾ ਪੈਂਤੜਾ ਬਦਲਿਆ ਅਤੇ ਬਾਬਾ ਰਾਮਰਾਇ ਜੀ ਨੂੰ ਕੋਈ ਕਰਾਮਾਤ ਵਿਖਾਉਣ ਲਈ ਕਿਹਾ। ਬਾਬਾ ਰਾਮਰਾਇ ਨੇ ਅਨੇਕਾਂ ਕਰਾਮਾਤਾਂ ਵਿਖਾਈਆਂ। ਸਿੱਖ ਇਤਿਹਾਸ ਵਿਚ ਇਨ੍ਹਾਂ ਕਰਾਮਾਤਾਂ ਦਾ ਵੇਰਵਾ ਦਿੱਤਾ ਗਿਆ ਹੈ। ਔਰੰਗਜ਼ੇਬ ਦੇ ਹੁਕਮ ਨਾਲ ਇਕ ਮਰਿਆ ਹੋਇਆ ਬੱਕਰਾ ਲਿਆ ਕੇ ਰੱਖ ਦਿੱਤਾ ਗਿਆ। ਬਾਬਾ ਰਾਮਰਾਇ ਨੂੰ ਉਸ ਨੂੰ ਜਿਊਂਦਾ ਕਰਨ ਲਈ ਕਿਹਾ ਗਿਆ। ਬਾਬਾ ਜੀ ਨੇ ਇਕ ਸੋਟੀ ਬੱਕਰੇ ਨੂੰ ਲਾਈ ਤਾਂ ਉਹ ਛਾਲਾਂ ਮਾਰਦਾ ਉੱਠ ਭੱਜਾ। ਉਸ ਤੋਂ ਬਾਅਦ ਬਾਬਾ ਰਾਮਰਾਇ ਜੀ ਨੂੰ ਇਕ ਜ਼ਹਿਰੀਲੀ ਪੁਸ਼ਾਕ ਪਵਾਈ ਗਈ ਪਰ ਬਾਬਾ ਜੀ 'ਤੇ ਉਸਦਾ ਕੋਈ ਅਸਰ ਨਾ ਹੋਇਆ। ਫਿਰ ਔਰੰਗਜ਼ੇਬ ਨੇ ਪੁਛਿਆ ਕਿ ਉਸਦੇ ਮਹਲ ਦੇ ਹਰਮ ਵਿਚ ਕੀ ਹੋ ਰਿਹਾ ਹੈ ਤਾਂ ਰਾਮਰਾਇ ਨੇ ਸਭ ਕੁਝ ਕਹਿ ਸੁਣਾਇਆ। ਜਦ ਔਰੰਗਜ਼ੇਬ ਨੇ ਅਹਿਲਕਾਰ ਨੂੰ ਭੇਜ ਕੇ ਹਰਮ ਤੋਂ ਇਹ ਪੁਸ਼ਟੀ ਕੀਤੀ ਤਾਂ ਸਭ ਕੁਝ ਠੀਕ ਨਿਕਲਿਆ। ਫਿਰ ਔਰੰਗਜ਼ੇਬ ਦੇ ਹੁਕਮ ਅਨੁਸਾਰ ਇਕ ਪਾਲਕੀ ਦਰਬਾਰ ਦੇ ਬਾਹਰ ਰੱਖ ਦਿੱਤੀ ਗਈ ਤੇ ਬਾਬਾ ਰਾਮਰਾਇ ਨੂੰ ਕਿਹਾ ਗਿਆ ਕਿ ਉਸ ਪਾਲਕੀ ਵਿਚ ਬੈਠ ਕੇ ਕਹਾਰਾਂ ਤੋਂ ਬਗੈਰ ਅੰਦਰ ਆਉਣ। ਬਾਬਾ ਰਾਮਰਾਇ ਜੀ ਪਾਲਕੀ ਵਿਚ ਬੈਠ ਗਏ ਤੇ ਉਹ ਪਾਲਕੀ ਉੱਡਦੀ ਹੋਈ ਅੰਦਰ ਆ ਗਈ। ਸਭ ਵੇਖ ਕੇ ਬਹੁਤ ਹੈਰਾਨ ਹੋਏ ਫਿਰ ਔਰੰਗਜ਼ੇਬ ਨੇ ਪੁੱਛਿਆ ਕਿ ਉਹ ਪਿਛਲੇ ਜਨਮ ਵਿਚ ਕੀ ਸੀ। ਬਾਬਾ ਰਾਮਰਾਇ ਨੇ ਕਿਸੇ ਝਿਜਕ ਤੋਂ ਬਗ਼ੈਰ ਕਹਿ ਦਿੱਤਾ ਕਿ ਔਰੰਗਜ਼ੇਬ ਪਿਛਲੇ ਜਨਮ ਵਿਚ 'ਬਾਘ' ਸਨ। ਇਸ ਤੋਂ ਬਾਅਦ ਔਰੰਗਜ਼ੇਬ ਨੇ ਕਿਹਾ ਕਿ ਅਸੀਂ ਬਹਿਸ਼ਤ ਦੇ ਫਲ ਖਾਣਾ ਚਾਹੁੰਦੇ ਹਾਂ ਸਾਡੇ ਵਾਸਤੇ ਬਹਿਸ਼ਤੀ ਫਲ ਲਿਆਓ। ਬਾਬਾ ਰਾਮਰਾਇ ਨੇ ਉਸੇ ਵੇਲੇ ਇਕ ਫਲਾਂ ਦਾ ਟੋਕਰਾ ਔਰੰਗਜ਼ੇਬ ਦੇ ਸਾਹਮਣੇ ਟਿਕਾ ਦਿੱਤਾ। ਪਰ ਜਦ ਔਰੰਗਜ਼ੇਬ ਉਹਨਾਂ ਨੂੰ ਖਾਣ ਲੱਗਾ ਤਾਂ ਉਹ ਉਸ ਤੋਂ ਖਾਧੇ ਨਾ ਗਏ। ਕਈ ਅਹਿਲਕਾਰਾਂ ਨੇ ਸਵਾਦ ਚੱਖਣਾ ਚਾਹਿਆ ਪਰ ਜਦ ਉਹ ਮੂੰਹ ਲਾਉਂਦੇ ਸਨ, ਤਾਂ ਲਹਿ ਲਹਿ ਕਰਦਾ ਫਲ ਪੱਥਰ ਬਣ ਜਾਂਦਾ ਸੀ। ਉਥੇ ਇਕ ਮੌਲਵੀ ਬੈਠਾ ਸੀ। ਉਹ ਉਨ੍ਹਾਂ ਫਲਾਂ ਨੂੰ ਵੇਖ ਕੇ ਨਿੰਦਿਆ ਕਰਨ ਲੱਗਾ ਕਿ ਇਹ ਸਭ ਪਖੰਡ ਹੈ। ਬਾਬਾ ਰਾਮਰਾਇ ਨੇ ਮੌਲਵੀ ਵੱਲ ਵੇਖ ਕੇ ਇਕ ਹੱਥ ਅਗਾਂਹ ਵਧਾ ਕੇ ਜਦ ਪਿਛਾਂਹ ਖਿਚਿਆ ਤਾਂ ਉਸਦੀ ਜ਼ਬਾਨ ਹੀ ਬਾਹਰ ਆ ਗਈ ਅਤੇ ਉਹ ਕੁਰਲਾਉਂਦਾ ਹੋਇਆ ਬਾਹਰ ਨੂੰ ਭੱਜ ਉਠਿਆ।

ਔਰੰਗਜ਼ੇਬ ਦੇ ਦਰਬਾਰ ਵਿਚ ਇਕ ਸ਼ਾਹੀ ਪਹਿਲਵਾਨ ਜਿਸ ਦਾ ਨਾਂ ਰੁਸਤਮ ਸੀ, ਵੀ ਬੈਠਾ ਹੋਇਆ ਸੀ। ਉਹ ਪਹਿਲਵਾਨ ਕਿਸੇ ਪਾਸੋਂ ਹਾਰਿਆ ਨਹੀਂ ਸੀ। ਇਕ ਅਹਿਲਕਾਰ ਨੇ ਕਿਹਾ ਕਿ ਇਸ ਪਹਿਲਵਾਨ ਦਾ ਕੋਈ ਜੋੜ ਲਿਆ ਜਿਹੜਾ ਇਸ ਦੀ ਪਿੱਠ ਲਵਾ ਸਕੇ। ਬਾਬਾ ਰਾਮਰਾਇ ਨੇ ਉਥੇ ਖੜੇ ਸੇਵਕਾਂ ਵਿਚੋਂ ਇਕ ਮਾੜੂਏ ਜਿਹੇ ਸੇਵਕ ਨੂੰ ਆਵਾਜ਼ ਮਾਰੀ ਅਤੇ ਕਿਹਾ ਕਿ ਉਹ ਰੁਸਤਮ ਪਹਿਲਵਾਨ ਨਾਲ ਕੁਸ਼ਤੀ ਕਰੇ। ਰੁਸਤਮ ਪਹਿਲਵਾਨ ਤਾਂ ਪਹਿਲਾਂ ਹੀ ਡਰ ਗਿਆ, ਪਰ ਮਾੜੂਏ ਜਿਹੇ ਸੇਵਕ ਨੂੰ ਵੇਖ ਕੇ ਉਹ ਮੈਦਾਨ ਵਿਚ ਆ ਗਿਆ। ਰੁਸਤਮ ਹਾਲੇ ਪੱਟਾਂ ਨੂੰ ਹੱਥ ਮਾਰਦਾ ਹੀ ਸੀ ਕਿ ਸੁਕੜੂ ਸੇਵਕ ਨੇ ਪਹਿਲਵਾਨ ਨੂੰ ਧਰਤੀ 'ਤੇ ਪਟਕਾਅ ਮਾਰਿਆ ਅਤੇ ਦੋਵੇਂ ਮੋਢੇ ਜ਼ਮੀਨ ਨਾਲ ਲਾ ਦਿੱਤੇ। ਸਾਰੇ ਅਹਿਲਕਾਰਾਂ ਨੇ ਹੈਰਾਨੀ ਵਿਚ ਆਪਣੀਆਂ ਉਂਗਲਾਂ ਮੂੰਹ ਵਿਚ ਪਾ ਲਈਆਂ। ਫਿਰ ਔਰੰਗਜ਼ੇਬ ਨੇ ਕਿਹਾ ਅਸੀਂ ਮੱਕੇ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ, ਸਾਨੂੰ ਏਥੇ ਮੱਕੇ ਦੇ ਪ੍ਰਤੱਖ ਦਰਸ਼ਨ ਕਰਾਓ। ਬਾਬਾ ਰਾਮਰਾਇ ਨੇ ਮੱਕੇ ਨੂੰ ਅਸਲ ਰੂਪ ਵਿਚ ਹੀ ਸਾਹਮਣੇ ਲਿਆ ਖੜਾ ਕੀਤਾ। ਔਰੰਗਜ਼ੇਬ ਨੇ ਕਿਉਂਕਿ ਮੱਕਾ ਵੇਖਿਆ ਹੋਇਆ ਸੀ, ਅਸਲ ਮੱਕੇ ਨੂੰ ਵੇਖ ਕੇ ਉਹ ਸਿਜਦੇ ਵਿਚ ਝੁਕ ਗਿਆ। ਫਿਰ ਔਰੰਗਜ਼ੇਬ ਨੇ ਕਿਹਾ ਕਿ ਇਹ ਸੁਣਿਆ ਹੈ ਕਿ ਗੁਰੂ ਨਾਨਕ ਦੇਵ ਨੇ ਮੱਕਾ ਫੇਰ ਦਿੱਤਾ ਸੀ। ਤੁਸੀਂ ਸਾਨੂੰ ਮੋਤੀ ਮਸਜਿਦ ਹੀ ਫੇਰ ਕੇ ਵਿਖਾਓ। ਬਾਬਾ ਰਾਮਰਾਇ ਨੇ ਮੋਤੀ ਮਸਜਿਦ ਵੱਲ ਵੇਖਿਆ ਤਾਂ ਉਹ ਘੁੰਮਣ ਲੱਗ ਗਈ। ਇਹ ਕੌਤਕ ਵੇਖ ਕੇ ਸਾਰੇ ਅਹਿਲਕਾਰ, ਸੇਵਕ ਅਤੇ ਬਾਦਸ਼ਾਹ ਬਹੁਤ ਹੈਰਾਨ ਹੋਏ।

ਮਸਜਿਦ ਨੂੰ ਘੁੰਮਦੀ ਵੇਖ ਕੇ ਸਾਰਾ ਦਰਬਾਰ ਹੀ ਘੁੰਮਣ ਲੱਗ ਪਿਆ। ਕਿਸੇ ਵਿਚ ਉੱਠ ਕੇ ਖਲੋਣ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਉਹ ਕਹਿ ਸਕੇ ਮਸਜਿਦ ਦਾ ਘੁੰਮਣਾ ਹੁਣ ਬੰਦ ਕਰ ਦਿਉ। ਬਾਦਸ਼ਾਹ ਔਰੰਗਜ਼ੇਬ ਆਪ ਇਕ ਕਸੂਤੀ ਸਥਿਤੀ ਵਿਚ ਫੱਸ ਗਿਆ ਸੀ। ਅੰਤ ਉਸ ਨੇ ਹੱਥ ਜੋੜ ਕੇ ਮਸਜਿਦ ਦਾ ਘੁੰਮਣਾ ਬੰਦ ਕਰਨ ਲਈ ਕਿਹਾ। ਬਾਬਾ ਰਾਮਰਾਇ ਜੀ ਬਾਦਸ਼ਾਹ ਦੀ ਇਹ ਦਸ਼ਾ ਦੇਖ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਮਸਜਿਦ ਦਾ ਘੁੰਮਣਾ ਬੰਦ ਕਰ ਦਿਤਾ। ਫਿਰ ਸਾਰੇ ਦਰਬਾਰ ਵਿਚ ਸਨਾਟਾ ਛਾ ਗਿਆ, ਕਿਸੇ ਵਿਚ ਹਿੰਮਤ ਨਾ ਪਈ ਕਿ ਕੋਈ ਕਰਾਮਾਤ ਵਿਖਾਉਣ ਲਈ ਕਹੇ। ਬਾਬਾ ਰਾਮਰਾਇ ਜੀ ਦੀਆਂ ਇਹ ਕਰਾਮਾਤਾਂ ਵੇਖ ਕੇ ਸਾਰਾ ਦਰਬਾਰ ਹੀ ਬਾਬਾ ਜੀ ਅੱਗੇ ਬੜੀ ਸ਼ਰਧਾ ਨਾਲ ਸਿਜਦੇ ਵਿਚ ਝੁਕ ਗਿਆ। ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀ ਬਹੁਤ ਪ੍ਰਸੰਨ ਹੋਏ।

# ਮਿੱਟੀ ਮੁਸਲਮਾਨ ਕੀ

ਬਾਬਾ ਰਾਮਰਾਇ ਦੀਆਂ ਵਚਿੱਤਰ ਕਰਾਮਾਤਾਂ ਵੇਖ ਕੇ ਔਰੰਗਜ਼ੇਬ ਬਹੁਤ ਪ੍ਰਸੰਨ ਹੋਇਆ। ਉਸ ਨੇ ਬਾਬਾ ਰਾਮਰਾਇ ਅਤੇ ਉਸ ਦੇ ਸਾਥੀਆਂ ਦੀ ਬਹੁਤ ਸੇਵਾ ਕੀਤੀ। ਵੱਡੇ ਵੱਡੇ ਅਹਿਲਕਾਰ ਬਾਬਾ ਜੀ ਤੋਂ ਭੈਅ ਖਾਂਦੇ ਸਨ ਅਤੇ ਸਭ ਡਰਦੇ ਮਾਰੇ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਜਦ ਬਾਬਾ ਰਾਮਰਾਇ ਦੀ ਏਨੀ ਖੁਸ਼ਾਮਦ ਅਤੇ ਸਿਫ਼ਤ ਹੋਣ ਲੱਗੀ ਤਾਂ ਉਹ ਵੀ ਆਪਣੇ ਆਪ ਨੂੰ ਦੁਨੀਆਂ ਦਾ ਇਕ ਇਲਾਹੀ ਪੀਰ ਪੈਗੰਬਰ ਸਮਝਣ ਲੱਗ ਗਏ। ਸ਼ਾਹੀ ਠਾਠ ਬਾਠ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦਾ ਹੁਣ ਦਿੱਲੀ ਨੂੰ ਛੱਡਣ ਦਾ ਦਿਲ ਹੀ ਨਹੀਂ ਸੀ ਕਰ ਰਿਹਾ। ਉਹ ਜਿੱਥੇ ਵੀ ਜਾਂਦੇ ਸਨ, ਮੁਸਲਮਾਨ ਵੀ ਉਹਨਾਂ ਅੱਗੇ ਹੋ ਹੋ ਕੇ ਸਲਾਮਾਂ ਬੁਲਾਉਂਦੇ ਸਨ, ਸਿਜਦੇ ਕਰਦੇ ਸਨ ਅਤੇ ਹਰ ਪ੍ਰਕਾਰ ਦੀ ਸੇਵਾ ਕਰਕੇ ਪ੍ਰਸੰਨ ਹੁੰਦੇ ਸਨ।

ਉਨ੍ਹਾਂ ਦੀਆਂ ਕਰਾਮਾਤਾਂ ਦੀਆਂ ਖ਼ਬਰਾਂ ਗੁਰੂ ਹਰਿਰਾਇ ਪਾਸ ਵੀ ਪੁੱਜ ਰਹੀਆਂ ਸਨ। ਉਨ੍ਹਾਂ ਤਾਂ ਉਸ ਨੂੰ ਕਿਹਾ ਸੀ ਕਿ ਕੋਈ ਕਰਾਮਾਤ ਕਰਕੇ ਨਾ ਵਿਖਾਵੇ ਪਰ ਉਨ੍ਹਾਂ ਤਾਂ ਕਰਾਮਾਤਾਂ ਦੀ ਹੱਦ ਹੀ ਕਰ ਦਿੱਤੀ ਸੀ। ਪਰ ਉਸ ਸਮੇਂ ਗੁਰੂ ਸਾਹਿਬ ਦੀ ਬਰਦਾਸ਼ਤ ਦੀ ਹੱਦ ਹੀ ਮੁੱਕ ਗਈ ਜਦ ਬਾਬਾ ਰਾਮਰਾਇ ਨੇ ਇਕ ਹੋਰ ਅਨੋਖੀ ਕਰਾਮਾਤ ਕਰ ਵਿਖਾਈ।

ਔਰੰਗਜ਼ੇਬ ਪੰਜਾਬ ਵਿਚ ਸੁਲਤਾਨਪੁਰ ਲੋਧੀ ਪੜ੍ਹਿਆ ਸੀ, ਇਸ ਲਈ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਕਈ ਵਾਕ ਯਾਦ ਸਨ।

ਇਕ ਦਿਨ ਜਦ ਦਰਬਾਰ ਲੱਗਾ ਹੋਇਆ ਸੀ ਤਾਂ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਪੁੱਛਿਆ ਕਿ ਇਹ ਵਾਕ ਜਿਹੜਾ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਇਸ ਦੇ ਕੀ ਅਰਥ ਹਨ। ਔਰੰਗਜ਼ੇਬ ਨੇ ਉਸ ਸ਼ਬਦ ਨੂੰ ਇਸ ਤਰ੍ਹਾਂ ਕਿਹਾ–

*"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥"* (ਆਸਾ ਦੀ ਵਾਰ)

ਬਾਬਾ ਰਾਮਰਾਇ ਬਾਦਸ਼ਾਹ ਦੇ ਪ੍ਰਭਾਵ ਹੇਠ ਏਨਾ ਆ ਚੁਕਿਆ ਸੀ ਕਿ ਉਸ ਇਸ ਵਾਕ ਦੇ ਅਰਥ ਕਰਨ ਦੀ ਬਜਾਏ, ਵਾਕ ਹੀ ਬਦਲ ਦਿੱਤਾ। ਉਹ ਕਹਿਣ ਲੱਗਾ, "ਅਸੀਂ ਤਾਂ ਇਹ ਬਾਣੀ ਇਸ ਤਰ੍ਹਾਂ ਨਹੀਂ ਪੜ੍ਹਦੇ, ਅਸੀਂ ਤਾਂ ਪੜ੍ਹਦੇ ਹਾਂ,

*"ਮਿਟੀ ਬੇਈਮਾਨ ਕੀ"*

ਗੁਰੂ ਨਾਨਕ ਦੇਵ ਜੀ ਦੇ ਵਾਕ ਨੂੰ ਬਦਲਣ ਨਾਲ ਬਾਦਸ਼ਾਹ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ, ਪਰ ਗੁਰੂ ਹਰਿਰਾਇ ਸਾਹਿਬ ਨੂੰ ਇਹ ਸੁਣਕੇ ਬਹੁਤ ਦੁੱਖ ਹੋਇਆ। ਬਾਬਾ ਰਾਮਰਾਇ ਤਾਂ ਹੁਣ

ਔਰੰਗਜ਼ੇਬ ਦਾ ਹੋ ਕੇ ਰਹਿ ਗਿਆ ਸੀ ਤੇ ਉਸ ਨੂੰ ਖੁਸ਼ ਕਰਨ ਵਾਸਤੇ ਉਸਨੂੰ ਗੁਰਬਾਣੀ ਨੂੰ ਬਦਲਣ ਵਿਚ ਕੋਈ ਹੇਠੀ ਅਨੁਭਵ ਨਾ ਹੋਈ। ਉਹ ਔਰੰਗਜ਼ੇਬ ਨੂੰ ਕਈ ਵਚਿੱਤਰ ਅਤੇ ਅਸੰਭਵ ਕਰਾਮਾਤ੍ਹਾਂ ਵਿਖਾ ਚੁੱਕਾ ਸੀ। ਗੁਰਬਾਣੀ ਦੇ ਅਰਥ ਕਰਕੇ ਗੁਰੂ ਨਾਨਕ ਦੇਵ ਜੀ ਦੇ ,ਹੀ ਸਿਧਾਂਤ ਨੂੰ ਸਮਝਾਉਣ ਵਿਚ ਉਸ ਨੂੰ ਕੋਈ ਕਠਿਨਾਈ ਨਹੀਂ ਸੀ। ਜਿਹੜੀਆਂ ਕਰਾਮਾਤਾਂ ਉਸ ਵਿਖਾਈਆਂ ਸਨ ਉਸ ਵਿਚ



ਉਹ ਮੁਸਲਮਾਨ ਦੀ ਕਬਰ ਦੀ ਮਿੱਟੀ ਕੁਮਿਆਰ ਦੇ ਪੇੜੇ ਵਿਚ ਪਈ ਵਿਖਾ ਸਕਦਾ ਸੀ ਅਤੇ ਇਹ ਭੁਲੇਖਾ ਵੀ ਦੂਰ ਕਰ ਸਕਦਾ ਸੀ ਕਿ ਰੂਹਾਂ ਕਦੀ ਸਰੀਰ ਦੇ ਨਾਲ ਨਹੀਂ ਦੱਬੀਆਂ ਜਾਂਦੀਆਂ, ਜਿਹੜੀਆਂ ਬਾਅਦ ਵਿਚ ਕਿਆਮਤ ਵਾਲੇ ਦਿਨ ਫਿਰ ਉਠ ਖੜੀਆਂ ਹੋਣਗੀਆਂ। ਗੁਰੂ ਨਾਨਕ ਸਾਹਿਬ ਨੇ ਸਾਂਈ ਮਿੱਠੇ ਸ਼ਾਹ ਨਾਲ ਵਾਰਤਾਲਾਪ ਕਰਕੇ ਉਸਦੇ ਸਾਰੇ ਅਜਿਹੇ ਭੁਲੇਖੇ ਦੂਰ ਕਰ ਦਿੱਤੇ ਸਨ।

ਜਦ ਗੁਰੂ ਹਰਿਰਾਇ ਸਾਹਿਬ ਨੂੰ ਇਹ ਖ਼ਬਰ ਪੁੱਜੀ ਤਾਂ ਉਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, "ਗੁਰੂ ਨਾਨਕ ਦੇਵ ਜੀ ਦੇ ਵਾਕ ਅਟੱਲ ਹਨ, ਇਨ੍ਹਾਂ ਨੂੰ ਕੋਈ ਬਦਲ ਨਹੀਂ ਸਕਦਾ। ਰਾਮਰਾਇ ਨੇ ਇਹ ਬਹੁਤ ਮਾੜਾ ਕੰਮ ਕੀਤਾ ਹੈ। ਉਹ ਹੁਣ ਇਸ ਯੋਗ ਨਹੀਂ ਰਿਹਾ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਸਕੇ। ਉਹ ਸ਼ਾਹੀ ਠਾਠ ਬਾਠ ਅਧੀਨ ਏਨਾ ਡਿੱਗ ਚੁੱਕਾ ਹੈ ਕਿ ਉਸ ਦਾ ਮਨ ਦੁਰਬਲ ਹੋ ਗਿਆ ਹੈ। ਉਹ ਇਕ ਕਾਇਰ ਤੇ ਡਰਪੋਕ ਬਣ ਗਿਆ ਹੈ। ਉਸ ਨੂੰ ਸਾਡਾ ਹੁਣ ਇਹੋ ਆਦੇਸ਼ ਕਰ ਦੇਵੋ ਕਿ ਉਹ ਹੁਣ ਸਾਡੇ ਮੱਥੇ ਨਾ ਲੱਗੇ। ਜਿਧਰ ਉਸਦਾ ਮੂੰਹ ਹੋਵੇ ਉਧਰ ਹੀ ਚਲਿਆ ਜਾਵੇ। ਤੁਰਕਾਂ ਦੀ ਮਾਇਆ ਨੇ ਉਸਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਹੈ।"

ਗੁਰੂ ਹਰਿਰਾਇ ਸਾਹਿਬ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਕ ਕਾਇਰ ਅਤੇ ਖ਼ੁਸ਼ਾਮਦੀ ਬੰਦਾ ਸਿੱਖਾਂ ਦੀ ਅਗਵਾਈ ਨਹੀਂ ਕਰ ਸਕਦਾ। ਗੁਰੂ ਸਾਹਿਬ ਗੁਰਬਾਣੀ ਦਾ ਬਹੁਤ ਆਦਰ ਸਤਿਕਾਰ ਕਰਦੇ ਸਨ ਅਤੇ ਗੁਰਬਾਣੀ ਦੇ ਨਿਰਾਦਰ ਕਰਨ ਵਾਲੇ ਨੂੰ ਉਹ ਕਦੇ ਵੀ ਮੁਆਫ਼ ਨਹੀਂ ਸਨ ਕਰ ਸਕਦੇ। ਉਨ੍ਹਾਂ ਨੇ ਸਾਰੇ ਸਿੱਖਾਂ ਨੂੰ ਵੀ ਹੁਕਮਨਾਮੇ ਜਾਰੀ ਕਰ ਦਿੱਤੇ ਕਿ ਕੋਈ ਵੀ ਸਿੱਖ ਰਾਮਰਾਇ ਨੂੰ ਮੂੰਹ ਨਾ ਲਾਵੇ, ਜਿਹੜਾ ਵੀ ਸਿੱਖ ਉਸ ਨੂੰ ਨਿਵਾਜੇਗਾ ਉਹ ਸਾਡਾ ਸਿੱਖ ਨਹੀਂ ਰਹੇਗਾ।

ਜਦ ਗੁਰੂ ਹਰਿਰਾਇ ਸਾਹਿਬ ਨੇ ਬਾਬਾ ਰਾਮਰਾਇ ਨੂੰ ਘਰ ਬਾਰ ਤੋਂ ਛੇਕ ਦਿੱਤਾ ਤਾਂ ਗੁਰੂ ਹਰਿਰਾਇ ਜੀ ਨੇ ਪੱਕਾ ਮਨ ਬਣਾ ਲਿਆ ਕਿ ਗੁਰਗੱਦੀ ਹੁਣ ਹਰਿਕ੍ਰਿਸ਼ਨ ਨੂੰ ਹੀ ਦਿੱਤੀ ਜਾਵੇ। ਉਨ੍ਹਾਂ ਵਿਚ ਉਹ ਦਲੇਰੀ, ਨਿਡੱਰਤਾ ਅਤੇ ਗੁਰਬਾਣੀ ਪਿਆਰ ਵੇਖ ਰਹੇ ਸਨ।

ਬਾਬਾ ਰਾਮਰਾਇ ਦੀ ਮਹਾਨਤਾ ਨੂੰ ਘਟਾਉਣ ਵਾਸਤੇ ਅਤੇ ਸਿੱਖਾਂ ਨੂੰ ਨਵੀਂ ਸੇਧ ਦੇਣ ਵਾਸਤੇ ਗੁਰੂ ਜੀ ਨੇ ਕੀਰਤਪੁਰ ਵਿਚ ਆਪਣੇ ਸਭ ਮਸੰਦਾਂ ਅਤੇ ਗੁਰੂ ਘਰ ਦੇ ਸਾਰੇ ਪ੍ਰੇਮੀ ਸਿੱਖਾਂ ਦਾ ਇਕ ਵਿਸ਼ੇਸ਼ ਇਕੱਠ ਬੁਲਾਇਆ। ਇਸ ਇਕੱਠ ਵਿਚ ਉਨ੍ਹਾਂ ਸਾਰੇ ਮਸੰਦਾਂ ਅਤੇ ਸਿੱਖਾਂ ਪਾਸੋਂ ਇਹ ਪ੍ਰਣ ਲਿਆ ਕਿ ਕੋਈ ਵੀ ਗੁਰਸਿੱਖ ਬਾਬਾ ਰਾਮਰਾਇ ਜੀ ਨੂੰ ਮੂੰਹ ਨਾ ਲਾਵੇ, ਆਪਣੇ ਘਰ ਪਨਾਹ ਨਾ ਦੇਵੇ, ਅਤੇ ਨਾ ਹੀ ਕੋਈ ਕਾਰ-ਭੇਟ ਪੇਸ਼ ਕਰੇ। ਸਾਰੇ ਸਿੱਖਾਂ ਨੇ ਖੜੇ ਹੋ ਕੇ ਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕਰਨ ਦਾ ਵਚਨ ਦਿੱਤਾ ਅਤੇ ਕਿਸੇ ਸਿੱਖ ਨੇ ਵੀ ਵਿਰੋਧ ਨਾ ਕੀਤਾ। ਜਦ ਬਾਬਾ ਰਾਮਰਾਇ ਨੂੰ ਗੁਰੂ ਜੀ ਦੇ ਉਹਨਾਂ ਹੁਕਮਾਂ ਦਾ ਪਤਾ ਲਗਾ ਤਾਂ ਉਹ ਬਹੁਤ ਪਛਤਾਇਆ।

# ਗੁਰਿਆਈ

ਇਕ ਵਾਰ ਜਦ ਦੋਵੇਂ ਸਾਹਿਬਜ਼ਾਦੇ ਬਾਬਾ ਰਾਮਰਾਇ ਜੀ ਅਤੇ ਬਾਲਾ ਗੁਰੂ ਹਰਿ ਕ੍ਰਿਸ਼ਨ ਜੀ ਸਮਾਧੀਆਂ ਲਾਈ ਬੈਠੇ ਸਨ ਤਾਂ ਇਕ ਸਿੱਖ ਨੇ ਆ ਕੇ ਬੜੀ ਵਡਿਆਈ ਕੀਤੀ ਕਿ ਦੋਵੇਂ ਸਾਹਿਬਜ਼ਾਦਿਆਂ ਦੀ ਨਾਮ ਸਿਮਰਨ ਵਿਚ ਡੂੰਘੀ ਲਿਵ ਲੱਗੀ ਹੈ। ਉਹ ਨਾਮ ਦੇ ਰੰਗ ਵਿਚ ਇਸ ਤਰ੍ਹਾਂ ਮਸਤ ਹਨ ਕਿ ਉਨ੍ਹਾਂ ਨੂੰ ਬਾਹਰਲੀ ਲੁਕਾਈ ਦਾ ਕੋਈ ਖ਼ਿਆਲ ਨਹੀਂ।

ਗੁਰੂ ਜੀ ਨੇ ਉਸ ਸਿੱਖ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਇਹ ਲਵੋ ਸੂਈ, ਤੁਸੀਂ ਦੋਹਾਂ ਸਾਹਿਬਜ਼ਾਦਿਆਂ ਨੂੰ ਥੋੜ੍ਹੀ ਥੋੜ੍ਹੀ ਚੁਭੋਣੀ ਅਤੇ ਵੇਖਣਾ ਕਿ ਕਿਹੜਾ ਪਹਿਲੋਂ ਸੁਚੇਤ ਹੁੰਦਾ ਹੈ।" ਉਹ ਸਿੱਖ ਪਹਿਲਾਂ ਤਾਂ ਕੁਝ ਝਿਜਕਿਆ ਕਿ ਅਜਿਹਾ ਕਰਨ ਤੇ ਸਾਹਿਬਜ਼ਾਦੇ ਨਾਰਾਜ਼ ਹੋਣਗੇ ਅਤੇ ਉਨ੍ਹਾਂ ਦੇ ਮੁੱਖ ਵਿਚੋਂ ਕੁਝ ਅਸ਼ੁੱਭ ਬਚਨ ਵੀ ਨਿਕਲ ਸਕਦੇ ਹਨ, ਜਿਹੜੇ ਉਸ ਲਈ ਮਾੜੇ ਵੀ ਸਿੱਧ ਹੋ ਸਕਦੇ ਹਨ, ਪਰ ਗੁਰੂ ਜੀ ਵੱਲੋਂ ਜ਼ੋਰ ਪਾਉਣ ਉਤੇ ਉਹ ਦੋਹਾਂ ਸਾਹਿਬਜ਼ਾਦਿਆਂ ਪਾਸ ਪੁਜਿਆ। ਪਹਿਲਾਂ ਉਸ ਸੂਈ ਨੂੰ ਬਾਬਾ ਰਾਮਰਾਇ ਜੀ ਦੇ ਚੁਭੋਇਆ। ਬਾਬਾ ਰਾਮਰਾਇ ਜੀ ਤਾਂ ਸੂਈ ਦੇ ਛੂੰਹਦਿਆਂ ਹੀ ਤ੍ਰੱਬਕ ਕੇ ਉੱਠ ਬੈਠੇ ਅਤੇ ਸਿੱਖ ਵੱਲ ਬੜੀਆਂ ਕਹਿਰੀਆਂ ਨਜ਼ਰਾਂ ਨਾਲ ਵੇਖਣ ਲੱਗੇ। ਫਿਰ ਉਸ ਸਿੱਖ ਨੇ ਸੂਈ ਨੂੰ ਬਾਲਾ ਗੁਰੂ ਹਰਿਕ੍ਰਿਸ਼ਨ ਦੇ ਚੁਭੋਇਆ, ਪਰ ਬਾਲਾ ਗੁਰੂ ਦੀ ਅਵੱਸਥਾ ਵਿਚ ਕੋਈ ਫ਼ਰਕ ਨਾ ਪਿਆ। ਸਿੱਖ ਨੇ ਸਮਝਿਆ ਸ਼ਾਇਦ ਸੂਈ ਠੀਕ ਤਰ੍ਹਾਂ ਚੁਭੀ ਨਾ ਹੋਵੇ, ਉਸ ਦੁਬਾਰਾ ਸੂਈ ਨੂੰ ਚੁਭੋਇਆ, ਪਰ ਫਿਰ ਵੀ ਬਾਲਾ ਗੁਰੂ ਆਪਣੀ ਸਮਾਧੀ ਵਿਚ ਲਿਵਲੀਨ ਰਹੇ। ਉਨ੍ਹਾਂ ਦੇ ਸਰੀਰ ਦਾ ਕੋਈ ਅੰਗ ਨਾ ਹਿਲਿਆ। ਇਕ ਛੋਟੇ ਬਾਲ ਦੀ ਇਸ ਤਰ੍ਹਾਂ ਦੀ ਨਾਮ ਸਿਮਰਨ ਵਿਚ ਲੱਗੀ ਲਿਵ ਨੂੰ ਵੇਖ ਕੇ ਉਹ ਸਿੱਖ ਬਹੁਤ ਹੈਰਾਨ ਹੋਇਆ। ਗੁਰੂ ਹਰਿਰਾਇ ਸਾਹਿਬ ਜੀ ਇਹ ਸਭ ਕੁਝ ਵੇਖ ਰਹੇ ਸਨ। ਇਸ ਤੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬਾਬਾ ਰਾਮਰਾਇ ਕੇਵਲ ਅੱਖਾਂ ਮੀਟ ਕੇ ਬੈਠੇ ਸਨ ਅਤੇ ਬਾਹਰਲੇ ਵਾਤਾਵਰਣ ਤੋਂ ਉਹ ਬਿਲਕੁਲ ਸੁਚੇਤ ਸਨ।

ਇਕ ਵਾਰ ਫਿਰ ਅਜਿਹੀ ਇਕ ਪਰਖ ਹੋਈ। ਇਕ ਵਾਰ ਇਕ ਸਿੱਖ ਗੁਰੂ ਹਰਿਰਾਇ ਜੀ ਪਾਸ ਆਇਆ ਅਤੇ ਪੁਛਿਆ, "ਮਹਾਰਾਜ ! ਤੁਹਾਨੂੰ ਆਪਣੇ ਦੋਵਾਂ ਪੁੱਤਰਾਂ ਵਿਚੋਂ ਕਿਹੜਾ ਪੁੱਤਰ ਜ਼ਿਆਦਾ ਪਿਆਰਾ ਹੈ।"

ਗੁਰੂ ਜੀ ਨੇ ਉੱਤਰ ਦਿੱਤਾ, "ਮਾਤਾ ਪਿਤਾ ਨੂੰ ਸਭ ਬੱਚੇ ਇਕੋ ਜਿਹੇ ਪਿਆਰੇ ਹੁੰਦੇ ਹਨ। ਮੇਰੇ ਵਾਸਤੇ ਤਾਂ ਮੇਰੇ ਸਾਰੇ ਸਿੱਖ ਹੀ ਮੇਰੇ ਬੱਚੇ ਹਨ ਅਤੇ ਮੈਨੂੰ ਬਹੁਤ ਪਿਆਰੇ ਹਨ, ਪਰ ਜੇ ਤੁਸੀਂ ਇਹਨਾਂ ਪੁੱਤਰਾਂ ਬਾਰੇ ਹੀ ਪਤਾ ਕਰਨਾ ਹੈ ਤਾਂ ਉਹ ਮੈਂ ਨਹੀਂ ਕਹਿ ਸਕਦਾ। ਮੈਂ ਤੁਹਾਨੂੰ ਇਕ ਢੰਗ ਦੱਸ ਸਕਦਾ ਹਾਂ। ਮੈਂ ਤੁਹਾਨੂੰ ਇਹ ਸੂਈ ਦਿੰਦਾ ਹਾਂ। ਇਸ ਵੇਲੇ ਦੋਵੇਂ ਪੁੱਤਰ ਪੰਘੂੜਿਆਂ ਵਿਚ ਬੈਠੇ ਪਾਠ ਕਰ ਰਹੇ ਹਨ। ਤੁਸੀਂ ਦੋਹਾਂ ਸਾਹਿਬਜ਼ਾਦਿਆਂ ਦਾ ਪਹਿਲਾਂ ਪਾਠ ਸੁਣਨਾ, ਫਿਰ ਇਹ ਸੂਈ ਉਨ੍ਹਾਂ ਦੇ

ਪੰਘੂੜੇ ਦੇ ਪਾਵੇ ਵਿਚ ਖੋਭ ਦੇਣੀ ਜਿਸ ਦੇ ਪਾਵੇ ਵਿਚ ਇਹ ਸੂਈ ਖੁਭ ਜਾਵੇ ਉਹ ਸਮਝੋ ਮੈਨੂੰ ਜ਼ਿਆਦਾ ਪਿਆਰਾ ਹੈ।"

ਉਹ ਸਿੱਖ ਗੁਰੂ ਜੀ ਨੂੰ ਸਤਬਚਨ ਕਹਿ ਕੇ ਪਹਿਲਾਂ ਬਾਬਾ ਰਾਮਰਾਇ ਦੇ ਪੰਘੂੜੇ ਪਾਸ ਪੁੱਜਾ ਅਤੇ ਕੁਝ ਦੇਰ ਪਾਠ ਸੁਣਦਾ ਰਿਹਾ। ਬਾਬਾ ਰਾਮਰਾਇ ਜੀ ਪੋਥੀ ਪੰਘੂੜੇ ਉੱਤੇ ਰੱਖ ਕੇ ਪਾਠ ਕਰ ਰਹੇ ਸਨ। ਕੁਝ ਸਮਾਂ ਪਾਠ ਸੁਣਨ ਤੋਂ ਬਾਅਦ ਉਸ ਸਿੱਖ ਨੇ ਸੂਈ ਬਾਬਾ ਰਾਮਰਾਇ ਦੇ ਪੰਘੂੜੇ ਦੇ ਇਕ ਪਾਵੇ ਵਿਚ ਖੋਭੀ, ਪਰ ਲੱਕੜ ਦਾ ਪਾਵਾ ਏਨਾ ਸਖਤ ਸੀ ਕਿ ਸੂਈ ਇਕ ਤਿਣਕਾ ਭਰ ਵੀ ਨਾ ਖੁੱਭ ਸਕੀ। ਉਸ ਨੇ ਦੁਬਾਰਾ ਵੀ ਯਤਨ ਕੀਤਾ, ਪਰ ਸੁੱਕੀ ਲੱਕੜ ਵਿਚ ਸੂਈ ਕਿਵੇਂ ਖੁੱਭ ਸਕਦੀ ਸੀ ?

ਫਿਰ ਉਹ ਸਿੱਖ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਦੇ ਪੰਘੂੜੇ ਪਾਸ ਪੁੱਜਿਆ ਅਤੇ ਪਾਠ ਸੁਣਨ ਲੱਗਾ, ਪਾਠ ਏਨੀ ਮਿੱਠੀ ਸੁਰ ਵਿਚ ਪੜ੍ਹਿਆ ਜਾ ਰਿਹਾ ਸੀ ਕਿ ਸਿੱਖ ਕੀਲਿਆ ਹੀ ਗਿਆ ਅਤੇ ਕਾਫ਼ੀ ਸਮਾਂ ਪਾਠ ਹੀ ਸੁਣਦਾ ਰਿਹਾ। ਫਿਰ ਉਸਨੂੰ ਗੁਰੂ ਸਾਹਿਬ ਦਾ ਆਦੇਸ਼ ਯਾਦ ਆਇਆ ਤਾਂ ਉਸ ਸੂਈ ਨੂੰ ਬਾਲਾ ਗੁਰੂ ਦੇ ਪਾਵੇ ਵਿਚ ਖੁਭੋਇਆ। ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਪਾਵੇ ਦੀ ਲੱਕੜ ਬਿਲਕੁਲ ਹਰੀ ਲੱਕੜ ਵਾਂਗ ਹੋ ਗਈ ਸੀ ਅਤੇ ਸੂਈ ਉਸ ਵਿਚ ਇਸ ਤਰ੍ਹਾਂ ਖੁੱਭ ਗਈ ਜਿਵੇਂ ਮੋਮ ਹੋਵੇ। ਉਸ ਨੇ ਫਿਰ ਪਾਵੇ ਨੂੰ ਹੱਥ ਲਾ ਕੇ ਵੇਖਿਆ, ਉਸ ਨੂੰ ਇੰਝ ਲੱਗਾ ਜਿਵੇਂ ਪਾਵੇ ਦੀ ਲੱਕੜ ਕਿਸੇ ਨਵੇਂ ਉੱਗੇ ਪੌਦੇ ਦੀ ਹੁੰਦੀ ਹੈ। ਉਹ ਫਿਰ ਗੁਰੂ ਹਰਿਰਾਇ ਜੀ ਪਾਸ ਆਇਆ ਤੇ ਉਨ੍ਹਾਂ ਨੂੰ ਸਾਰੀ ਵਾਰਤਾ ਸੁਣਾਈ। ਗੁਰੂ ਜੀ ਉਸਦੀ ਗੱਲ ਸੁਣਕੇ ਬੜੇ ਖੁਸ਼ ਹੋਏ ਅਤੇ ਕਿਹਾ, "ਗੁਰੂ ਜੀ ਦੀ ਬਾਣੀ ਨੂੰ ਜਿਹੜਾ ਸੱਚੇ ਦਿਲੋਂ ਪੜ੍ਹਦਾ ਹੈ ਤਾਂ ਸੁੱਕੇ ਬੂਟੇ ਵੀ ਹਰੇ ਹੋ ਜਾਂਦੇ ਹਨ। ਬਾਲ ਹਰਿਕ੍ਰਿਸ਼ਨ ਇਸ ਬਾਣੀ ਨੂੰ ਪ੍ਰਭੂ ਨਾਲ ਇਕਮਿੱਕ ਹੋ ਕੇ ਪੜ੍ਹ ਰਿਹਾ ਹੈ। ਇਸ ਲਈ ਉਸਦੇ ਪੰਘੂੜੇ ਦੀ ਸੁੱਕੀ ਲੱਕੜ ਵੀ ਹਰੀ ਹੋ ਗਈ ਹੈ। ਪਰ ਸਾਹਿਬਜ਼ਾਦਾ ਰਾਮਰਾਇ ਇਕ ਨੇਮ ਪੂਰਾ ਕਰ ਰਿਹਾ ਹੈ, ਇਸ ਲਈ ਉਸ ਦੀ ਬਾਣੀ ਦਾ ਸੁੱਕੀ ਲੱਕੜ ਉਤੇ ਕੋਈ ਪ੍ਰਭਾਵ ਨਹੀਂ ਪਿਆ। ਹੁਣ ਮੈਂ ਸਮਝਦਾ ਹਾਂ ਕਿ ਤੁਹਾਨੂੰ ਸਾਡੇ ਸਵਾਲ ਦਾ ਜਵਾਬ ਮਿਲ ਹੀ ਗਿਆ ਹੋਵੇਗਾ।

ਇਨ੍ਹਾਂ ਦੋ ਪ੍ਰੀਖਿਆਵਾਂ ਤੋਂ ਬਾਅਦ ਜਦ ਰਾਮਰਾਇ ਨੇ ਦਿੱਲੀ ਵਿਚ ਜਾ ਕੇ ਔਰੰਗਜ਼ੇਬ ਨੂੰ ਖੁਸ਼ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਹੀ ਬਦਲ ਦਿੱਤਾ ਤਾਂ ਉਨ੍ਹਾਂ ਬਾਲਾ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦੇਣ ਦਾ ਨਿਸ਼ਚਾ ਕਰ ਲਿਆ।

ਉਨ੍ਹਾਂ ਦੂਰ ਨੇੜੇ ਸਭ ਥਾਂ ਆਪਣੇ ਹੁਕਮਨਾਮੇ ਭੇਜ ਦਿੱਤੇ ਕਿ ਸਿੱਖ ਸੰਗਤਾਂ ਸਾਰੇ ਕੰਮ ਕਾਜ ਛੱਡ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਕੀਰਤਪੁਰ ਪੁੱਜਣ। ਕੀਰਤਪੁਰ ਵਿਚ ਬੜਾ ਵੱਡਾ ਇਕੱਠ ਹੋਇਆ। ਸਭ ਸਿੱਖਾਂ ਨੂੰ ਪਤਾ ਲੱਗ ਗਿਆ ਕਿ ਗੁਰੂ ਹਰਿਰਾਇ ਜੀ ਸਾਹਿਬਜ਼ਾਦਾ ਸ੍ਰੀ ਹਰਿਕ੍ਰਿਸ਼ਨ ਨੂੰ ਗੁਰਗੱਦੀ ਸੌਂਪਣ ਲੱਗੇ ਹਨ। ਜਦ ਬਾਬਾ ਰਾਮਰਾਇ ਨੂੰ ਪਤਾ ਲੱਗਾ ਤਾਂ ਉਸ ਕਾਫੀ

ਹੱਥ ਪੈਰ ਮਾਰੇ। ਉਹ ਬਾਬਾ ਧੀਰ ਮੱਲ ਨੂੰ ਜਾ ਕੇ ਮਿਲਿਆ, ਪਰ ਗੁਰੂ ਹਰਿਰਾਇ ਜੀ ਉੱਤੇ ਇਸ ਦਾ ਕੋਈ ਪ੍ਰਭਾਵ ਨਾ ਪਿਆ।

ਇਕ ਵੱਡੇ ਇਕੱਠ ਵਿਚ ਜਦ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਪਿਆ ਤਾਂ ਆਪ ਸਿੰਘਾਸਨ ਤੋਂ ਉੱਠੇ ਅਤੇ ਬਾਲਾ ਸ੍ਰੀ ਹਰਿਕ੍ਰਿਸ਼ਨ ਨੂੰ ਆਪਣੇ ਤਖ਼ਤ ਉਤੇ ਬਿਠਾ ਦਿੱਤਾ। ਫਿਰ ਉਨ੍ਹਾਂ ਤਖ਼ਤ ਦੀਆਂ ਤਿੰਨ ਪ੍ਰਕਰਮਾਂ ਕੀਤੀਆਂ। ਫਿਰ ਉਨ੍ਹਾਂ ਸੰਗਤ ਨੂੰ ਕਿਹਾ, "ਅੱਜ ਸਾਡੇ ਥਾਂ ਸ੍ਰੀ ਹਰਿਕ੍ਰਿਸ਼ਨ ਜੀ ਗੁਰੂ ਹਨ। ਅੱਜ ਤੋਂ ਇਨ੍ਹਾਂ ਪਾਸ ਹੀ ਮੁਕਤੀ ਦੀ ਕੁੰਜੀ ਹੈ। ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਗੁਰਗੱਦੀ ਦੇਣ ਦੀ ਮਰਯਾਦਾ ਪੂਰੀ ਕੀਤੀ। ਫਿਰ ਗੁਰੂ ਹਰਿਰਾਇ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਚਰਨੀਂ ਆ ਲੱਗੀ।



# ਜਿਸੁ ਡਿਠੈ ਸਭਿ ਦੁਖਿ ਜਾਇ

ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਗੱਦੀ ਦੀ ਸੌਂਪਣਾ ਕਰਕੇ ਗੁਰੂ ਹਰਿਰਾਇ ਸਾਹਿਬ ਹਰ ਸਮੇਂ ਭਗਤੀ ਵਿਚ ਲੱਗੇ ਰਹਿੰਦੇ ਸਨ, ਜਾਂ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਸਨ। ਇਕ ਦਿਨ ਆਪ ਪਾਠ ਸੁਣ ਰਹੇ ਸਨ। ਪਾਠ ਸੁਣਦੇ ਸਮੇਂ ਆਪ ਜੀ ਨੇ ਫ਼ੁਰਮਾਇਆ ਕਿ ਉਨ੍ਹਾਂ ਦਾ ਸੱਚਖੰਡ ਜਾਣ ਦਾ ਵੇਲਾ ਆ ਗਿਆ ਹੈ। ਸਾਰੀਆਂ ਸੰਗਤਾਂ ਉਨ੍ਹਾਂ ਦੇ ਨੇੜੇ ਇਕੱਠੀਆਂ ਹੋ ਗਈਆਂ। ਆਪ ਜੀ ਨੇ ਫ਼ੁਰਮਾਇਆ– ਕਿ ਗੁਰੂ ਸਰੀਰ ਨਹੀਂ, ਗੁਰੂ ਜੋਤ ਹੈ, ਅਤੇ ਇਹ ਜੋਤ ਹੁਣ ਸ੍ਰੀ ਹਰਿਕ੍ਰਿਸ਼ਨ ਜੀ ਵਿਚ ਹੈ। ਫਿਰ ਆਪ ਬੈਠੇ ਬੈਠੇ ਹੀ ਪ੍ਰਭੂ ਵਿਚ ਵਿਲੀਨ ਹੋ ਗਏ ਅਤੇ ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤ ਦੇ ਨਾਲ ਜਾ ਮਿਲੀ।

ਓਸੇ ਸਮੇਂ ਕੀਰਤਨ ਆਰੰਭ ਹੋ ਗਏ। ਗੁਰੂ ਹਰਿਕ੍ਰਿਸ਼ਨ ਜੀ ਨੇ ਸਭ ਨੂੰ ਧੀਰਜ ਦਿੱਤਾ। ਇਕ ਚੰਦਨ ਦੀ ਚਿਖਾ ਤੇ ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਅਗਨੀ ਭੇਂਟ ਕਰ ਦਿੱਤਾ ਗਿਆ। ਚੌਥੇ ਦਿਨ ਜਦ ਫੁੱਲ ਚੁਗਣ ਵਾਸਤੇ ਗਏ ਤਾਂ ਉਥੇ ਫੁੱਲ ਹੀ ਨਹੀਂ ਸਨ। ਜਿਵੇਂ ਕਿ ਗੁਰੂ ਜੀ ਆਪ ਬਚਨ ਕਰ ਗਏ ਸਨ ਕਿ ਗੁਰੂ ਸਰੀਰ ਨਹੀਂ; ਗੁਰੂ ਤਾਂ ਕੇਵਲ ਇਕ ਜੋਤ ਹੈ।

ਗੁਰੂ ਹਰਿ ਕ੍ਰਿਸ਼ਨ ਜੀ ਸਾਰੇ ਪਰਿਵਾਰ ਅਤੇ ਸੰਗਤਾਂ ਨੂੰ ਧੀਰਜ ਦੇ ਰਹੇ ਸਨ। ਉਨ੍ਹਾਂ ਦੇ ਮਿੱਠੇ ਬਚਨ ਸੁਣ ਕੇ ਸੰਗਤਾਂ ਨਿਹਾਲ ਹੋ ਰਹੀਆਂ ਸਨ। ਏਨੀ ਛੋਟੀ ਉਮਰ ਵਿਚ ਸਿਆਣੀਆਂ ਅਤੇ ਬ੍ਰਹਮ ਗਿਆਨੀਆਂ ਵਾਲੀਆਂ ਗੱਲਾਂ ਸੁਣ ਕੇ ਸਭ ਧੰਨ ਗੁਰੂ ਹਰਿਕ੍ਰਿਸ਼ਨ ਜੀ, ਧੰਨ ਗੁਰੂ ਹਰਿਕ੍ਰਿਸ਼ਨ ਜੀ ਕਹਿ ਉਠੇ। ਹੁਣ ਕਿਸੇ ਨੂੰ ਸ਼ੱਕ ਨਹੀਂ ਸੀ ਰਿਹਾ ਕਿ ਛੋਟੀ ਉਮਰ ਵਿਚ ਗੁਰਗੱਦੀ ਦਾ ਭਾਰ ਚੁੱਕ ਸਕਣਗੇ ਕਿ ਨਹੀਂ।

ਉਨ੍ਹਾਂ ਦੀ ਅਜਿਹੀ ਉਪਮਾ ਸੁਣ ਕੇ ਦੇਸ਼ ਪ੍ਰਦੇਸ਼ ਤੋਂ ਸੰਗਤਾਂ ਹੁਮ ਹੁਮਾ ਕੇ ਆਉਣ ਲੱਗੀਆਂ। ਦੋਵੇਂ ਵੇਲੇ ਕੀਰਤਨ ਹੁੰਦਾ। ਕੀਰਤਨ ਤੋਂ ਬਾਅਦ ਗੁਰੂ ਜੀ ਬਚਨ ਕਰਦੇ। ਉਨ੍ਹਾਂ ਦੇ ਮੁਖਾਰਬਿੰਦ ਵਿਚੋਂ ਮਿੱਠੇ ਸ਼ਬਦ ਸੁਣ ਕੇ ਸੰਗਤਾਂ ਬਲਿਹਾਰੇ ਜਾਂਦੀਆਂ। ਸਭ ਸੰਗਤਾਂ ਨਿਹਾਲ ਹੋ ਰਹੀਆਂ ਸਨ। ਜਿਸ ਤਰ੍ਹਾਂ ਦੀ ਵੀ ਕੋਈ ਦਾਤ ਮੰਗਦਾ, ਉਸਦੀ ਮੁਰਾਦ ਪੂਰੀ ਕਰਦੇ। ਉਹ ਰੋਜ਼ ਦਵਾਖਾਨੇ ਵਿਚ ਜਾਂਦੇ ਅਤੇ ਆਪਣੇ ਹੱਥੀਂ ਦਵਾ ਦਿੰਦੇ। ਇਕ ਵਾਰ ਦੀ ਗੱਲ ਹੈ ਕਿ ਆਪ ਪਾਲਕੀ ਵਿਚ ਬੈਠੇ ਦਵਾਖਾਨੇ ਜਾ ਰਹੇ ਸਨ ਕਿ ਇਕ ਕੋਹੜਾ ਬ੍ਰਾਹਮਣ ਆਪ ਦੀ ਪਾਲਕੀ ਅੱਗੇ ਲੇਟ ਗਿਆ ਤੇ ਉੱਚੀ ਉੱਚੀ ਚੀਕਣ ਲੱਗਾ, "ਮੈਂ ਬਹੁਤ ਦੁਖੀ ਹਾਂ, ਕ੍ਰਿਪਾ ਕਰਕੇ ਮੇਰਾ ਰੋਗ ਦੂਰ ਕਰੋ।" ਗੁਰੂ ਜੀ ਨੇ ਉਸੇ ਵੇਲੇ ਪਾਲਕੀ ਧਰਤੀ ਤੇ ਰੱਖਣ ਲਈ ਕਿਹਾ। ਬ੍ਰਾਹਮਣ ਕੋਹੜੀ ਨੂੰ ਵੇਖ ਕੇ ਉਨ੍ਹਾਂ ਨੇ ਉਸ ਨੂੰ ਆਪਣਾ ਇਕ ਰੁਮਾਲ ਦਿੱਤਾ ਅਤੇ ਕੋਹੜੀ ਨੂੰ ਕਿਹਾ ਕਿ ਇਸ ਨੂੰ ਆਪਣੇ ਮੂੰਹ ਉਤੇ ਫੇਰੋ। ਜਦ ਕੋਹੜੀ ਨੇ ਰੁਮਾਲ ਆਪਣੇ ਮੂੰਹ ਉਤੇ ਫੇਰਿਆ ਤਾਂ ਉਹ ਕਾਫੀ ਹੱਦ ਤੱਕ ਠੀਕ ਹੋ ਗਿਆ ਅਤੇ ਉਸਦੀ ਪੀੜ ਵੀ ਜਾਂਦੀ ਰਹੀ। ਗੁਰੂ ਜੀ ਦਾ ਇਹ ਚਮਤਕਾਰ ਵੇਖ ਕਈ ਪ੍ਰਕਾਰ ਦੇ ਬੀਮਾਰ ਆਪਣਾ ਦੁੱਖ ਲੈ ਕੇ

ਆਉਣ ਲੱਗੇ। ਗੁਰੂ ਜੀ ਸਭ ਉੱਤੇ ਮਿਹਰ ਕਰਦੇ ਅਤੇ ਸਭ ਰੋਗੀ ਅਰੋਗ ਹੋ ਕੇ ਘਰ ਜਾਂਦੇ।

ਇਸ ਤਰ੍ਹਾਂ ਗੁਰੂ ਜੀ ਦੀ ਮਹਿਮਾਂ ਸੁਣ ਕੇ ਕੀਰਤਪੁਰ ਰੌਣਕਾਂ ਹੋਰ ਵੀ ਵਧ ਗਈਆਂ। ਜਦ ਬਾਬਾ ਰਾਮਰਾਇ ਨੂੰ ਇਹ ਪਤਾ ਲੱਗਾ ਕਿ ਗੁਰੂ ਪ੍ਰੇਮੀਆਂ ਦੀ ਗਿਣਤੀ ਅੱਗੇ ਨਾਲੋਂ ਵੀ ਵਧ ਗਈ ਹੈ ਤਾਂ ਉਹ ਬਹੁਤ ਘਬਰਾਇਆ। ਉਸ ਆਪਣੇ ਕੁਝ ਮਸੰਦਾਂ ਨੂੰ ਲਾਲਚ ਦੇ ਕੇ ਦੂਰ ਦੂਰ ਦੇ ਇਲਾਕਿਆਂ ਵਿਚ ਭੇਜਿਆ। ਉਹ ਮਸੰਦ ਪ੍ਰਚਾਰ ਕਰਨ ਲੱਗੇ ਕਿ ਸਭ ਸ਼ਕਤੀਆਂ ਦੇ ਮਾਲਕ ਤਾਂ ਰਾਮਰਾਇ ਹਨ, ਇਸ ਲਈ ਸਭ ਨੂੰ ਰਾਮਰਾਇ ਪਾਸ ਹੀ ਜਾਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਲਾਲਚ ਵੀ ਦਿੱਤਾ ਅਤੇ ਕਈ ਪ੍ਰਕਾਰ ਦੇ ਤੋਹਫ਼ੇ ਵੀ ਭੇਂਟ ਕੀਤੇ। ਪਰ ਮਸੰਦਾਂ ਨੂੰ ਕਿਸੇ ਮੂੰਹ ਨਾ ਲਾਇਆ। ਜੇ ਭੁਲੇਖਾ ਪਾ ਕੇ ਉਨ੍ਹਾਂ ਕੁਝ ਕਾਰ ਭੇਟਾ ਇਕੱਠੀ ਕਰ ਵੀ ਲਈ, ਪਰ ਜਦ ਸਿੱਖਾਂ ਨੂੰ ਪਤਾ ਲੱਗਾ ਕਿ ਇਹ ਮਸੰਦ ਬਾਬਾ ਰਾਮ ਰਾਇ ਦੇ ਹਨ ਤਾਂ ਉਨ੍ਹਾਂ ਕਾਰ ਭੇਟਾ ਵੀ ਖੋਹ ਲਈ ਅਤੇ ਮਸੰਦਾਂ ਨੂੰ ਫਿਟਕਾਰਿਆ ਵੀ।



# ਦਰਬਾਰ ਦੀਆਂ ਰੌਣਕਾਂ

ਕੀਰਤਨ ਦਾ ਭੋਗ ਪੈਣ ਪਿਛੋਂ ਗੁਰੂ ਜੀ ਦਰਬਾਰ ਲਾਉਂਦੇ। ਆਪ ਜੀ ਜਿਸ ਤਖ਼ਤ ਉੱਤੇ ਬੈਠਦੇ ਸਨ ਉਹ ਬੜਾ ਸੁੰਦਰ ਅਤੇ ਵੇਖਣ ਯੋਗ ਸੀ। ਦੂਰ ਦੂਰ ਤੋਂ ਆਈਆਂ ਸੰਗਤਾਂ ਦਰਬਾਰ ਵਿਚ ਆ ਜੁੜਦੀਆਂ। ਗੁਰੂ ਜੀ ਸਭ ਦੀਆਂ ਬੇਨਤੀਆਂ ਨੂੰ ਸੁਣਦੇ ਅਤੇ ਬਖਸ਼ਿਸ਼ਾਂ ਕਰਦੇ। ਕੋਈ ਵੀ ਖ਼ਾਲੀ ਨਾ ਜਾਂਦਾ। ਸ਼ਰਧਾਲੂ ਕਈ ਪ੍ਰਕਾਰ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੁੰਦੇ ਸਨ। ਗੁਰੂ ਜੀ ਨੇ ਇਹ ਹੁਕਮ ਦੇ ਰੱਖਿਆ ਸੀ ਕਿ ਸੁੱਕੀ ਰਸਦ ਨੂੰ ਲੰਗਰ ਵਿਚ ਪਾਇਆ ਜਾਵੇ ਅਤੇ ਬਸਤਰ ਆਦਿ ਗ਼ਰੀਬਾਂ ਵਿਚ ਵੰਡ ਦਿੱਤੇ ਜਾਣ। ਕਿਸੇ ਨੂੰ ਵੀ ਕੋਈ ਵਸਤੂ ਆਪਣੇ ਵਾਸਤੇ ਜਾਂ ਅਗਲੇ ਦਿਨ ਵਾਸਤੇ ਰੱਖਣ ਦੀ ਆਗਿਆ ਨਹੀਂ ਸੀ। ਆਪ ਜੀ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਜਦ ਵੀ ਆਪ ਮੁਸਕਰਾਉਂਦੇ ਸਨ ਤਾਂ ਚਾਰੇ ਪਾਸੇ ਸ਼ਾਂਤੀ-ਰਸ ਦਾ ਪਸਾਰਾ ਖਿਲਰ ਜਾਂਦਾ ਸੀ। ਆਪ ਜੀ ਦੇ ਦਰਬਾਰ ਦੀ ਇਹ ਵੀ ਮਹਿਮਾਂ ਸੀ ਕਿ ਦਰਬਾਰ ਦੇ ਬਾਹਰ ਹਰ ਸਮੇਂ ਨਗਾਰੇ ਦੀ ਆਵਾਜ਼ ਗੂੰਜਦੀ ਰਹਿੰਦੀ ਸੀ।

ਗੁਰੂ ਜੀ ਦੀ ਮਹਿਮਾਂ ਨੂੰ ਸੁਣ ਕੇ ਮੁਸਲਮਾਨ ਪੀਰ ਫ਼ਕੀਰ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਰਹਿੰਦੇ ਸਨ। ਇਕ ਰੌਸ਼ਨ ਜ਼ਮੀਰ ਨਾਂ ਦਾ ਮੁਸਲਮਾਨ ਫ਼ਕੀਰ ਆਪ ਦਾ ਬੜਾ ਸ਼ਰਧਾਲੂ ਸੀ ਅਤੇ ਨਿੱਤ ਦਰਸ਼ਨਾਂ ਨੂੰ ਆਇਆ ਕਰਦਾ ਸੀ। ਰੋਪੜ ਦੇ ਤਿੰਨ ਪ੍ਰਸਿੱਧ ਫ਼ਕੀਰ ਨੂਰਦੀਨ, ਮੁਹੰਮਦ ਬਖਸ਼ ਅਤੇ ਮਾਲਾ ਸ਼ੇਖ਼ ਜਦ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਗੁਰੂ ਜੀ ਦੇ ਹੀ ਹੋ ਕੇ ਰਹਿ ਗਏ। ਸਦਾ ਲਈ ਕੀਰਤਪੁਰ ਹੀ ਟਿਕ ਗਏ।

ਇਕ ਵਾਰ ਪਿਸ਼ਾਵਰ ਦੇ ਉੱਤਰ ਪੱਛਮੀ ਇਲਾਕੇ ਦੀ ਸੰਗਤ ਇਕ ਜੱਥੇ ਦੇ ਰੂਪ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ। ਇਸ ਸੰਗਤ ਦੇ ਨਾਲ ਇਕ ਪੇਸ਼ਾਵਰ ਚੋਰ ਜਸਵੰਤ ਰਾਇ ਵੀ ਆਇਆ। ਉਸ ਨੂੰ ਸੰਗਤਾਂ ਵੱਲੋਂ ਪਤਾ ਲੱਗਾ ਸੀ ਕਿ ਗੁਰੂ ਜੀ ਪਾਸ ਕਿਸੇ ਚੀਜ਼ ਦੀ ਤੋਟ ਨਹੀਂ। ਹਰ ਵੇਲੇ ਖਜ਼ਾਨੇ ਭਰੇ ਰਹਿੰਦੇ ਹਨ। ਉਸ ਨੇ ਸੋਚਿਆ ਕਿ ਉਥੇ ਚੋਰੀ ਕਰਨ ਵਾਸਤੇ ਬਹੁਤ ਮਾਲ ਪ੍ਰਾਪਤ ਹੋਵੇਗਾ। ਸੰਗਤਾਂ ਗੁਰੂ ਦਰਬਾਰ ਪੁੱਜ ਕੇ ਗੁਰੂ ਜੀ ਅੱਗੇ ਭੇਟ ਰੱਖ ਕੇ ਮੱਥਾ ਟੇਕਦੀਆਂ ਗਈਆਂ। ਗੁਰੂ ਜੀ ਸਭ ਨੂੰ ਅਸ਼ੀਰਵਾਦ ਦਿੰਦੇ ਗਏ। ਜਦ ਜਸਵੰਤ ਰਾਇ ਚੋਰ ਮੱਥਾ ਟੇਕਣ ਆਇਆ ਤਾਂ ਗੁਰੂ ਜੀ ਨੇ ਉਸ ਵੱਲ ਬੜੇ ਗਹੁ ਨਾਲ ਵੇਖ ਕੇ ਫ਼ੁਰਮਾਇਆ-

*"ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥"*

ਜਦ ਚੋਰ ਜਸਵੰਤ ਰਾਇ ਨੇ ਅਸ਼ੀਰਵਾਦ ਦੀ ਥਾਂ ਗੁਰੂ ਜੀ ਦੇ ਇਹ ਬਚਨ ਸੁਣੇ ਤਾਂ ਉਹ ਉੱਚੀ ਉੱਚੀ ਰੋਣ ਲੱਗ ਪਿਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਰੋਣ ਦੀ ਲੋੜ ਨਹੀਂ, ਚੋਰੀ ਦੀ ਆਦਤ ਨੂੰ ਛੱਡ ਦੇਹ। ਚੋਰ ਦੀ ਸਮਾਜ ਵਿਚ ਕੋਈ ਕਦਰ ਨਹੀਂ ਹੁੰਦੀ। ਉਸਨੂੰ ਕੋਈ ਵੀ ਚੰਗਾ ਨਹੀਂ

ਸਮਝਦਾ। ਜਸਵੰਤ ਰਾਇ ਨੇ ਗੁਰੂ ਜੀ ਸਾਹਮਣੇ ਹੱਥ ਜੋੜ ਕੇ ਪ੍ਰਣ ਕੀਤਾ ਕਿ ਉਹ ਫਿਰ ਕਦੀ ਚੋਰੀ ਨਹੀਂ ਕਰੇਗਾ ਅਤੇ ਆਪਣੇ ਹੱਥੀਂ ਕਾਰ ਕਰਕੇ ਖਾਏਗਾ।

ਉਨ੍ਹਾਂ ਦਿਨਾਂ ਵਿਚ ਹੀ ਇਕ ਗੇਂਦਾ ਮੱਲ ਨਾਂ ਦਾ ਜੁਆਰੀਆ ਸੰਗਤਾਂ ਦੇ ਨਾਲ ਕੀਰਤਪੁਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਨੂੰ ਜੂਆ ਖੇਡਣ ਅਤੇ ਸ਼ਰਾਬ ਪੀਣ ਦੀ ਆਦਤ ਸੀ। ਉਸ ਨੇ ਕਈ ਵਾਰ ਯਤਨ ਕੀਤਾ ਕਿ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕੇ ਪਰ ਉਹ ਇਸ ਤੋਂ ਛੁਟਕਾਰਾ ਨਹੀਂ ਸੀ ਪਾ ਸਕਿਆ। ਉਸ ਨੂੰ ਪਤਾ ਲੱਗਾ ਸੀ ਕਿ ਗੁਰੂ ਜੀ ਹਰ ਵਿਅਕਤੀ ਦੀ ਮਨੋਕਾਮਨਾਂ ਪੂਰੀ ਕਰਦੇ ਹਨ। ਉਸ ਨੇ ਵੀ ਗੁਰੂ ਜੀ ਦੇ ਚਰਨਾਂ ਉੱਤੇ ਮੱਥਾ ਟੇਕਿਆ ਅਤੇ ਸਿਰ ਉੱਤੇ ਮਿਹਰ ਦਾ ਹੱਥ ਰੱਖਣ ਦੀ ਬੇਨਤੀ ਕੀਤੀ। ਗੁਰੂ ਜੀ ਉਸ ਦੇ ਦਿਲ ਦੀ ਗੱਲ ਨੂੰ ਜਾਣ ਗਏ ਸਨ। ਗੁਰੂ ਜੀ ਨੇ ਉਸ ਨੂੰ ਆਪਣੀ ਮਿਹਰ ਭਰੀ ਨਜ਼ਰ ਨਾਲ ਵੇਖਦੇ ਹੋਏ ਕਿਹਾ, "ਸਿਰ ਨਿਵਾਉਣ ਨਾਲ ਕੀ ਹੁੰਦਾ ਹੈ ਜੇ ਤੇਰੇ ਦਿਲ ਵਿਚ ਮੈਲ ਭਰੀ ਪਈ ਹੈ। ਜੂਆ ਅਤੇ ਸ਼ਰਾਬ ਜੇਹੀਆਂ ਭੈੜੀਆਂ ਇਲਤਾਂ ਨੂੰ ਛੱਡ ਦੇਵੋ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ, ਫਿਰ ਉਹ ਪ੍ਰਭੂ ਤੁਹਾਡੇ ਤੇ ਹਰ ਪ੍ਰਕਾਰ ਦੀ ਮਿਹਰ ਕਰੇਗਾ।"



# ਸ਼ਾਹੀ ਸੱਦਾ

ਔਰੰਗਜ਼ੇਬ ਸੰਮਤ 1662 ਬਿਕਰਮੀ ਵਿਚ ਬਹੁਤ ਬਿਮਾਰ ਹੋ ਗਿਆ ਸੀ। ਜਦ ਰਾਜ਼ੀ ਹੋਇਆ ਤਾਂ ਉਸਦੇ ਅਹਿਲਕਾਰਾਂ ਨੇ ਸਲਾਹ ਦਿੱਤੀ ਕਿ ਉਹ ਆਰਾਮ ਵਾਸਤੇ ਕਸ਼ਮੀਰ ਚਲਾ ਜਾਵੇ। ਉਨ੍ਹਾਂ ਦੀ ਸਲਾਹ ਮੰਨ ਕੇ ਔਰੰਗਜ਼ੇਬ ਲਾਹੌਰ ਹੁੰਦਾ ਹੋਇਆ ਕਸ਼ਮੀਰ ਚਲਾ ਗਿਆ। ਡੇਢ ਸਾਲ ਤੱਕ ਦਿੱਲੀ ਤੋਂ ਬਾਹਰ ਰਹਿਣ ਤੋਂ ਬਾਅਦ ਉਹ ਵਾਪਸ ਦਿੱਲੀ ਆ ਗਿਆ।

ਜਦ ਬਾਬਾ ਰਾਮਰਾਇ ਨੂੰ ਇਹ ਪਤਾ ਲੱਗਾ ਕਿ ਔਰੰਗਜ਼ੇਬ ਦਿੱਲੀ ਆ ਗਿਆ ਹੈ ਤਾਂ ਉਹ ਵੀ ਮਸੰਦਾਂ ਦੇ ਚੁੱਕੇ ਚੁਕਾਏ ਦਿੱਲੀ ਪਹੁੰਚ ਗਏ। ਉਨ੍ਹਾਂ ਨੇ ਔਰੰਗਜ਼ੇਬ ਨੂੰ ਮਿਲ ਕੇ ਬਹੁਤ ਸ਼ਿਕਾਇਤਾਂ ਲਾਈਆਂ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਮੁਸਲਮਾਨ ਧਰਮ ਨੂੰ ਵੀ ਗੁਰੂ ਹਰਿਕ੍ਰਿਸ਼ਨ ਜੀ ਤੋਂ ਖ਼ਤਰਾ ਹੈ, ਕਿਉਂਕਿ ਕਈ ਮੁਸਲਮਾਨ ਪੀਰ ਫ਼ਕੀਰ ਵੀ ਉਸ ਦੀ ਸ਼ਰਨ ਵਿਚ ਆ ਗਏ ਹਨ।

ਇਹ ਗੱਲਾਂ ਸੁਣਕੇ ਔਰੰਗਜ਼ੇਬ ਭੜਕ ਉਠਿਆ ਅਤੇ ਉਸੇ ਵੇਲੇ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਫੜਨ ਵਾਸਤੇ ਫ਼ੌਜ ਭੇਜੀ ਜਾਵੇ। ਪਰ ਉਥੇ ਹਾਜ਼ਰ ਰਾਜਾ ਜੈ ਸਿੰਘ ਨੇ ਇਹ ਸਲਾਹ ਦਿੱਤੀ ਕਿ ਚਿੱਠੀ ਭੇਜ ਕੇ ਮੰਗਵਾ ਲਿਆ ਜਾਵੇ। ਆਖਰ ਇਹ ਫ਼ੈਸਲਾ ਹੋਇਆ ਕਿ ਦੀਵਾਨ ਪਰਸ ਰਾਮ ਨੂੰ ਇਸ ਕਾਰਜ ਵਾਸਤੇ ਕੀਰਤਪੁਰ ਭੇਜਿਆ ਜਾਵੇ।

ਜਦ ਪਰਸ ਰਾਮ ਕੀਰਤਪੁਰ ਜਾਣ ਲੱਗਾ ਤਾਂ ਰਾਜਾ ਜੈ ਸਿੰਘ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਗੁਰੂ ਜੀ ਨੂੰ ਬੜੇ ਸਤਿਕਾਰ ਨਾਲ ਮਿਲਣ। ਦੋ ਦਿਨ ਬਾਅਦ ਪਰਸ ਰਾਮ ਕੀਰਤਪੁਰ ਪਹੁੰਚ ਗਿਆ। ਉਹ ਗੁਰੂ ਜੀ ਨੂੰ ਮਿਲਿਆ ਤੇ ਉਸ ਉਨ੍ਹਾਂ ਨੂੰ ਪਹਿਲਾਂ ਰਾਜਾ ਜੈ ਸਿੰਘ ਦਾ ਜ਼ਬਾਨੀ ਸੁਨੇਹਾ ਅਤੇ ਉਨ੍ਹਾਂ ਵੱਲੋਂ ਭੇਜੀ ਚਿੱਠੀ ਦਿੱਤੀ। ਫਿਰ ਉਨ੍ਹਾਂ ਨੇ ਔਰੰਗਜ਼ੇਬ ਵਾਲੀ ਚਿੱਠੀ ਫੜਾਈ।

ਅਗਲੇ ਦਿਨ ਦਰਬਾਰ ਵਿਚ ਦੋਹਾਂ ਚਿੱਠੀਆਂ ਨੂੰ ਪੜ੍ਹਿਆ ਗਿਆ। ਫਿਰ ਬਾਅਦ ਵਿਚ ਗੁਰੂ ਜੀ ਨੇ ਆਪਣੇ ਇਤਬਾਰੀ ਸਿੱਖਾਂ ਨੂੰ ਬੁਲਾਇਆ ਜਿਨ੍ਹਾਂ ਵਿਚ ਬਾਬਾ ਗੁਰਦਿੱਤਾ ਜੀ, ਭਾਈ ਦਰਗਾਹ ਮੱਲ ਅਤੇ ਭਾਈ ਮਨੀ ਸਿੰਘ ਆਦਿ ਸ਼ਾਮਲ ਸਨ। ਸਾਰੇ ਸਿੱਖਾਂ ਨੇ ਇਹ ਸਲਾਹ ਦਿੱਤੀ ਕਿ ਦਿੱਲੀ ਜਾਣਾ ਚਾਹੀਦਾ ਹੈ ਕਿਉਂਕਿ ਜੇ ਨਾ ਗਏ ਤਾਂ ਉਸਦਾ ਕੋਈ ਗ਼ਲਤ ਮਤਲਬ ਕੱਢਿਆ ਜਾ ਸਕਦਾ ਹੈ।

ਗੁਰੂ ਜੀ ਨੇ ਕਿਹਾ, "ਉਹ ਜਾਣ ਨੂੰ ਤਿਆਰ ਹਨ, ਪਰ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ। ਉਹ ਕਿਸੇ ਪਾਸੋਂ ਡਰਦੇ ਨਹੀਂ ਅਤੇ ਨਾ ਹੀ ਕਿਸੇ ਬਾਦਸ਼ਾਹ ਦੀ ਖ਼ੁਸ਼ਾਮਦ ਕਰਨਾ ਚਾਹੁੰਦੇ ਹਨ।"

ਗੁਰੂ ਜੀ ਇਕ ਘੋੜੇ ਉੱਤੇ ਚੜ੍ਹ ਗਏ ਅਤੇ ਮਾਤਾ ਕ੍ਰਿਸ਼ਨ ਕੌਰ ਇਕ ਰੱਥ ਵਿਚ ਸਵਾਰ ਹੋ ਗਏ। ਉਨ੍ਹਾਂ ਦੇ ਪਿੱਛੇ ਕੀਰਤਨੀ ਜੱਥੇ ਕੀਰਤਨ ਕਰਦੇ ਹੋਏ ਚਲ ਪਏ।

ਦੋ ਦਿਨ ਰੋਪੜ ਠਹਿਰ ਕੇ ਫਿਰ ਕੁਰਾਲੀ, ਖਰੜ, ਬਨੂੜ ਆਦਿ ਥਾਵਾਂ ਉਤੇ ਪੜਾਅ ਕਰਦੇ ਹੋਏ

ਆਪ ਜੀ ਸਭ ਸੰਗਤਾਂ ਸਮੇਤ ਪੰਜੋਖਰਾ ਸਾਹਿਬ ਪੁੱਜੇ। ਉਥੇ ਜਾ ਕੇ ਪਤਾ ਲੱਗਾ ਕਿ ਕਸ਼ਮੀਰ ਦੀ ਸੰਗਤ ਪਹਿਲਾਂ ਕੀਰਤਪੁਰ ਪੁੱਜੀ ਸੀ, ਪਰ ਉਥੋਂ ਗੁਰੂ ਜੀ ਦੀ ਦਿੱਲੀ ਰਵਾਨਗੀ ਦੀ ਖ਼ਬਰ ਸੁਣ ਕੇ ਸਾਰੇ ਸਿੱਧੇ ਪੰਜੋਖਰਾ ਸਾਹਿਬ ਪੁੱਜ ਰਹੇ ਹਨ। ਇਸ ਲਈ ਗੁਰੂ ਜੀ ਨੂੰ ਕੁਝ ਦਿਨ ਪੰਜੋਖਰਾ ਸਾਹਿਬ ਰੁਕਣਾ ਠੀਕ ਹੋਵੇਗਾ ਤਾਂਕਿ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇ।

ਗੁਰੂ ਜੀ ਸੰਗਤ ਦੀ ਕਿਸੇ ਵੀ ਗੱਲ ਨੂੰ ਮੋੜਦੇ ਨਹੀਂ ਸਨ। ਉਨ੍ਹਾਂ ਪੰਜੋਖੜਾ ਸਾਹਿਬ ਵਿਖੇ ਹੀ ਠਹਿਰਨ ਦਾ ਫ਼ੈਸਲਾ ਕਰ ਲਿਆ। ਇਥੇ ਹੀ ਤੰਬੂ ਲਾ ਦਿੱਤੇ ਗਏ ਅਤੇ ਕੀਰਤਨੀਏ ਦੋਵੇਂ ਵੇਲੇ ਕੀਰਤਨ ਕਰਨ ਲੱਗੇ। ਅਗਲੇ ਦਿਨ ਕਸ਼ਮੀਰ ਦੀ ਸੰਗਤ ਪੁੱਜ ਗਈ। ਗੁਰੂ ਜੀ ਸਾਰੀ ਸੰਗਤ ਨੂੰ ਬੜੇ ਪ੍ਰੇਮ ਨਾਲ ਮਿਲੇ ਅਤੇ ਉਨ੍ਹਾਂ ਦੇ ਦੁੱਖ ਸੁੱਖ ਵੀ ਪੁੱਛੇ।



# ਛੱਜੂ ਝੀਵਰ ਅਤੇ ਗੀਤਾ

ਇਕ ਦਿਨ ਪੰਜੋਖਰਾ ਸਾਹਿਬ ਵਿਖੇ ਜਦ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦਰਬਾਰ ਲੱਗਾ ਹੋਇਆ ਸੀ ਤਾਂ ਇਕ ਬ੍ਰਾਹਮਣ, ਲਾਲ ਚੰਦ ਉਥੇ ਆਇਆ। ਦਰਬਾਰ ਦੀ ਸ਼ਾਨ ਅਤੇ ਸੰਗਤਾਂ ਦੇ ਇਕੱਠ ਨੂੰ ਵੇਖ ਕੇ ਉਹ ਕਹਿਣ ਲੱਗਾ ਕਿ ਇਥੇ ਕਿਸ ਬਾਦਸ਼ਾਹ ਨੇ ਉਤਾਰਾ ਕੀਤਾ ਹੈ ? ਇਕ ਸਿੱਖ ਉਸ ਦੀ ਗੱਲ ਸੁਣ ਕੇ ਕਹਿਣ ਲੱਗਾ, "ਮਿਸ਼ਰ ਜੀ ਇਥੇ ਸੱਚੇ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦੀਵਾਨ ਲੱਗਾ ਹੋਇਆ ਹੈ।"

ਜਦ ਬ੍ਰਾਹਮਣ ਨੇ ਗੁਰੂ ਸਾਹਿਬ ਦਾ ਨਾਂ ਸੁਣਿਆ ਤਾਂ ਬੜੇ ਅਹੰਕਾਰ ਨਾਲ ਕਹਿਣ ਲੱਗਾ, "ਨਾਂ ਤਾਂ ਰੱਖ ਲੈਣਾ ਬਹੁਤ ਸੌਖਾ ਹੈ, ਪਰ ਕ੍ਰਿਸ਼ਨ ਵਰਗਾ ਕੌਣ ਬਣ ਸਕਦਾ ਹੈ। ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ, ਪਰ ਅਜਿਹੇ ਕ੍ਰਿਸ਼ਨ ਤਾਂ ਗੀਤਾ ਦੇ ਅਰਥ ਵੀ ਨਹੀਂ ਕਰ ਸਕਦੇ। ਜੇ ਇਹ ਸੱਚਾ ਪਾਤਸ਼ਾਹ ਕ੍ਰਿਸ਼ਨ ਬਣਿਆ ਫਿਰਦਾ ਹੈ ਤਾਂ ਗੀਤਾ ਦੇ ਅਰਥ ਹੀ ਸਮਝਾ ਕੇ ਵਿਖਾ ਦੇਵੇ।" ਬ੍ਰਾਹਮਣ ਦੀਆਂ ਇਹ ਗੱਲਾਂ ਸੁਣ ਕੇ ਉਸ ਸਿੱਖ ਨੂੰ ਬਹੁਤ ਗੁੱਸਾ ਆਇਆ, ਪਰ ਸੱਚੇ ਪਾਤਸ਼ਾਹ ਪਾਸੋਂ ਉਸ ਇਹੋ ਸਿੱਖਿਆ ਲਈ ਸੀ ਕਿ ਕਦੇ ਵੀ ਧੀਰਜ ਨੂੰ ਨਹੀਂ ਗਵਾਉਣਾ, ਸ਼ਾਂਤ ਰਹਿ ਕੇ ਹੀ ਕ੍ਰੋਧ ਦਾ ਮੁਕਾਬਲਾ ਕਰਨਾ। ਇਸ ਲਈ ਉਹ ਸ਼ਾਂਤ ਚਿੱਤ ਗੁਰੂ ਜੀ ਪਾਸ ਗਿਆ ਅਤੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ। ਗੁਰੂ ਜੀ ਨੇ ਫ਼ੁਰਮਾਇਆ, "ਇਸ ਬ੍ਰਾਹਮਣ ਨੂੰ ਆਪਣੀ ਜ਼ਾਤ ਦਾ ਅਭਿਮਾਨ ਹੈ ਅਤੇ ਚਾਰ ਸੰਸਕ੍ਰਿਤ ਦੇ ਅੱਖਰ ਪੜ੍ਹ ਕੇ ਇਹ ਅਹੰਕਾਰ ਵਿਚ ਗਰਕ ਹੋ ਗਿਆ ਹੈ। ਜਿਹੜਾ ਵਿਅਕਤੀ ਆਪਣੇ ਆਪ ਨੂੰ ਵੱਡਾ ਸਮਝਦਾ ਹੈ ਉਹ ਅਸਲ ਵਿਚ ਅਕਲ ਦਾ ਅੰਨ੍ਹਾ ਹੁੰਦਾ ਹੈ। ਅਜਿਹਾ ਇਨਸਾਨ ਕਿਸੇ ਦੀ ਸ਼ੋਭਾ ਨਹੀਂ ਸੁਣ ਸਕਦਾ। ਇਹ ਬ੍ਰਾਹਮਣ ਸਮਝਦੇ ਹਨ ਕਿ ਉਹ ਹੀ ਅਸਲੀ ਇਨਸਾਨ ਹਨ, ਬਾਕੀ ਤਾਂ ਪਸ਼ੂ ਹਨ।"

ਗੁਰੂ ਜੀ ਨੇ ਫਿਰ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਸ ਅਭਿਮਾਨੀ ਬ੍ਰਾਹਮਣ ਨੂੰ ਉਨ੍ਹਾਂ ਪਾਸ ਲੈ ਕੇ ਆਉਣ ਤਾਂਕਿ ਪਤਾ ਲੱਗੇ ਕਿ ਉਹ ਕੀ ਪੁੱਛਣਾ ਚਾਹੁੰਦਾ ਹੈ ?

ਸਿੱਖ ਉਸ ਬ੍ਰਾਹਮਣ ਨੂੰ ਗੁਰੂ ਜੀ ਪਾਸ ਲੈ ਆਏ। ਇਕ ਛੋਟੀ ਉਮਰ ਦੇ ਬਾਲਕ ਨੂੰ ਸੱਚੇ ਪਾਤਸ਼ਾਹ ਦੀ ਗੱਦੀ 'ਚ ਬੈਠੇ ਵੇਖ ਕੇ ਬ੍ਰਾਹਮਣ ਹੋਰ ਵੀ ਔਖਾ ਹੋਇਆ। ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾ ਕੇ ਕਿਹਾ, "ਪੰਡਿਤ ਜੀ ! ਤੁਸੀਂ ਕੀ ਪੁੱਛਣਾ ਚਾਹੁੰਦੇ ਹੋ ? ਤੁਹਾਨੂੰ ਕਿਸ ਗੱਲ ਦਾ ਸ਼ੰਕਾ ਹੈ ਅਸੀਂ ਹੁਣੇ ਹੀ ਨਵਿਰਤ ਕਰ ਦਿੰਦੇ ਹਾਂ। ਤੁਸੀਂ ਘਬਰਾਓ ਨਹੀਂ ਜੋ ਕੁਝ ਵੀ ਕਹਿਣਾ ਹੈ ਨਿਧੜਕ ਕਹੋ।" ਬ੍ਰਾਹਮਣ ਦੀ ਬੇਸ਼ੱਕ ਆਕੜ ਬੜੀ ਸੀ ਪਰ ਸਿੱਖਾਂ ਦੀ ਵੱਡੀ ਗਿਣਤੀ ਨੂੰ ਵੇਖ ਕੇ ਉਹ ਘਬਰਾ ਗਿਆ ਤੇ ਉਸ ਦੇ ਮੂੰਹ ਵਿਚੋਂ ਗੱਲ ਨਾ ਨਿਕਲੇ। ਫਿਰ ਗੁਰੂ ਜੀ ਆਪ ਹੀ ਬੋਲੇ ਕਿ ਤੂੰ ਸਾਥੋਂ ਗੀਤਾ ਦੇ ਅਰਥ ਸੁਣਨਾ ਚਾਹੁੰਦਾ ਹੈਂ। ਇਹ ਤੇਰੀ ਕਾਮਨਾ ਵੀ ਪੂਰੀ ਕਰ ਦਿੰਦੇ ਹਾਂ। ਤੂੰ

ਆਪਣੇ ਆਪ ਨੂੰ ਬੜਾ ਬੁਧੀਮਾਨ ਅਤੇ ਵਿਦਵਾਨ ਸਮਝਦਾ ਹੈਂ, ਜੇ ਕੋਈ ਗ਼ਲਤ ਅਰਥ ਹੋ ਜਾਵੇਗਾ ਤਾਂ ਤੂੰ ਦੱਸ ਤਾਂ ਸਕਦਾ ਹੈਂ। ਪਰ ਇਸ ਵਾਸਤੇ ਤੈਨੂੰ ਇਕ ਕੰਮ ਕਰਨਾ ਪਵੇਗਾ। ਇਸ ਪਿੰਡ ਵਿਚ ਜਿਹੜਾ ਸਭ ਤੋਂ ਮੂਰਖ ਅਤੇ ਅਨਪੜ੍ਹ ਵਿਅਕਤੀ ਹੋਵੇ, ਉਸ ਨੂੰ ਬੁਲਾ ਲਿਆ। ਤੇਰੇ ਸਾਰੇ ਸਵਾਲਾਂ ਦਾ ਉੱਤਰ ਉਹ ਹੀ ਦੇ ਦੇਵੇਗਾ। ਪੰਡਿਤ ਪਿੰਡ ਵਿਚ ਚਲਾ ਗਿਆ ਅਤੇ ਇਕ ਅਨਪੜ੍ਹ ਅਤੇ ਗੁੰਗੇ ਵਿਅਕਤੀ ਜਿਸ ਨੂੰ ਛੱਜੂ ਝੀਵਰ ਕਹਿੰਦੇ ਸਨ, ਬੁਲਾ ਲਿਆਇਆ। ਉਹ ਸਮਝਦਾ ਸੀ ਕਿ ਬੋਲਣ ਵਾਲੇ ਤਾਂ ਸ਼ਾਇਦ ਕੁਝ ਦੱਸ ਦੇਣ ਪਰ ਗੁੰਗੇ ਨੂੰ ਕਿਵੇਂ ਬੋਲਣ ਲਾ ਦੇਣਗੇ। ਛੱਜੂ ਝੀਵਰ ਗੁਰੂ ਜੀ ਪਾਸ ਆ ਹਾਜ਼ਰ ਹੋਇਆ। ਗੁਰੂ ਜੀ ਨੇ ਛੱਜੂ ਝੀਵਰ ਨੂੰ ਆਪਣੀ ਇਲਾਹੀ ਦ੍ਰਿਸ਼ਟੀ ਨਾਲ ਤੱਕਿਆ ਅਤੇ ਉਨ੍ਹਾਂ ਦੇ ਵੇਖਣਸਾਰ ਉਹ ਵਿਦਵਾਨਾਂ ਦਾ ਵਿਦਵਾਨ ਬਣ ਗਿਆ। ਉਸ ਦੀ ਜ਼ਬਾਨ ਵੀ ਠੀਕ ਹੋ ਗਈ ਅਤੇ ਉਹ ਬੋਲਣ ਵੀ ਲੱਗ ਗਿਆ।



ਪੰਡਿਤ ਆਪਣੇ ਖਿਆਲਾਂ ਵਿਚ ਮਸਤ, ਮੁਸ਼ਕਿਲ ਤੋਂ ਮੁਸ਼ਕਿਲ ਸਵਾਲ ਲੱਭ ਰਿਹਾ ਸੀ, ਜਿਸ ਦਾ ਕਿ ਕੋਈ ਵੀ ਉੱਤਰ ਨਾ ਜਾਣਦਾ ਹੋਵੇ। ਗੁਰੂ ਜੀ ਨੇ ਛੱਜੂ ਨੂੰ ਆਦੇਸ਼ ਕੀਤਾ ਕਿ ਪੰਡਿਤ ਦੇ ਸਵਾਲਾਂ ਦੇ ਉੱਤਰ ਦੇਵੇ ਅਤੇ ਇਸ ਦੀ ਪੂਰੀ ਤਸੱਲੀ ਕਰਵਾ ਦੇਵੇ। ਛੱਜੂ ਜਿਹੜਾ ਪਿੰਡ ਵਿਚ ਲੋਕਾਂ ਦੇ ਘਰਾਂ ਵਿਚ ਪਾਣੀ ਭਰ ਕੇ ਗੁਜ਼ਾਰਾ ਕਰਦਾ ਸੀ ਅਤੇ ਗੁੰਗਾ ਹੋਣ ਕਰਕੇ ਇਸ਼ਾਰਿਆਂ ਨਾਲ ਗੱਲਾਂ ਕਰਿਆ ਕਰਦਾ ਸੀ, ਪੰਡਿਤ ਦੇ ਸਾਹਮਣੇ ਇੰਝ ਡੱਟ ਕੇ ਖਲੋ ਗਿਆ, ਜਿਵੇਂ ਉਹ ਪੰਡਿਤ ਨੂੰ ਬਹੁਤ ਵੱਡਾ ਮੂਰਖ ਸਮਝਦਾ ਹੋਵੇ। ਛੱਜੂ ਹੱਸਦਾ ਹੋਇਆ ਪੰਡਿਤ ਨੂੰ ਕਹਿਣ ਲੱਗਾ, "ਪੰਡਿਤ ਜੀ ਪੁੱਛੋ ਕੀ ਪੁੱਛਣਾ ਚਾਹੁੰਦੇ ਹੋ।" ਜਦ ਪੰਡਿਤ ਨੇ ਗੁੰਗੇ ਛੱਜੂ ਨੂੰ ਬੋਲਦਾ ਵੇਖਿਆ ਤਾਂ ਉਸਦੀ ਸਾਰੀ ਵਿਦਵਤਾ ਜਾਂਦੀ ਰਹੀ। ਉਹ ਅੰਦਰੋ ਅੰਦਰ ਝਿੱਥਾ ਹੋਇਆ ਕੰਬ ਰਿਹਾ ਸੀ, ਪਰ ਫਿਰ ਵੀ ਉਸ ਵਾਸਤੇ ਭੱਜਣਾ ਮੁਸ਼ਕਿਲ ਸੀ। ਉਸ ਨੇ ਛੱਜੂ ਨੂੰ ਦਸ ਸਵਾਲ ਕੀਤੇ ਅਤੇ ਛੱਜੂ ਨੇ ਠੀਕ ਉੱਤਰ ਦੇ ਕੇ ਉਸਦੀ ਤਸੱਲੀ ਕਰਵਾ ਦਿੱਤੀ। ਫਿਰ ਪੰਡਿਤ ਨੇ ਛੱਜੂ ਨੂੰ ਗੀਤਾ ਦੇ ਅਰਥ ਕਰਨ ਵਾਸਤੇ ਕਿਹਾ। ਛੱਜੂ ਨੇ ਕਿਹਾ ਕਿ ਤੁਸੀਂ ਗੀਤਾ ਦਾ ਪਾਠ ਬੋਲੀ ਜਾਵੋ ਮੈਂ ਅਰਥ ਕਰੀ ਜਾਵਾਂਗਾ। ਪੰਡਿਤ ਫਿਰ ਗੀਤਾ ਦੇ ਸਲੋਕ ਪੜ੍ਹਨ ਲੱਗਾ ਅਤੇ ਛੱਜੂ ਗੀਤਾ ਦੇ ਸਲੋਕਾਂ ਦੇ ਅਰਥ ਏਨੀ ਵਿਦਵਤਾ ਨਾਲ ਸਮਝਾਉਣ ਲੱਗਾ ਕਿ ਸਭ ਲੋਕ ਵੇਖ ਕੇ ਹੈਰਾਨ ਰਹਿ ਰਹੇ ਸਨ। ਗੀਤਾ ਦੇ ਅਜਿਹੇ ਅਰਥ ਅੱਗੇ ਕਿਸੇ ਨੇ ਨਹੀਂ ਸੁਣੇ ਸਨ। ਪੰਡਿਤ ਤਾਂ ਅਰਥ ਸੁਣਦਾ ਸੁਣਦਾ ਆਪ ਹੀ ਗੁੰਗਾ ਹੋ ਗਿਆ। ਜਾਪਦਾ ਸੀ ਜਿਵੇਂ ਉਹ ਗੀਤਾ ਦਾ ਪਾਠ ਹੀ ਭੁੱਲ ਗਿਆ ਸੀ। ਉਸ ਬੜਾ ਯਤਨ ਕੀਤਾ, ਪਰ ਉਸ ਨੂੰ ਅਗਲਾ ਸਲੋਕ ਹੀ ਯਾਦ ਨਹੀਂ ਸੀ ਆਉਂਦਾ। ਅਜਿਹਾ ਅਦਭੁਤ ਚਮਤਕਾਰ ਵੇਖ ਕੇ ਉਹ ਹੈਰਾਨ ਰਹਿ ਗਿਆ। ਉਹ ਗੁਰੂ ਜੀ ਦੇ ਚਰਨੀਂ ਢਹਿ ਪਿਆ ਅਤੇ ਕਹਿਣ ਲੱਗਾ, "ਮੈਂ ਅੱਜ ਤੋਂ ਆਪ ਦਾ ਸਿੱਖ ਹੋਇਆ।" ਗੁਰੂ ਜੀ ਨੇ ਉਸ ਨੂੰ ਕਿਹਾ "ਮੇਰੇ ਅੱਗੇ ਮੱਥਾ ਨਾ ਟੇਕ, ਛੱਜੂ ਦੇ ਚਰਨਾਂ ਤੇ ਸਿਰ ਰੱਖ"। ਪੰਡਿਤ ਨੇ ਫਿਰ ਛੱਜੂ ਦੇ ਚਰਨਾਂ ਤੇ ਸਿਰ ਰੱਖ ਦਿੱਤਾ।

ਪਰ ਛੱਜੂ ਝੀਵਰ ਨੇ ਕਿਹਾ, "ਮੈਂ ਕੌਣ ਹਾਂ ? ਮੈਂ ਤਾਂ ਤੁਹਾਡੇ ਪਿੰਡ ਦਾ ਇਕ ਗੁੰਗਾ ਝੀਵਰ ਹਾਂ, ਇਹ ਗੁਰੂ ਜੀ ਦੀ ਹੀ ਬਰਕਤ ਹੈ ਕਿ ਉਹਨਾਂ ਇਕ ਅਨਪੜ੍ਹ ਅਤੇ ਗੁੰਗੇ ਨੂੰ ਵਿਦਵਾਨ ਬਣਾ ਦਿੱਤਾ ਹੈ। ਅੱਜ ਤੁਹਾਡੀ ਵੇਦ-ਵਿਦਿਆ ਕਿੱਥੇ ਅਲੋਪ ਹੋ ਗਈ ਹੈ ? ਪ੍ਰਭੂ ਜਿਸ 'ਤੇ ਕਿਰਪਾ ਕਰਦਾ ਹੈ ਉਸ ਨੂੰ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਦੇ ਚਰਨ ਫੜੋ ਉਹ ਹੀ ਤੁਹਾਡੀ ਸਹਾਇਤਾ ਕਰ ਸਕਦੇ ਹਨ।"

# ਰਾਜਾ ਜੈ ਸਿੰਘ ਵੱਲੋਂ ਸਵਾਗਤ

ਛੱਜੂ ਝੀਵਰ ਦੀ ਵਿਦਵਤਾ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਨਵੇਂ ਕੱਪੜੇ ਪਵਾ ਕੇ ਇਕ ਸੁੰਦਰ ਨੌਜਵਾਨ ਦੇ ਰੂਪ ਵਿਚ ਸੰਵਾਰ ਦਿੱਤਾ। ਉਸ ਨੂੰ ਹੁਣ ਕੋਈ ਪਹਿਚਾਣ ਵੀ ਨਹੀਂ ਸੀ ਸਕਦਾ ਕਿ ਉਹ ਕਦੀ ਗੂੰਗਾ ਝੀਵਰ ਸੀ। ਫਿਰ ਗੁਰੂ ਜੀ ਨੇ ਉਸ ਨੂੰ ਸਿਰੋਪਾ ਬਖਸ਼ਿਆ ਅਤੇ ਜਗਨ ਨਾਥ ਪੁਰੀ ਦੇ ਇਲਾਕੇ ਦਾ ਪ੍ਰਚਾਰਕ ਥਾਪ ਦਿੱਤਾ। ਉਸ ਇਲਾਕੇ ਵਿਚ ਜਾ ਕੇ ਉਹ ਇਕ ਉੱਘਾ ਲਿਖਾਰੀ ਅਤੇ ਕਵੀ ਦੇ ਤੌਰ ਤੇ ਪ੍ਰਸਿੱਧ ਹੋਇਆ। ਉਸ ਨੇ ਜਗਨ ਨਾਥ ਪੁਰੀ ਦੇ ਇਲਾਕੇ ਵਿਚ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਅਤੇ ਅਣਗਿਣਤ ਲੋਕਾਂ ਨੂੰ ਗੁਰੂ ਦੇ ਚਰਨੀਂ ਲਾਇਆ। ਭਾਈ ਛੱਜੂ ਦੇ ਪਰਿਵਾਰ ਵਿਚੋਂ ਹੀ ਭਾਈ ਹਿੰਮਤ ਚੰਦ ਹੋਏ ਜਿਹੜੇ ਵਿਸਾਖੀ ਦੇ ਮੌਕੇ ਤੇ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਆਪਣਾ ਸੀਸ ਗੁਰੂ ਜੀ ਨੂੰ ਅਰਪਣ ਕੀਤਾ।



ਪੰਜਾਂ ਪਿਆਰਿਆਂ ਵਿਚ ਉਹ ਪੰਜਵੇਂ ਬੁਲਾਵੇ ਤੇ ਉੱਠ ਕੇ ਖੜੇ ਹੋਏ ਸਨ। ਉਹ ਭਾਈ ਗੁਲਾਬ ਰਾਏ ਝੀਵਰ ਦੇ ਘਰ ਸੰਮਤ 1718 ਵਿਚ ਪੈਦਾ ਹੋਏ ਸਨ। ਭਾਈ ਹਿੰਮਤ ਸਿੰਘ ਦੇ ਦੂਸਰੇ ਭਰਾ ਵੀ ਅੰਮ੍ਰਿਤ ਛੱਕ ਕੇ ਸਿੰਘ ਸਜੇ ਸਨ ਅਤੇ ਉਹ ਵੀ ਚਮਕੌਰ ਸਾਹਿਬ ਜੰਗ ਵਿਚ ਸ਼ਹੀਦ ਹੋਏ ਸਨ।

ਪੰਡਿਤ ਲਾਲ ਚੰਦ ਦਾ ਘੁਮੰਡ ਤੋੜਨ ਤੋਂ ਬਾਅਦ ਗੁਰੂ ਜੀ ਨੇ ਸਾਰੀ ਸੰਗਤ ਨੂੰ ਵਾਪਿਸ ਮੁੜਨ ਦਾ ਆਦੇਸ਼ ਦੇ ਦਿੱਤਾ ਸੀ। ਜਦ ਸਭ ਸੰਗਤਾਂ ਪਰਤ ਗਈਆਂ ਤਾਂ ਗੁਰੂ ਜੀ ਆਪਣੇ ਕੁਝ ਸਾਥੀਆਂ ਸਮੇਤ ਦਿੱਲੀ ਵੱਲ ਚਲ ਪਏ। ਆਪ ਜੀ ਪੰਜੋਖਰਾ ਸਾਹਿਬ ਤੋਂ ਲਖਨੌਰ ਪੁੱਜੇ। ਪਿੰਡ ਮੋੜੇ ਵਿਚ ਇਕ ਰਾਤ ਠਹਿਰ ਕੇ ਆਪ ਜੀ ਸ਼ਾਹਬਾਦ ਪੁੱਜੇ। ਫਿਰ ਸ਼ਾਹਬਾਦ ਤੋਂ ਪਿਪਲੀ ਰਾਹੀਂ ਕੁਰਕਸ਼ੇਤਰ ਪੁੱਜੇ। ਇਸ ਇਲਾਕੇ ਦੀਆਂ ਸਭ ਸੰਗਤਾਂ ਆਪ ਜੀ ਦੇ ਦਰਸ਼ਨਾਂ ਨੂੰ ਆਈਆਂ। ਕੁਰਕਸ਼ੇਤਰ ਵਿਖੇ ਗੁਰੂ ਨਾਨਕ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਵੀ ਆਏ ਸਨ। ਇਸ ਕਰਕੇ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਬਹੁਤ ਸੀ। ਇਥੇ ਹੀ ਲਾਡਵਾ ਦੀ ਸੰਗਤ ਭਾਈ ਊਦੇ ਦੀ ਅਗਵਾਈ ਵਿਚ ਆਈ। ਭਾਈ ਊਦਾ ਉਹ ਸਿੱਖ ਸੀ ਜਿਸ ਨੇ ਭਾਈ ਜੈਤਾ ਜੀ ਨਾਲ ਮਿਲਕੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਬੜੀ ਦਲੇਰੀ ਨਾਲ ਚਾਂਦਨੀ ਚੌਂਕ ਦਿੱਲੀ ਤੋਂ ਚੁੱਕ ਕੇ ਅਨੰਦਪੁਰ ਸਾਹਿਬ ਪਹੁੰਚਾਇਆ ਸੀ।

ਕੁਰਕਸ਼ੇਤਰ ਵਿਖੇ ਸੰਗਤਾਂ ਦੀ ਮੰਗ ਉਤੇ ਗੁਰੂ ਜੀ ਦੋ ਦਿਨ ਟਿਕੇ। ਫਿਰ ਜਦ ਤੀਸਰੇ ਦਿਨ ਚਲਣ ਲੱਗੇ ਤਾਂ ਇਲਾਕੇ ਦੀਆਂ ਸਭ ਸੰਗਤਾਂ ਹੀ ਨਾਲ ਚਲ ਪਈਆਂ। ਗੁਰੂ ਜੀ ਉਨ੍ਹਾਂ ਨੂੰ ਵਾਪਸ ਮੁੜਨ ਨੂੰ ਕਹਿੰਦੇ ਪਰ ਉਹ ਬੇਨਤੀ ਕਰਕੇ ਨਾਲ ਹੀ ਤੁਰ ਪੈਂਦੇ। ਇਸ ਤਰ੍ਹਾਂ ਅੱਗੇ ਜਾ ਕੇ ਜਿਥੇ ਵੀ ਪੜਾਅ ਕਰਦੇ ਉਸ ਇਲਾਕੇ ਦੀਆਂ ਹੋਰ ਸੰਗਤਾਂ ਨਾਲ ਤੁਰ ਪੈਂਦੀਆਂ। ਪਾਨੀਪਤ ਅਤੇ ਸੋਨੀਪਤ ਹੁੰਦੇ ਹੋਏ ਗੁਰੂ ਜੀ ਸੰਗਤਾਂ ਸਮੇਤ ਦਿੱਲੀ ਜਾ ਪਹੁੰਚੇ।

ਰਾਜਾ ਜੈ ਸਿੰਘ ਨੂੰ ਪਤਾ ਲੱਗ ਗਿਆ ਸੀ ਕਿ ਗੁਰੂ ਜੀ ਦਿੱਲੀ ਅੱਪੜ ਗਏ ਹਨ। ਉਸ ਨੇ ਪਹਿਲਾਂ ਹੀ ਤਿਆਰੀਆਂ ਕੀਤੀਆਂ ਹੋਈਆਂ ਸਨ। ਇਸ ਲਈ ਆਪਣੇ ਸਾਰੇ ਅਹਿਲਕਾਰਾਂ ਅਤੇ ਗੁਰੂ ਘਰ ਦੇ ਸ਼ਰਧਾਲੂਆਂ ਸਮੇਤ ਗੁਰੂ ਜੀ ਦੇ ਸਵਾਗਤ ਵਾਸਤੇ ਆਪ ਲੈਣ ਆਇਆ।

ਰਾਜਾ ਜੈ ਸਿੰਘ ਦੀ ਅਗਵਾਈ ਹੇਠ ਗੁਰੂ ਜੀ ਆਪਣੇ ਸਿੱਖਾਂ ਅਤੇ ਮਾਤਾ ਕ੍ਰਿਸ਼ਨ ਕੋਰ ਜੀ ਸਮੇਤ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਜਾ ਠਹਿਰੇ। ਗੁਰੂ ਜੀ ਦੇ ਇਕ ਦੋ ਦਿਨ ਆਰਾਮ ਕਰਨ ਤੋਂ ਬਾਅਦ ਰਾਜਾ ਜੈ ਸਿੰਘ ਨੇ ਕਿਹਾ, "ਮਹਾਰਾਜ ! ਸ਼ਹਿਨਸ਼ਾਹ ਔਰੰਗਜ਼ੇਬ ਆਪ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਆਪ ਜੀ ਉਨ੍ਹਾਂ ਨੂੰ ਮਿਲਣਾ ਕਿਥੇ ਯੋਗ ਸਮਝਦੇ ਹੋ ?" ਗੁਰੂ ਜੀ ਨੇ ਇਕ ਟੁੱਕ ਜਵਾਬ ਦੇ ਦਿੱਤਾ ਕਿ ਉਹ ਔਰੰਗਜ਼ੇਬ ਨੂੰ ਕਿਸੇ ਹਾਲਤ ਵਿਚ ਮਿਲਣਾ ਨਹੀਂ ਚਾਹੁੰਦੇ। ਨਾ ਉਹ ਉਸਦੇ ਦਰਬਾਰ ਜਾਣਾ ਚਾਹੁੰਦੇ ਸਨ ਅਤੇ ਨਾ ਹੀ ਉਨ੍ਹਾਂ ਦੇ ਬੰਗਲੇ ਵਿਚ ਵੀ ਉਸ ਨੂੰ ਮਿਲਣਾ ਚਾਹੁੰਦੇ ਸਨ। ਰਾਜਾ ਜੈ ਸਿੰਘ ਅਤੇ ਉਸ ਦੇ ਦਰਬਾਰੀ ਬਾਲਾ ਗੁਰੂ ਦੀ ਅਜਿਹੀ ਦ੍ਰਿੜ੍ਹਤਾ ਨੂੰ ਵੇਖ ਕੇ ਹੈਰਾਨ ਰਹਿ ਗਏ।

# ਪਟਰਾਣੀ ਦੀ ਪਹਿਚਾਣ

ਔਰੰਗਜ਼ੇਬ ਨੂੰ ਵੀ ਸਭ ਕੁਝ ਪਤਾ ਲੱਗ ਗਿਆ ਸੀ। ਪਰ ਉਹ ਕਿਸੇ ਵੀ ਢੰਗ ਨਾਲ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਉਹ ਸਮਝ ਗਿਆ ਸੀ ਕਿ ਬਾਬਾ ਰਾਮਰਾਇ ਇਕ ਗੁਰੂ ਨਾ ਵੀ ਹੁੰਦਾ ਹੋਇਆ ਏਨਾ ਕਰਾਮਾਤੀ ਹੈ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਤਾਂ ਆਪ ਗੁਰੂ ਸਨ, ਉਹ ਕਿੰਨੇ ਕਰਾਮਾਤੀ ਅਤੇ ਇਲਾਹੀ ਹੋਣਗੇ। ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਔਰੰਗਜ਼ੇਬ ਨੇ ਇਕ ਵਿਉਂਤ ਬਣਾਈ। ਉਸ ਰਾਜਾ ਜੈ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਗੁਰੂ ਹਰਿਕ੍ਰਿਸ਼ਨ ਜੀ ਨੇ ਸਾਨੂੰ ਮਿਲਣ ਅਤੇ ਦੀਦਾਰ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਅਸੀਂ ਵੇਖਣਾ ਚਾਹੁੰਦੇ ਹਾਂ ਕਿ ਉਸ ਵਿਚ ਕਿਤਨੀ ਸਮਝ ਹੈ, ਉਹ ਭੇਸ ਵਟਾਇਆਂ ਵੀ ਬੰਦੇ ਨੂੰ ਪਹਿਚਾਣ ਸਕਦੇ ਹਨ ਜਾਂ ਨਹੀਂ। ਇਸ ਲਈ ਤੁਸੀਂ ਇਸ ਤਰ੍ਹਾਂ ਕਰੋ ਕਿ ਆਪਣੀ ਰਾਣੀ ਨੂੰ ਘਟੀਆ ਵਸਤਰ ਪਵਾ ਦੇਣੇ ਅਤੇ ਹੋਰ ਦਾਸੀਆਂ ਅਤੇ ਰਾਣੀਆਂ ਨੂੰ ਸੁੰਦਰ ਕੱਪੜੇ ਪਵਾ ਦੇਵੋ। ਇਕ ਦਾਸੀ ਨੂੰ ਮਹਾਰਾਣੀ ਵਾਲੇ ਕੱਪੜੇ ਪਵਾ ਕੇ ਸਭ



ਤੋਂ ਨਵੇਕਲੀ ਅਤੇ ਸੁੰਦਰ ਬਣਾ ਦੇਵੇ, ਜਿਸ ਨੂੰ ਵੇਖ ਕੇ ਹਰ ਕੋਈ ਇਹੋ ਸਮਝੇ ਕਿ ਉਹ ਹੀ ਮਹਾਰਾਣੀ ਹੈ। ਜੇ ਉਹ ਬਾਲਕ ਗੁਰੂ ਅਸਲੀ ਰਾਣੀ ਨੂੰ ਪਹਿਚਾਣ ਗਿਆ ਤਾਂ ਮੈਂ ਸਮਝਾਂਗਾ ਉਹ ਜਾਣੀਜਾਣ ਹੈ। ਜੇ ਉਹ ਨਾ ਪਹਿਚਾਣ ਸਕਿਆ ਤਾਂ ਉਸ ਦੀ ਮਹਿਮਾਂ ਵੀ ਘਟੇਗੀ ਅਤੇ ਮੈਂ ਵੀ ਭੇਸ ਬਦਲ ਕੇ ਦੀਦਾਰ ਕਰ ਆਵਾਂਗਾ।" ਬਾਦਸ਼ਾਹ ਦੇ ਹੁਕਮ ਦੀ ਪਾਲਣਾ ਕਰਨ ਹਿੱਤ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਪਹੁੰਚ ਕੇ ਆਪਣੀ ਮਹਾਰਾਣੀ ਨੂੰ ਸਭ ਕੁਝ ਸਮਝਾ ਦਿੱਤਾ। ਮਹਾਰਾਣੀ ਪਹਿਲਾਂ ਤਾਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਾ ਹੋਈ, ਪਰ ਔਰੰਗਜ਼ੇਬ ਦਾ ਹੁਕਮ ਸੁਣ ਕੇ ਉਹ ਇਹ ਸਾਰਾ ਨਾਟਕ ਰਚਣ ਵਾਸਤੇ ਤਿਆਰ ਹੋ ਗਈ। ਉਸ ਆਪਣੀਆਂ ਸਾਰੀਆਂ ਸਹੇਲੀਆਂ ਅਤੇ ਗੋਲੀਆਂ ਬੁਲਾਈਆਂ। ਕੁਝ ਨੂੰ ਘਟੀਆ ਕੱਪੜੇ ਪਵਾ ਕੇ ਦਾਸੀਆਂ ਬਣਾ ਦਿੱਤਾ ਅਤੇ ਕੁਝ ਨੂੰ ਬਹੁਤ ਵਧੀਆ ਵਸਤਰ ਪਵਾ ਕੇ ਰਾਣੀਆਂ ਬਣਾ ਦਿੱਤਾ। ਉਨ੍ਹਾਂ ਵਿਚੋਂ ਇਕ ਇਸਤਰੀ ਨੂੰ ਸਭ ਤੋਂ ਵਧੀਆ ਪੁਸ਼ਾਕੇ ਪਹਿਨਾ ਕੇ ਮਹਾਰਾਣੀ ਬਣਾ ਦਿੱਤਾ। ਜਦ ਰਾਜਾ ਜੈ ਸਿੰਘ ਦੀ ਇਹ ਸਭ ਕੁਝ ਵੇਖ ਕੇ ਤਸੱਲੀ ਹੋਈ ਤਾਂ ਉਹ ਗੁਰੂ ਹਰਿਕ੍ਰਿਸ਼ਨ ਜੀ ਪਾਸ ਗਿਆ ਅਤੇ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੇ ਨਿੱਜੀ ਮਹੱਲਾਂ ਵਿਚ ਚਰਨ ਪਾਉਣ ਦੀ ਖੇਚਲ ਕਰਨ ਕਿਉਂਕਿ ਉਨ੍ਹਾਂ ਦੀ ਪਟਰਾਣੀ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਉਤਾਵਲੀ ਹੈ।

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਇਕੱਲੇ ਹੀ ਰਣਵਾਸ ਵਿਚ ਗਏ। ਰਾਜਾ ਜੈ ਸਿੰਘ ਉਨ੍ਹਾਂ ਦੇ ਨਾਲ ਸਨ। ਰਾਣੀਆਂ ਦੀ ਦੱਖ ਨੂੰ ਵੇਖ ਕੇ ਗੁਰੂ ਜੀ ਸਮਝ ਗਏ ਕਿ ਇਸ ਵਿਚ ਕੋਈ ਭੇਤ ਹੈ। ਇਸ ਲਈ ਸਭ ਰਾਣੀਆਂ ਨੂੰ ਉਨ੍ਹਾਂ ਬੜੇ ਧਿਆਨ ਨਾਲ ਵੇਖਿਆ ਤੇ ਫਿਰ ਰਾਜਾ ਜੈ ਸਿੰਘ ਦੀ ਅਸਲੀ ਰਾਣੀ ਜਿਸ ਨੇ ਗੋਲੀ ਦਾ ਵੇਸ ਧਾਰਨ ਕੀਤਾ ਹੋਇਆ ਸੀ ਦੇ ਸਾਹਮਣੇ ਜਾ ਖੜੇ ਹੋਏ। ਉਨ੍ਹਾਂ ਰਾਣੀ ਨੂੰ ਬੜੇ ਗਹੁ ਨਾਲ ਵੇਖਿਆ ਤੇ ਫਿਰ ਬੋਲੇ, "ਰਾਣੀ ਜੀ ਤੁਹਾਨੂੰ ਇਹ ਪਖੰਡ ਕਰਨ ਦੀ ਕੀ ਲੋੜ ਸੀ। ਅਜਿਹੇ ਪਖੰਡਾਂ ਦਾ ਫਲ ਕੋਈ ਚੰਗਾ ਨਹੀਂ ਹੁੰਦਾ। ਅਸੀਂ ਤਾਂ ਗੁਰੂ ਘਰ ਦੇ ਫ਼ਕੀਰ ਹਾਂ, ਸਾਡੇ ਨਾਲ ਅਜਿਹੇ ਕਪਟ ਕਰਨੇ ਸ਼ੋਭਦੇ ਨਹੀਂ। ਅਸੀਂ ਤੁਹਾਡੇ ਘਰ ਠਹਿਰੇ ਹੋਏ ਹਾਂ, ਤੁਹਾਡੇ ਮਹਿਮਾਨ ਹਾਂ, ਇਕ ਮਹਿਮਾਨ ਨਾਲ ਕੀ ਇਹੋ ਜੇਹਾ ਵਰਤਾਓ ਕਰਨਾ ਚਾਹੀਦਾ ਹੈ ?"

ਗੁਰੂ ਜੀ ਦੀਆਂ ਇਹ ਗੱਲਾਂ ਸੁਣ ਕੇ ਰਾਣੀ ਘਬਰਾ ਗਈ ਅਤੇ ਸ਼ਰਧਾ ਵਿਚ ਉਸਦੀਆਂ ਅੱਖਾਂ ਵਿਚੋਂ ਹੰਝੂ ਆ ਗਏ। ਉਹ ਪਹਿਲਾਂ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਈ ਅਤੇ ਫਿਰ ਬਾਲਾ ਪ੍ਰੀਤਮ ਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਗੋਦ ਵਿਚ ਬਿਠਾ ਲਿਆ। ਉਹ ਕਹਿਣ ਲੱਗੀ, "ਪ੍ਰਭੂ ਮੈਥੋਂ ਭੁੱਲ ਹੋ ਗਈ, ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਸੱਚਮੁਚ ਕ੍ਰਿਸ਼ਨ ਹੋ। ਮੇਰੀਆਂ ਤਾਂ ਸਭ ਕਾਮਨਾਵਾਂ ਪੂਰੀਆਂ ਹੋ ਗਈਆਂ ਹਨ ਅਤੇ ਮੈਂ ਧੰਨ ਹੋ ਗਈ ਹਾਂ।"

# ਪਰਉਪਕਾਰ

ਰਾਜਾ ਜੈ ਸਿੰਘ ਸ਼ਰਮਿੰਦਾ ਹੋਇਆ ਕੁਝ ਨਾ ਬੋਲ ਸਕਿਆ, ਪਰ ਇਹ ਗੱਲ ਉਸਦੇ ਮਨ ਵਿਚ ਸਪੱਸ਼ਟ ਅਤੇ ਸਾਫ਼ ਹੋ ਗਈ ਕਿ ਬਾਲਾ ਗੁਰੂ ਆਪ ਪ੍ਰਤੱਖ ਪਰਮਾਤਮਾ ਰੂਪ ਹੈ। ਉਹ ਇਕ ਪ੍ਰਭੂ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਪਾਸੋਂ ਡਰਨ ਵਾਲੇ ਹਨ।

ਉਸ ਨੇ ਜੋ ਕੁਝ ਆਪਣੀ ਅੱਖੀਂ ਵੇਖਿਆ ਸੀ ਸਭ ਕੁਝ ਔਰੰਗਜ਼ੇਬ ਬਾਦਸ਼ਾਹ ਨੂੰ ਦੱਸ ਦਿੱਤਾ। ਬਾਦਸ਼ਾਹ ਤਾਂ ਪਹਿਲਾਂ ਵੀ ਬਹੁਤ ਕੁਝ ਗੁਰੂ ਜੀ ਬਾਰੇ ਸੁਣ ਚੁੱਕਾ ਸੀ। ਰਾਜਾ ਜੈ ਸਿੰਘ ਦੀ ਇਹ ਗੱਲ ਸੁਣ ਕੇ ਉਸ ਦੇ ਮਨ ਵਿਚ ਗੁਰੂ ਸਾਹਿਬ ਬਾਰੇ ਏਨੀ ਸ਼ਰਧਾ ਵਧੀ ਕਿ ਹਰ ਹੀਲੇ ਗੁਰੂ ਜੀ ਦੇ ਦਰਸ਼ਨਾਂ ਲਈ ਬੇਤਾਬ ਸੀ। ਪਰ ਇਸ ਗੱਲੋਂ ਡਰਦਾ ਵੀ ਸੀ ਕਿ ਗੁਰੂ ਜੀ ਨਾਰਾਜ਼ ਹੋ ਕੇ ਕੋਈ ਅਜਿਹਾ ਬਚਨ ਨਾ ਕਹਿ ਦੇਣ ਜਿਸ ਨਾਲ ਉਸ ਦੀ ਬਾਦਸ਼ਾਹਤ ਹੀ ਜਾਂਦੀ ਰਹੇ।

ਉਸ ਨੇ ਗੁਰੂ ਜੀ ਦਾ ਮਨ ਜਿੱਤਣ ਵਾਸਤੇ ਆਪਣੇ ਛੋਟੇ ਸ਼ਹਿਜ਼ਾਦੇ ਨੂੰ ਗੁਰੂ ਜੀ ਪਾਸ ਭੇਜਿਆ। ਉਹ ਗੁਰੂ ਜੀ ਦਾ ਹਮ-ਉਮਰ ਹੀ ਸੀ। ਗੁਰੂ ਜੀ ਦੇ ਜੀਵਨ ਦੀ ਸ਼ਾਹੀ ਠਾਠ ਬਾਠ ਵੇਖ ਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਕੁਝ ਦਿਨਾਂ ਵਿਚ ਹੀ ਗੁਰੂ ਜੀ ਨਾਲ ਮਿਲ ਜੁਲ ਗਿਆ। ਗੁਰੂ ਜੀ ਨੇ ਉਸ ਨੂੰ ਕਈ ਪ੍ਰਕਾਰ ਦੇ ਮੇਵੇ ਅਤੇ ਫਲ ਖਵਾਏ ਜਿਹੜੇ ਉਸ ਕਦੀ ਖਾ ਕੇ ਵੀ ਨਹੀਂ ਵੇਖੇ ਸਨ। ਸ਼ਹਿਜ਼ਾਦੇ ਨੂੰ ਜਿਵੇਂ ਔਰੰਗਜ਼ੇਬ ਨੇ ਸਿਖਾਇਆ ਸੀ, ਉਸ ਗੁਰੂ ਜੀ ਨੂੰ ਔਰੰਗਜ਼ੇਬ ਨੂੰ ਮਿਲਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਉਸ ਨੂੰ ਸਾਫ਼ ਨਾਂਹ ਕਰ ਦਿੱਤੀ ਕਿ ਉਹ ਅਜਿਹੇ ਜ਼ਾਲਮ ਬਾਦਸ਼ਾਹ ਨੂੰ ਬਿਲਕੁਲ ਨਹੀਂ ਮਿਲ ਸਕਦੇ। ਸ਼ਹਿਜ਼ਾਦਾ ਕੁਝ ਦਿਨ ਗੁਰੂ ਜੀ ਪਾਸ ਰਹਿ ਕੇ ਵਾਪਿਸ ਚਲੇ ਗਿਆ। ਉਸ ਨੇ ਵੀ ਔਰੰਗਜ਼ੇਬ ਨੂੰ ਗੁਰੂ ਜੀ ਬਾਰੇ ਜਾਣਕਾਰੀ ਦਿੱਤੀ। ਉਸ ਇਹ ਵੀ ਦੱਸਿਆ ਕਿ ਉਹ ਆਪ ਨੂੰ ਬਿਲਕੁਲ ਨਹੀਂ ਮਿਲਣਾ ਚਾਹੁੰਦੇ।

ਇਨ੍ਹਾਂ ਗੱਲਾਂ ਨੇ ਔਰੰਗਜ਼ੇਬ ਵਿਚ ਮਿਲਣ ਦੀ ਹੋਰ ਵੀ ਤੜਪ ਪੈਦਾ ਕੀਤੀ। ਉਹ ਦਿਨ ਰਾਤ ਸੋਚਦਾ ਸੀ ਕਿ ਕਿਸ ਤਰ੍ਹਾਂ ਗੁਰੂ ਜੀ ਦੇ ਦੀਦਾਰ ਕੀਤੇ ਜਾਣ। ਇਕ ਦਿਨ ਭੇਸ ਬਦਲ ਕੇ ਸਵੱਖਤੇ ਹੀ ਆਪਣੇ ਛੋਟੇ ਸ਼ਹਿਜ਼ਾਦੇ ਨੂੰ ਨਾਲ ਲੈ ਕੇ ਉਹ ਗੁਰੂ ਜੀ ਦੇ ਦੀਦਾਰ ਕਰਨ ਨੂੰ ਨਿਕਲ ਤੁਰਿਆ। ਜਦ ਉਹ ਗੁਰੂ ਜੀ ਦੇ ਡੇਰੇ ਪੁੱਜਾ ਤਾਂ ਟਹਿਲੀਆਂ ਨੇ ਔਰੰਗਜ਼ੇਬ ਦੇ ਆਉਣ ਦੀ ਖਬਰ ਦਿੱਤੀ। ਗੁਰੂ ਜੀ ਨੇ ਉਸੇ ਵੇਲੇ ਦਰਵਾਜ਼ੇ ਬੰਦ ਕਰਵਾ ਦਿੱਤੇ। ਔਰੰਗਜ਼ੇਬ ਨੇ ਸ਼ਹਿਜ਼ਾਦੇ ਨੂੰ ਵੀ ਭੇਜਿਆ ਪਰ ਗੁਰੂ ਜੀ ਨੇ ਕਿਹਾ ਕਿ ਉਹ ਸੀਸ ਵਾਰ ਦੇਣਗੇ ਪਰ ਔਰੰਗਜ਼ੇਬ ਨੂੰ ਦਰਸ਼ਨ ਨਹੀਂ ਦੇਣਗੇ। ਹਿੰਦੋਸਤਾਨ ਦਾ ਬਾਦਸ਼ਾਹ ਔਰੰਗਜ਼ੇਬ ਅੱਧੀ ਘੜੀ ਗੁਰੂ ਜੀ ਦੇ ਦਰਵਾਜ਼ੇ ਬਾਹਰ ਖੜਾ ਰਿਹਾ। ਅਖ਼ੀਰ ਨਾਰਾਜ਼ ਹੋ ਕੇ ਮੁੜ ਗਿਆ।

ਗੁਰੂ ਜੀ ਰਾਜਾ ਜੈ ਸਿੰਘ ਅਤੇ ਔਰੰਗਜ਼ੇਬ ਦੀਆਂ ਅਜਿਹੀਆਂ ਚਾਲਾਂ ਤੋਂ ਤੰਗ ਆ ਗਏ ਸਨ।

ਇਸ ਲਈ ਉਨ੍ਹਾਂ ਸਲਾਹ ਬਣਾਈ ਕਿ ਡੇਰਾ ਕਿਸੇ ਹੋਰ ਥਾਂ ਕਰ ਲਿਆ ਜਾਵੇ। ਇਸ ਲਈ ਆਪ ਨੇ ਭਾਈ ਕਲਿਆਨੇ ਦੀ ਧਰਮਸ਼ਾਲਾ ਵਿਖੇ ਜਾ ਡੇਰੇ ਲਾਏ। ਇਹ ਧਰਮਸ਼ਾਲਾ ਬੜੀ ਸੰਘਣੀ ਆਬਾਦੀ ਨਾਲ ਘਿਰੀ ਹੋਈ ਸੀ। ਲੋਕ ਗ਼ਰੀਬ ਸਨ ਅਤੇ ਉਨ੍ਹਾਂ ਨੂੰ ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ ਮਿਲਦਾ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ ਅਤੇ ਬੜਾ ਦੁੱਖੀ ਜੀਵਨ ਬਤੀਤ ਕਰ ਰਹੇ ਸਨ। ਉਸ ਆਬਾਦੀ ਵਿਚ ਪਹੁੰਚ ਕੇ ਗੁਰੂ ਜੀ ਨੇ ਦੁਖੀਆਂ ਦੀ ਦੇਖ ਭਾਲ ਦਾ ਕੰਮ ਸੰਭਾਲ ਲਿਆ। ਦੁੱਖੀ ਲੋਕਾਂ ਨੂੰ ਵੀ ਜਦ ਗੁਰੂ ਜੀ ਦੇ ਇਥੇ ਆਉਣ ਦਾ ਪਤਾ ਲੱਗਾ ਤਾਂ ਉਹ ਵੱਡੀ ਗਿਣਤੀ ਵਿਚ ਧਰਮਸ਼ਾਲਾ ਵਿਚ ਆਉਣ ਲੱਗੇ। ਗੁਰੂ ਜੀ ਹਰ ਇਕ ਦਾ ਦੁੱਖ ਸੁਣਦੇ ਅਤੇ ਜਿਸ ਪ੍ਰਕਾਰ ਵੀ ਕਿਸੇ ਨੂੰ ਲੋੜ ਹੁੰਦੀ, ਉਸ ਤਰ੍ਹਾਂ ਹੀ ਉਸਦੀ ਸਹਾਇਤਾ ਕਰਦੇ। ਜਦ ਵੀ ਉਹ ਕਿਸੇ ਦੁੱਖੀ ਦੀ ਪੁਕਾਰ ਸੁਣਦੇ ਤਾਂ ਬੇਸ਼ੱਕ ਕਿੰਨੀ ਦੂਰ ਹੁੰਦਾ ਆਪਣੇ ਸਿੱਖਾਂ ਨੂੰ ਲੈ ਕੇ ਉਥੇ ਪੁੱਜ ਜਾਂਦੇ। ਕਈ ਅਸਾਧ ਰੋਗਾਂ ਵਿਚ ਗ੍ਰੱਸੇ ਰੋਗੀ ਵੀ ਉਨ੍ਹਾਂ ਦੀ ਦ੍ਰਿਸ਼ਟੀ ਪੈਂਦਿਆਂ ਹੀ ਤੰਦਰੁਸਤ ਹੋ ਜਾਂਦੇ। ਭੁੱਖੇ ਅਤੇ ਗ਼ਰੀਬ ਲੋਕਾਂ ਵਾਸਤੇ ਉਨ੍ਹਾਂ ਲੰਗਰ ਲਾ ਦਿੱਤੇ ਅਤੇ ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕਰ ਦਿੱਤਾ।

ਭਾਈ ਕਲਿਆਨੇ ਦੀ ਧਰਮਸ਼ਾਲਾ ਵਿਚ ਹੀ ਦੋਵੇਂ ਵੇਲੇ ਕੀਰਤਨ ਹੋਣ ਲੱਗ ਗਿਆ ਅਤੇ ਦੀਵਾਨ ਲੱਗਦਾ। ਗੁਰੂ ਜੀ ਸਭ ਨੂੰ ਦਰਸ਼ਨ ਦਿੰਦੇ ਅਤੇ ਲੋਕਾਂ ਨੂੰ ਸੱਚੀ ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੰਦੇ। ਉਹ ਸਾਰਿਆਂ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਲਈ ਕਹਿੰਦੇ।

ਗੁਰੂ ਜੀ ਦੇ ਇਸ ਪਰਉਪਕਾਰ ਨੇ ਸਾਰੀ ਦਿੱਲੀ ਦੇ ਵਸਨੀਕਾਂ ਨੂੰ ਆਪਣਾ ਮਤਵਾਲਾ ਬਣਾ ਲਿਆ ਸੀ। ਹਰ ਧਰਮ ਦਾ ਵਿਅਕਤੀ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਆਉਂਦਾ। ਕਈ ਮੁਸਲਮਾਨ ਫ਼ਕੀਰ ਵੀ ਉਨ੍ਹਾਂ ਦੇ ਉਪਾਸ਼ਕ ਬਣ ਗਏ ਅਤੇ ਗੁਰੂ ਜੀ ਨਾਲ ਵਿਚਾਰ-ਵਟਾਦਰਾ ਕਰਕੇ ਬਹੁਤ ਪ੍ਰਸੰਨ ਹੁੰਦੇ। ਕਈ ਲੋਕ ਤਾਂ ਇਸ ਗੱਲ 'ਤੇ ਹੀ ਬਹੁਤ ਹੈਰਾਨ ਹੁੰਦੇ ਕਿ ਛੋਟੀ ਉਮਰ ਦਾ ਬਾਲਕ ਹਰ ਪੱਖੋਂ ਨਿਪੁੰਨ ਸੀ। ਜਿਹੜਾ ਵੀ ਕੋਈ ਮਨੋਰਥ ਲੈ ਕੇ ਉਹਨਾਂ ਪਾਸ ਪੁੱਜਦਾ, ਉਸ ਦਾ ਮਨੋਰਥ ਪੂਰਾ ਹੁੰਦਾ।

ਔਰੰਗਜ਼ੇਬ ਪਾਸ ਇਹਨਾਂ ਸਾਰੀਆਂ ਗੱਲਾਂ ਬਾਰੇ ਸੂਚਨਾ ਪਹੁੰਚਦੀ ਰਹਿੰਦੀ ਸੀ। ਪਰ ਉਹ ਆਪ ਹੀ ਬੇਵਸ ਹੋਇਆ ਸੀ। ਉਹ ਹੁਕਮ ਦੇ ਕੇ ਕੈਦ ਵੀ ਨਹੀਂ ਸੀ ਕਰਨਾ ਚਾਹੁੰਦਾ। ਪਰ ਉਧਰ ਗੁਰੂ ਸਾਹਿਬ ਜੀ ਨੇ ਵੀ ਪ੍ਰਣ ਕੀਤਾ ਕਿ ਉਹ ਔਰੰਗਜ਼ੇਬ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਮਿਲਣਗੇ। ਅੰਤ ਵਿਚ ਆਪਣੇ ਪ੍ਰਣ ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਇਕ ਐਸਾ ਰਾਹ ਚੁਣਿਆ ਜਿਹੜਾ ਕਿ ਸੰਸਾਰ ਵਿਚ ਅਜੇ ਤਕ ਕਿਸੇ ਨੇ ਨਹੀਂ ਅਪਣਾਇਆ ਸੀ।

ਉਨ੍ਹਾਂ ਦਿਨਾਂ ਵਿਚ ਹੀ ਦਿੱਲੀ ਵਿਚ ਚੇਚਕ ਦੀ ਬਿਮਾਰੀ ਫੈਲ ਗਈ। ਹਰ ਘਰ ਵਿਚ ਇਕ ਦੋ ਬੀਮਾਰ ਜ਼ਰੂਰ ਸਨ। ਗੁਰੂ ਜੀ ਸਭ ਨੂੰ ਦਵਾਈ ਦੇਣ ਜਾਂਦੇ ਅਤੇ ਮਰੀਜ਼ ਉਨ੍ਹਾਂ ਦੇ ਦਰਸ਼ਨ ਕਰਕੇ ਹੀ

ਰਾਜ਼ੀ ਹੋ ਜਾਂਦੇ। ਪਰ ਚੇਚਕ ਦੀ ਬਿਮਾਰੀ ਏਨੀ ਵਧ ਗਈ ਕਿ ਸਾਰਾ ਦਿੱਲੀ ਸ਼ਹਿਰ ਹੀ ਘੇਰੇ ਵਿਚ ਆ ਗਿਆ। ਗੁਰੂ ਜੀ ਦਾ ਕੋਮਲ ਹਿਰਦਾ ਇਹ ਕੁਝ ਜਰ ਨਾ ਸਕਿਆ। ਅਖ਼ੀਰ ਆਪ ਨੇ ਮਨ ਬਣਾਇਆ ਕਿ ਸਭ ਰੋਗੀਆਂ ਦਾ ਰੋਗ ਆਪਣੇ ਉੱਤੇ ਹੀ ਲੈ ਲਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਦਿੱਲੀ ਦੇ ਸਭ ਰੋਗੀਆਂ ਦਾ ਦੁੱਖ ਕੱਟਿਆ ਜਾਵੇਗਾ ਅਤੇ ਗੁਰੂ ਜੀ ਦਾ ਪ੍ਰਣ ਵੀ ਪੂਰਾ ਹੋ ਜਾਵੇਗਾ ਕਿ ਉਨ੍ਹਾਂ ਨੇ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਾ। ਅੰਤ ਚੇਚਕ ਦੇ ਰੋਗ ਨੇ ਗੁਰੂ ਜੀ ਨੂੰ ਆ ਘੇਰਿਆ। ਜਦ ਔਰੰਗਜ਼ੇਬ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਨੂੰ ਚੇਚਕ ਨਿਕਲੀ ਹੈ ਤਾਂ ਉਸ ਦੂਤ ਭੇਜਣੇ ਬੰਦ ਕਰ ਦਿੱਤੇ ਅਤੇ ਦਰਸ਼ਨਾਂ ਦੀ ਤਾਂਘ ਛੱਡ ਦਿੱਤੀ। ਗੁਰੂ ਜੀ ਨੂੰ ਦਰਬਾਰ ਹਾਜ਼ਰ ਕਰਨ ਜਾਂ ਉਨ੍ਹਾਂ ਨੂੰ ਮਿਲਣ ਦੀ ਉਸ ਦੀ ਖ਼ਾਹਿਸ਼ ਪੂਰੀ ਨਾ ਹੋ ਸਕੀ। ਇਸ ਤਰ੍ਹਾਂ ਗੁਰੂ ਜੀ ਆਪਣਾ ਪ੍ਰਣ ਨਿਭਾ ਗਏ।



# ਜੋਤੀ ਜੋਤ ਸਮਾਉਣਾ

ਗੁਰੂ ਹਰਿਕ੍ਰਿਸ਼ਨ ਜੀ ਨੇ ਕੀਰਤਪੁਰ ਤੋਂ ਚਲਦੇ ਸਮੇਂ ਜੋ ਪ੍ਰਣ ਕੀਤਾ ਸੀ ਕਿ ਆਪਣੇ ਪਿਤਾ ਸਤਿਗੁਰੂ ਹਰਿਰਾਇ ਸਾਹਿਬ ਦੇ ਆਦੇਸ਼ ਅਨੁਸਾਰ ਉਹ ਕਿਸੇ ਹਾਲਤ ਵਿਚ ਵੀ ਔਰੰਗਜ਼ੇਬ ਨੂੰ ਨਹੀਂ ਮਿਲਣਗੇ, ਨਿਭਾਉਣ ਵਿਚ ਉਹ ਸਫਲ ਰਹੇ। ਔਰੰਗਜ਼ੇਬ ਬਹੁਤ ਛਟਪਟਾਇਆ ਕਿ ਇਕ ਬਾਲਕ ਗੁਰੂ ਨੂੰ ਵੀ ਉਹ ਡਰਾ ਨਹੀਂ ਸੀ ਸਕਿਆ ਅਤੇ ਆਪਣੇ ਦਰਬਾਰ ਵਿਚ ਲਿਆਉਣ ਵਿਚ ਅਸਫਲ ਰਿਹਾ ਸੀ। ਬਾਬਾ ਰਾਮਰਾਇ ਉਸਦਾ ਮਿੱਤਰ ਬਣ ਗਿਆ ਸੀ। ਬਾਦਸ਼ਾਹ ਔਰੰਗਜ਼ੇਬ ਨੂੰ ਖ਼ੁਸ਼ ਕਰਕੇ ਉਹ ਵੱਡੀ ਜਾਗੀਰ ਦਾ ਮਾਲਕ ਬਣ ਗਿਆ ਸੀ। ਪਰ ਬਾਬਾ ਰਾਮਰਾਇ ਜਾਗੀਰ ਪ੍ਰਾਪਤ ਕਰਕੇ ਵੀ ਖ਼ੁਸ਼ ਨਹੀਂ ਸੀ। ਉਹ ਵੀ ਹਰ ਹੀਲੇ ਗੁਰੂ ਬਣਨ ਦੇ ਹੀ ਸੁਪਨੇ ਲੈ ਰਿਹਾ ਸੀ। ਪਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਕਿਸੇ ਦੀ ਜੱਦੀ ਜਾਇਦਾਦ ਨਹੀਂ ਸੀ। ਇਸ ਨੂੰ ਤਾਂ ਉਹੋ ਪ੍ਰਾਪਤ ਕਰ ਸਕਦਾ ਸੀ ਜਿਹੜਾ ਕਿ ਇਸਦੇ ਯੋਗ ਹੋਵੇ। ਇਸ ਤਰ੍ਹਾਂ ਇਕ ਅੱਠ ਸਾਲ ਦੇ ਬਾਲਕ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਇਸ ਗੱਦੀ ਲਈ ਹਰ ਪੱਖੋਂ ਯੋਗ ਸਨ। ਜੇ ਰਾਮਰਾਇ ਔਰੰਗਜ਼ੇਬ ਦਾ ਖ਼ੁਸ਼ਾਮਦੀ ਬਣਿਆ ਸੀ ਤਾਂ ਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਨੂੰ ਮਿਲਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਏਡੇ ਵੱਡੇ ਮੁਗਲ ਬਾਦਸ਼ਾਹ ਜਿਸਦੇ ਦਰਸ਼ਨਾਂ ਨੂੰ ਲੋਕ ਤਰਸਦੇ ਰਹਿੰਦੇ ਸਨ, ਪਰ ਅੱਠ ਸਾਲ ਦੀ ਉਮਰ ਦੇ ਗੁਰੂ ਹਰਿਕ੍ਰਿਸ਼ਨ ਜੀ ਨੇ ਏਨੀ ਦਲੇਰੀ ਵਿਖਾਈ ਕਿ ਮਿਲਣ ਤੋਂ ਹੀ ਨਾਂਹ ਕਰ ਦਿੱਤੀ। ਇਹ ਗੁਰੂ ਜੀ ਦੀ ਆਤਮਿਕ ਉੱਚਤਾ ਦਾ ਪ੍ਰਤੀਕ ਸੀ। ਇਸ ਤੋਂ ਵੱਡੀ ਕਿਹੜੀ ਕਰਾਮਾਤ ਹੋ ਸਕਦੀ ਸੀ ? ਇਕ ਛੋਟੀ ਜਿਹੀ ਆਯੂ ਵਿਚ ਗੁਰੂ ਜੀ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੀ, ਪਰ ਆਪਣੇ ਪ੍ਰਣ ਨੂੰ ਟੁੱਟਣ ਨਾ ਦਿੱਤਾ। ਉਨ੍ਹਾਂ ਸਾਰੇ ਦਿੱਲੀ ਦੇ ਰੋਗੀਆਂ ਦਾ ਭਾਰ ਆਪਣੇ ਉੱਪਰ ਲੈ ਲਿਆ। ਇਹ ਵੀ ਇਕ ਪ੍ਰਕਾਰ ਦਾ ਕੌਤਕ ਸੀ ਕਿ ਉਨ੍ਹਾਂ ਬਿਮਾਰੀ ਦੇ ਬਹਾਨੇ ਸਵੈ-ਕੁਰਬਾਨੀ ਦੇਣ ਦਾ ਮਨ ਬਣਾ ਲਿਆ। ਉਹ ਜਾਣਦੇ ਸਨ ਕਿ ਜ਼ਾਲਮ ਔਰੰਗਜ਼ੇਬ ਉਨ੍ਹਾਂ ਦਾ ਪਿੱਛਾ ਨਹੀਂ ਛੱਡੇਗਾ। ਉਹ ਆਪਣੇ ਵੱਡੇ ਭਰਾ ਵਾਂਗ ਕਰਾਮਾਤ ਨਹੀਂ ਸੀ ਵਿਖਾਉਣਾ ਚਾਹੁੰਦੇ। ਇਹ ਗੱਲ ਤਾਂ ਪ੍ਰਤੱਖ ਹੀ ਹੈ ਕਿ ਉਨ੍ਹਾਂ ਪਾਸ ਸਭ ਕੁਝ ਸੀ। ਉਹ ਜੋ ਵੀ ਕਰਨਾ ਚਾਹੁੰਦੇ ਕਰ ਸਕਦੇ ਸਨ। ਜੇ ਉਹ ਛੱਜੂ ਝੀਵਰ ਪਾਸੋਂ ਗੀਤਾ ਦੇ ਅਰਥ ਕਰਵਾ ਸਕਦੇ ਸਨ ਤਾਂ ਔਰੰਗਜ਼ੇਬ ਨੂੰ ਕਰਾਮਾਤ ਦਿਖਾਉਣੀ ਕਿਹੜੀ ਔਖੀ ਸੀ। ਪਰ ਗੁਰੂ ਘਰ ਵਿਚ ਕਰਾਮਾਤਾਂ ਵਿਖਾਉਣਾ ਕਹਿਰ ਦਾ ਨਾਂ ਹੈ। ਉਨ੍ਹਾਂ ਤੋਂ ਪਿਛੋਂ ਗੁਰੂ ਤੇਗ ਬਹਾਦਰ ਜੀ ਨੇ ਵੀ ਕਰਾਮਾਤ ਵਿਖਾਉਣ ਤੋਂ ਨਾਂਹ ਕਰ ਦਿੱਤੀ ਸੀ ਪਰ ਆਪਣਾ ਸੀਸ ਦੇਣਾ ਪ੍ਰਵਾਨ ਕਰ ਲਿਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਵੀ ਇਹੋ ਚੋਜ ਸੀ ਕਿ ਉਨ੍ਹਾਂ ਬੀਮਾਰ ਹੋ ਕੇ ਸਰੀਰ ਛੱਡਣਾ ਉਚਿੱਤ ਸਮਝਿਆ, ਬਜਾਏ ਇਸ ਦੇ ਕਿ ਉਹ ਔਰੰਗਜ਼ੇਬ ਨੂੰ ਕਰਾਮਾਤ ਵਿਖਾਉਣ ਜਾਂ ਉਸਦੇ ਮੱਥੇ ਲੱਗਣ। ਬੇਸ਼ਕ ਗੁਰੂ ਜੀ ਨੂੰ ਬਹੁਤ ਬੁਖ਼ਾਰ ਹੋ ਗਿਆ ਅਤੇ

ਸਰੀਰ ਦੇ ਉਤੇ ਚੇਚਕ ਦੇ ਦਾਣੇ ਵੀ ਨਿਕਲ ਆਏ। ਪਰ ਆਪਣੀ ਬਿਮਾਰੀ ਦੀ ਉਨ੍ਹਾਂ ਜ਼ਰਾ ਵੀ ਪ੍ਰਵਾਹ ਨਾ ਕੀਤੀ। ਉਸੇ ਤਰ੍ਹਾਂ ਹੀ ਉਹ ਆਪਣੇ ਸਿੱਖ ਸੇਵਕਾਂ ਨੂੰ ਲੈ ਕੇ ਦੁੱਖੀ ਅਤੇ ਬੀਮਾਰ ਲੋਕਾਂ ਵੱਲ ਜਾਂਦੇ। ਜਿਸ ਰੋਗੀ ਨੂੰ ਵੀ ਉਹ ਦਵਾਈ ਦੇਂਦੇ, ਉਹ ਰਾਜ਼ੀ ਹੋ ਜਾਂਦਾ। ਪਰ ਗੁਰੂ ਜੀ ਦੇ ਆਪਣੇ ਸੇਵਕ ਹੈਰਾਨ ਸਨ ਕਿ ਜਿਸ ਤਰ੍ਹਾਂ ਇਹ ਰੋਗ ਦਿੱਲੀ ਵਿਚੋਂ ਅਲੋਪ ਹੋ ਰਿਹਾ ਸੀ, ਉਸ ਤਰ੍ਹਾਂ ਹੀ ਇਹ ਰੋਗ ਗੁਰੂ ਸਾਹਿਬ ਨੂੰ ਹੋਰ ਜਕੜ ਰਿਹਾ ਸੀ। ਜਦ ਸਿੱਖ ਸੰਗਤਾਂ ਉਨ੍ਹਾਂ ਪਾਸ ਬੇਨਤੀ ਕਰਦੀਆਂ ਮਹਾਰਾਜ ਇਹ ਕੀ ਭਾਣਾ ਹੈ ਤਾਂ ਆਪ ਜੀ ਹੱਸ ਕੇ ਕਹਿੰਦੇ, "ਗੁਰੂ ਦੇ ਪਿਆਰਿਓ, ਅਸੀਂ ਦਿੱਲੀ ਦੇ ਸਭ ਰੋਗੀਆਂ ਦਾ ਰੋਗ ਕੱਟਣ ਆਏ ਹਾਂ, ਇਹ ਰੋਗ ਤਦ ਹੀ ਉਹਨਾਂ ਰੋਗੀਆਂ ਦੇ ਸਰੀਰ ਨੂੰ ਛਡੇਗਾ ਜੇ ਕੋਈ ਹੋਰ ਸਰੀਰ ਇਸਨੂੰ ਆਪਣੇ ਉਤੇ ਲਵੇਗਾ, ਇਸ ਲਈ ਮੈਂ ਸਾਰੇ ਦਿੱਲੀ ਵਾਸੀਆਂ ਦਾ ਰੋਗ ਆਪਣੇ ਸਰੀਰ ਤੇ ਲੈ ਰਿਹਾ ਹਾਂ। ਜ਼ਿੰਦਗੀ ਆਪਣੇ ਜੀਊਣ ਲਈ ਨਹੀਂ ਬਲਕਿ ਕਿਸੇ ਨੂੰ ਜੀਵਨ ਦੇਣ ਵਿਚ ਹੈ। ਮੈਂ ਪ੍ਰਭੂ ਦੇ ਆਦੇਸ਼ ਅਨੁਸਾਰ ਹੀ ਸਭ ਕੁਝ ਕਰ ਰਿਹਾ ਹਾਂ। ਇਸ ਲਈ ਪ੍ਰਭੂ ਦਾ ਭਾਣਾ ਮੰਨੋ ਅਤੇ ਖੁਸ਼ੀ ਖੁਸ਼ੀ ਸਭ ਦੀ ਸੇਵਾ ਕਰੋ, ਮੇਰਾ ਫਿਕਰ ਕਰਨ ਦੀ ਲੋੜ ਨਹੀਂ।" ਆਪਣੀ



ਮਾਤਾ ਕ੍ਰਿਸ਼ਨ ਕੌਰ ਨੂੰ ਫਿਕਰਮੰਦ ਹੁੰਦਿਆਂ ਵੇਖ ਕੇ ਉਨ੍ਹਾਂ ਕਿਹਾ, "ਅਸੀਂ ਹੁਣ ਪ੍ਰਭੂ ਚਰਨਾਂ ਵਿਚ ਵਿਲੀਨ ਹੋਣ ਦਾ ਮਨ ਬਣਾ ਲਿਆ ਹੈ। ਤੁਸੀਂ ਕਿਸੇ ਗੱਲੋਂ ਘਬਰਾਉਣਾ ਨਹੀਂ।" ਪਰ ਮਾਤਾ ਜੀ ਨੇ ਜਦ ਇਹ ਸ਼ਬਦ ਸੁਣੇ ਤਾਂ ਉਨ੍ਹਾਂ ਬੇਨਤੀ ਕੀਤੀ, "ਤੁਸੀਂ ਤਾਂ ਸੱਚੇ ਸਤਿਗੁਰੂ ਬਣ ਕੇ ਲੋਕਾਂ ਨੂੰ ਖੁਸ਼ੀਆਂ ਬਖਸ਼ ਰਹੇ ਸੀ ਅਤੇ ਲੋਕਾਂ ਦੇ ਦੁੱਖ ਦੂਰ ਕਰ ਰਹੇ ਸੀ। ਸਿੱਖ ਸੰਗਤਾਂ ਨੂੰ ਤੁਹਾਡੇ ਉਤੇ ਬਹੁਤ ਉਮੀਦਾਂ ਸਨ।"

ਗੁਰੂ ਜੀ ਨੇ ਬਚਨ ਕੀਤੇ, "ਮਾਤਾ ਜੀ ! ਸਭ ਕੁਝ ਪ੍ਰਭੂ ਦੀ ਆਗਿਆ ਅਨੁਸਾਰ ਹੋ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਨੂੰ ਕੋਈ ਖਤਰਾ ਨਹੀਂ ਹੈ, ਇਹ ਸਦਾ ਚਲਦੀ ਰਹੇਗੀ।"

ਗੁਰੂ ਜੀ ਦੇ ਇਹ ਬਚਨ ਸੁਣ ਕੇ ਸਿੱਖ ਸੰਗਤਾਂ ਵੀ ਘਬਰਾ ਗਈਆਂ ਅਤੇ ਦਰਸ਼ਨਾਂ ਲਈ ਉਮਡ ਪਈਆਂ। ਉਨ੍ਹਾਂ ਸੰਗਤਾਂ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਅਤੇ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਫਿਰ ਸੰਗਤ ਵਿਚੋਂ ਇਕ ਸਿੱਖ ਭਾਈ ਗੁਰਦਿੱਤਾ ਜੀ ਨੇ ਕਿਹਾ ਕਿ "ਤੁਸੀਂ ਤਾਂ ਪ੍ਰਭੂ ਦੇ ਦੇਸ਼ ਜਾਣ ਦਾ ਮਨ ਬਣਾ ਲਿਆ, ਪਰ ਸਾਡੀ ਬਾਂਹ ਕਿਸ ਨੂੰ ਫੜਾ ਚੱਲੇ ਹੋ ?" ਤਦ ਗੁਰੂ ਜੀ ਨੇ ਹੁਕਮ ਕੀਤਾ ਕਿ ਇਕ ਨਾਰੀਅਲ, ਪੰਜ ਪੈਸੇ ਲੈ ਕੇ ਆਉਣ। ਬਾਬਾ ਗੁਰਦਿੱਤਾ ਜੀ ਨਾਰੀਅਲ ਅਤੇ ਪੰਜ ਪੈਸੇ ਇਕ ਥਾਲ ਵਿਚ ਰੱਖ ਕੇ ਲਿਆਏ। ਗੁਰੂ ਜੀ ਨੇ ਨਾਰੀਅਲ ਅਤੇ ਪੈਸਿਆਂ ਨੂੰ ਛੁਹਿਆ ਤੇ ਫਿਰ ਤਿੰਨ ਵਾਰ ਉਨ੍ਹਾਂ ਦੇ ਉਤੇ ਗੋਲਾਕਾਰ ਰੂਪ ਵਿਚ ਹੱਥ ਫੇਰਿਆ। ਫਿਰ ਸਿਰ ਝੁਕਾਇਆ ਅਤੇ ਬੋਲੇ, "ਗੁਰੂ ਬਾਬਾ ਬਕਾਲੇ।" ਇਹ ਬਚਨ ਕਰਕੇ ਆਪ ਦੀ ਸਮਾਧੀ ਲੱਗ ਗਈ। ਆਪ ਫਿਰ ਹੋਰ ਕੁਝ ਨਾ ਬੋਲੇ ਤੇ ਸੰਗਤਾਂ ਦੇ ਵੇਖਦੇ ਵੇਖਦੇ ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤ ਵਿਚ ਸਮਾ ਗਈ।

ਜਮਨਾ ਦਰਿਆ ਦੇ ਕੰਢੇ ਚੰਦਨ ਦੀ ਚਿਖਾ ਬਣਾ ਕੇ ਗੁਰੂ ਜੀ ਦਾ ਸਸਕਾਰ ਕਰ ਦਿੱਤਾ ਗਿਆ। ਉਥੇ ਅਜ-ਕਲ ਇਕ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ ਜਿਸ ਨੂੰ ਗੁਰਦੁਆਰਾ ਬਾਲਾ ਸਾਹਿਬ ਕਹਿੰਦੇ ਹਨ। ਰਾਜਾ ਜੈ ਸਿੰਘ ਦੇ ਬੰਗਲੇ ਜਿਥੇ ਗੁਰੂ ਜੀ ਜਾ ਕੇ ਠਹਿਰੇ ਸਨ, ਉਥੇ ਗੁਰਦੁਆਰਾ ਬੰਗਲਾ ਸਾਹਿਬ ਹੈ। ਇਨ੍ਹਾਂ ਗੁਰਦੁਆਰਿਆਂ ਦੀ ਸਿੱਖ ਜਗਤ ਵਿਚ ਬਹੁਤ ਮਾਨਤਾ ਹੈ।

ਜਦ ਗੁਰੂ ਗੋਬਿੰਦ ਸਿੰਘ ਜੀ ਨੇ 'ਭਗਉਤੀ ਦੀ ਵਾਰ' ਦਾ ਉਚਾਰਨ ਕੀਤਾ ਤਾਂ ਉਨ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਵਿਸ਼ੇਸ਼ ਤੌਰ ਤੇ ਇਹ ਕੁਝ ਲਿਖਿਆ:

*"ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ"*

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਇਸ ਅਦੁੱਤੀ ਮਹਾਨਤਾ ਨੂੰ ਮੁੱਖ ਰਖ ਕੇ ਜਦ ਵੀ ਕਿਸੇ ਵਿਅਕਤੀ ਉਤੇ ਕੋਈ ਦੁੱਖ ਜਾਂ ਕਸ਼ਟ ਆਉਂਦਾ ਹੈ ਤਾਂ ਗੁਰੂ ਸਾਹਿਬ ਨੂੰ ਧਿਆਉਣ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ।



# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

# ਅਵਤਾਰ ਧਾਰਿਆ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਵਦੀ ਪੰਚਵੀਂ ਸੰਮਤ 1678 ਮੁਤਾਬਕ ਪਹਿਲੀ ਅਪ੍ਰੈਲ 1621 ਨੂੰ ਮਾਤਾ ਨਾਨਕੀ ਜੀ ਦੀ ਪਵਿੱਤਰ ਕੁਖੋਂ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ।

ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦੇ ਚਾਰ ਵੱਡੇ ਭਰਾ, ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ ਅਤੇ ਇਕ ਵੱਡੀ ਭੈਣ ਬੀਬੀ ਵੀਰੋ ਜੀ ਸਨ। ਆਪ ਜੀ ਦੇ ਅਵਤਾਰ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਜਦ ਆਪ ਜੀ ਨੂੰ ਬਾਲਕ ਦੇ ਜਨਮ ਬਾਰੇ ਸੂਚਨਾ ਦਿੱਤੀ ਗਈ ਤਾਂ ਆਪ ਜੀ ਤੁਰੰਤ ਗੁਰੂ ਕੇ ਮਹਿਲ ਪਹੁੰਚੇ। ਇਤਿਹਾਸਕਾਰ ਲਿਖਦੇ ਹਨ ਕਿ ਜਦ ਛੇਵੇਂ ਪਾਤਸ਼ਾਹ ਨੇ ਨਵ ਜੰਮੇ ਬਾਲਕ ਦੇ ਦਰਸ਼ਨ ਕੀਤੇ ਤਾਂ ਆਪ ਜੀ ਨੇ ਸਿਰ ਝੁਕਾ ਕੇ ਨਮਸ਼ਕਾਰ ਕੀਤੀ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਉਸ ਸਮੇਂ ਆਪ ਨਾਲ ਹੋਰ ਵੀ ਸੰਗਤ ਸੀ। ਉਨ੍ਹਾਂ ਸਿੱਖ ਸੇਵਕਾਂ ਵਿਚ ਉਨ੍ਹਾਂ ਦਾ ਪਿਆਰਾ ਗੁਰਸਿੱਖ ਬਿਧੀ ਚੰਦ ਵੀ ਸੀ। ਬਿਧੀ ਚੰਦ ਹੈਰਾਨ ਹੋਇਆ ਕਿ ਗੁਰੂ ਸਾਹਿਬ ਨੇ ਤਾਂ ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ, ਪਰ ਉਨ੍ਹਾਂ ਇਕ ਬਾਲਕ ਨੂੰ ਸਿਰ ਝੁਕਾ ਕੇ ਬੰਦਨਾ ਕੀਤੀ ਹੈ। ਇਸ ਲਈ ਉਹ ਪੁਛਣ ਤੋਂ ਨਾ ਰਹਿ ਸਕਿਆ ਅਤੇ ਗੁਰੂ ਜੀ ਅੱਗੇ ਹੱਥ ਜੋੜਕੇ ਕਹਿਣ ਲੱਗਾ, "ਮੀਰੀ ਪੀਰੀ ਦੇ ਮਾਲਕ ! ਸੱਚੇ ਪਾਤਸ਼ਾਹ ! ਇਹ ਕੀ ਕਾਰਨ ਹੈ ਕਿ ਆਪ ਜੀ ਨੇ ਇਸ ਬਾਲਕ ਨੂੰ ਨਮਸ਼ਕਾਰ ਕੀਤੀ ਹੈ।"

ਤਦ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ, "ਬਿਧੀ ਚੰਦ ! ਇਹ ਬਾਲਕ ਵੱਡਾ ਹੋ ਕੇ ਦੀਨਾਂ ਦੀ ਰੱਖਿਆ ਕਰੇਗਾ ਅਤੇ ਲੋਕਾਈ ਦੇ ਦੁੱਖਾਂ ਨੂੰ ਦੂਰ ਕਰੇਗਾ। ਇਹ ਨਿਰਭੈ ਬਾਲਕ ਜ਼ਾਲਮ ਤੁਰਕਾਂ ਦੀ ਜੜ੍ਹ ਵੀ ਉਖਾੜੇਗਾ।"

ਬਾਲਕ ਦੀ ਇਸ ਅਨੋਖੀ ਸ਼ਕਤੀ ਨੂੰ ਮੁੱਖ ਰੱਖ ਕੇ ਆਪ ਜੀ ਨੇ ਬਾਲਕ ਦਾ ਨਾਂ ਵੀ 'ਤੇਗ ਬਹਾਦਰ' ਰੱਖਿਆ। ਗੁਰੂ ਜੀ ਆਪਣੇ ਸਾਰੇ ਪੁੱਤਰਾਂ ਨਾਲੋਂ ਤੇਗ ਬਹਾਦਰ ਜੀ ਨੂੰ ਜ਼ਿਆਦਾ ਪਿਆਰ ਕਰਦੇ ਸਨ। ਉਹ ਉਨ੍ਹਾਂ ਨੂੰ ਖਿਡਾਉਣ ਵਿਚ ਬੜੀ ਖੁਸ਼ੀ ਅਨੁਭਵ ਕਰਦੇ ਸਨ। ਪੰਘੂੜੇ ਵਿਚ ਲੇਟੇ ਬਾਲਕ ਨੂੰ ਵੇਖ ਕੇ ਬਹੁਤ ਖੁਸ਼ ਹੁੰਦੇ ਸਨ ਅਤੇ ਆਪਣੇ ਪਵਿੱਤਰ ਹੱਥਾਂ ਨਾਲ ਪੰਘੂੜੇ ਨੂੰ ਹਿਲਾਉਂਦੇ ਸਨ। ਬਾਲਕ ਸ੍ਰੀ ਤੇਗ ਬਹਾਦਰ ਬਹੁਤ ਘੱਟ ਰੋਂਦੇ ਸਨ। ਉਨ੍ਹਾਂ ਦਾ ਚਿਹਰਾ ਹਰ ਵੇਲੇ ਗੁਲਾਬ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਸੀ।

ਮਾਤਾ ਨਾਨਕੀ ਜੀ ਵੀ ਬਾਲਕ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਬੱਚੇ ਦੀ ਸੇਵਾ ਸੰਭਾਲ ਦਾ ਕਾਰਜ ਖੁਦ ਨਿਭਾਉਂਦੇ ਸਨ। ਸ੍ਰੀ (ਗੁਰੂ) ਤੇਗ ਬਹਾਦਰ ਜੀ ਦੇ ਵਿਅਕਤਤਵ ਨੂੰ ਨਿਖਾਰਨ ਅਤੇ

ਸਵਾਰਨ ਵਿਚ ਆਪ ਜੀ ਦਾ ਸਭ ਤੋਂ ਵੱਧ ਯੋਗਦਾਨ ਸੀ। ਮਾਤਾ ਨਾਨਕੀ ਜੀ ਆਪ ਵੀ ਬੜੇ ਮਿੱਠ-ਬੋਲੜੇ, ਸੁੰਦਰ, ਸੁਸ਼ੀਲ ਅਤੇ ਸਦਾ ਪ੍ਰਸੰਨ ਰਹਿਣ ਵਾਲੇ ਸਨ।

ਗੁਰੂ ਤੇਗ਼ ਬਹਾਦਰ ਜੀ ਦੀ ਵੱਡੀ ਭੈਣ ਅਤੇ ਭਰਾ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਬੀਬੀ ਵੀਰੋ ਜੀ ਵੀ ਸਦਾ ਲਾਡ ਲਡਾਉਂਦੀ ਰਹਿੰਦੀ। ਬਾਲਕ ਤੇਗ਼ ਬਹਾਦਰ ਜੀ ਵੀ ਛੋਟੀ ਉਮਰ ਵਿਚ ਹੀ ਸਮਾਧੀ ਵਿਚ ਲੀਨ ਹੋ ਜਾਂਦੇ ਸਨ। ਉਨ੍ਹਾਂ ਨੂੰ ਖਾਣਾ ਪੀਣਾ ਵੀ ਭੁੱਲ ਜਾਂਦਾ। ਇਹ ਵੇਖ ਕੇ ਮਾਤਾ



ਨਾਨਕੀ ਜੀ ਅਤੇ ਵੱਡੇ ਭੈਣ ਭਰਾ ਵੀ ਫ਼ਿਕਰਮੰਦ ਹੋ ਜਾਂਦੇ ਪਰ ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਨੂੰ ਸਮਝਾਉਂਦੇ ਕਿ ਇਹ ਬਾਲਕ ਜਨਮ ਤੋਂ ਹੀ ਅੰਤਰ ਧਿਆਨ ਆਏ ਹਨ। ਇਨ੍ਹਾਂ ਦੀ ਪ੍ਰਭੂ ਨਾਲ ਬਿਰਤੀ ਲੱਗ ਜਾਂਦੀ ਹੈ। ਇਸ ਲਈ ਇਹ ਖਾਣਾ ਪੀਣਾ ਵਿਸਰ ਜਾਂਦੇ ਹਨ।

ਗੁਰੂ ਹਰਿਗੋਬਿੰਦ ਸਾਹਿਬ ਇਕ ਸ਼ਹਿਜ਼ਾਦੇ ਵਾਂਗ ਪਲੇ ਸਨ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਉਹ ਬੜੀ ਠਾਠ ਨਾਲ ਰਹਿੰਦੇ ਸਨ। ਉਹ ਆਪ ਇਕ ਮਹਾਂਵੀਰ ਯੋਧੇ ਸਨ, ਇਸ ਕਰਕੇ ਆਪਣੇ ਪੁੱਤਰਾਂ ਨੂੰ ਵੀ ਉਹ ਵੱਡੇ ਸੂਰਬੀਰ ਬਣਾਉਣਾ ਚਾਹੁੰਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਨੇ ਆਪਣੇ ਛੋਟੇ ਪੁੱਤਰ ਦਾ ਨਾਂ ਤੇਗ਼ ਬਹਾਦਰ ਰੱਖਿਆ ਸੀ ਤਾਂਕਿ ਵੱਡਾ ਹੋ ਕੇ ਉਹ ਇਕ ਅਜਿੱਤ ਯੋਧਾ ਬਣੇ। ਜਦ ਛੇਵੇਂ ਪਾਤਸ਼ਾਹ ਦੇ ਪਿਤਾ ਗੁਰੂ ਅਰਜਨ ਦੇਵ ਜੀ ਨੂੰ ਬਿਨਾਂ ਕਿਸੇ ਦੋਸ਼ ਦੇ ਜ਼ਾਲਮ ਹੁਕਮਰਾਨਾਂ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਸੀ ਤਾਂ ਉਨ੍ਹਾਂ ਮਨ ਵਿਚ ਧਾਰ ਲਿਆ ਸੀ ਕਿ ਇਨ੍ਹਾਂ ਜ਼ਾਲਮਾਂ ਦਾ ਮੁਕਾਬਲਾ ਸ਼ਸਤਰਧਾਰੀ ਹੋ ਕੇ ਹੀ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਆਪਣੇ ਪਾਸ ਫੌਜ, ਘੋੜੇ ਅਤੇ ਹਥਿਆਰ ਰੱਖਣੇ ਸ਼ੁਰੂ ਕਰ ਦਿੱਤੇ ਸਨ। (ਗੁਰੂ) ਤੇਗ਼ ਬਹਾਦਰ ਦਾ ਬਚਪਨ ਵੀ ਅਜਿਹੇ ਮਾਹੌਲ ਵਿਚੋਂ ਲੰਘ ਰਿਹਾ ਸੀ। ਉਹ ਛੋਟੀ ਉਮਰ ਵਿਚ ਹੀ ਸਮਝ ਗਏ ਸਨ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਬਹਾਦਰ ਹੋਣਾ ਜ਼ਰੂਰੀ ਹੈ।

ਉਨ੍ਹਾਂ ਦਾ ਪਾਲਣ ਪੋਸ਼ਣ ਇਕ ਸਾਹਿਬਜ਼ਾਦੇ ਵਾਂਗ ਹੋ ਰਿਹਾ ਸੀ। ਉਨ੍ਹਾਂ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ। ਛੇ ਸਾਲ ਦੀ ਉਮਰ ਤੱਕ ਉਹ ਅੰਮ੍ਰਿਤਸਰ ਰਹੇ। ਅੰਮ੍ਰਿਤਸਰ ਉਸ ਸਮੇਂ ਇਕ ਚੰਗਾ ਨਗਰ ਬਣ ਚੁਕਾ ਸੀ। ਬਚਪਨ ਵਿਚ ਹੀ ਉਹ ਘੋੜੇ ਦੀ ਸਵਾਰੀ ਕਰਨਾ ਸਿਖ ਗਏ ਸਨ। ਕਿਰਪਾਨਾਂ ਅਤੇ ਖੰਡੇ ਉਨ੍ਹਾਂ ਦੀ ਖੇਡ ਸਮੱਗਰੀ ਸੀ। ਗੁਰੂ ਘਰ ਦਾ ਬਹੁਤ ਮਾਣ ਸੀ ਅਤੇ ਬੱਚਿਆਂ ਵਾਸਤੇ ਨਿੱਤ ਨਵੀਆਂ ਤੋਂ ਨਵੀਆਂ ਸੁ਼ਗਾਤਾਂ ਅਤੇ ਤੋਹਫ਼ੇ ਭੇਂਟ ਹੁੰਦੇ ਸਨ। ਭਾਈ ਬਿਧੀ ਚੰਦ ਨੂੰ ਘੋੜ-ਸਵਾਰੀ ਦਾ ਉਸਤਾਦ ਮੰਨਿਆ ਜਾਂਦਾ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਜ਼ਿੰਮੇਂਵਾਰੀ ਲਾਈ ਕਿ ਉਹ ਛੋਟੇ ਪੁੱਤਰ ਤੇਗ਼ ਬਹਾਦਰ ਨੂੰ ਘੋੜ-ਸਵਾਰੀ ਦੀ ਸਿੱਖਿਆ ਦੇਣ। ਭਾਈ ਬਿਧੀ ਚੰਦ ਰੋਜ਼ ਉਹਨਾਂ ਨੂੰ ਬਾਹਰ ਖੁਲ੍ਹੀ ਥਾਂ ਲੈ ਜਾਂਦੇ ਅਤੇ ਘੋੜ-ਸਵਾਰੀ ਦੇ ਹਰ ਪ੍ਰਕਾਰ ਦੇ ਕਰਤਬ ਸਿਖਾਉਂਦੇ। ਸ੍ਰੀ ਤੇਗ਼ ਬਹਾਦਰ ਦੀ ਬਿਰਤੀ ਬੇਸ਼ੱਕ ਹਰ ਵੇਲੇ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਸੀ, ਪਰ ਉਹ ਦੁਨਿਆਵੀ ਕਾਰਜਾਂ ਨੂੰ ਵੀ ਬੜੀ ਜਲਦੀ ਸਿਖ ਜਾਂਦੇ ਸਨ। ਇਸ ਲਈ ਛੋਟੀ ਉਮਰ ਵਿਚ ਹੀ ਉਹ ਇਕੱਲੇ ਘੋੜੇ ਦੀ ਸਵਾਰੀ ਕਰ ਲੈਂਦੇ ਸਨ। ਸ੍ਰੀ ਤੇਗ਼ ਬਹਾਦਰ ਸਾਹਿਬ ਰੋਜ਼ ਜੰਗੀ ਮਸ਼ਕਾਂ ਵੀ ਕਰਦੇ ਸਨ ਅਤੇ ਬੜੀ ਛੇਤੀ ਹੀ ਉਹ ਹਰ ਪ੍ਰਕਾਰ ਦਾ ਹਥਿਆਰ ਚਲਾਉਣਾ ਸਿਖ ਗਏ ਸਨ। ਇਹੋ ਕਾਰਨ ਸੀ ਕਿ ਕਰਤਾਰਪੁਰ ਦੀ ਜੰਗ ਵਿਚ ਉਹਨਾਂ ਨੇ ਜੋ ਕਰਤਬ ਵਿਖਾਏ ਉਹਨਾਂ ਨੂੰ ਵੇਖ ਕੇ ਸਥਾਨਕ ਲੋਕ ਹੈਰਾਨ ਰਹਿ ਗਏ ਸਨ। ਇਹ ਉਹ ਸਮਾਂ ਸੀ ਜਦ ਸ੍ਰੀ ਤੇਗ਼ ਬਹਾਦਰ ਸਾਹਿਬ ਕਰਤਾਰਪੁਰ ਵਿਖੇ ਨਵੇਂ ਨਵੇਂ ਵਿਆਹੇ ਗਏ ਸਨ ਅਤੇ ਉਹਨਾਂ ਦੇ ਸੌਰਿਆਂ ਦਾ ਪਰਿਵਾਰ ਉਹਨਾਂ ਦੀ ਜੰਗ ਨੂੰ ਵੇਖ ਰਿਹਾ ਸੀ।

# ਬਾਬਾ ਅਟੱਲ ਰਾਇ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੁਭਾਅ ਬੜਾ ਨਰਮ ਅਤੇ ਸਹਿਣਸ਼ੀਲਤਾ ਵਾਲਾ ਸੀ। ਆਪ ਕਿਸੇ ਦਾ ਦੁੱਖ ਨਹੀਂ ਬਰਦਾਸ਼ਤ ਕਰ ਸਕਦੇ ਸਨ। ਇਕ ਵਾਰ ਕਿਸੇ ਗ਼ਰੀਬ ਲੋੜਵੰਦ ਨੂੰ ਕੁਝ ਪੈਸਿਆਂ ਦੀ ਲੋੜ ਸੀ। ਗੁਰੂ ਜੀ ਨੂੰ ਜਦ ਉਸ ਬਾਰੇ ਪਤਾ ਲੱਗਾ ਤਾਂ ਆਪ ਘਰ ਵਿਚੋਂ ਕੁਝ ਸਾਮਾਨ ਲੈ ਕੇ ਉਸਨੂੰ ਦੇ ਆਏ। ਜਦ ਮਾਤਾ ਜੀ ਨੇ ਇਸ ਬਾਰੇ ਪੁੱਛਿਆ ਤਾਂ ਆਪ ਨੇ ਫੁਰਮਾਇਆ, 'ਐਸੇ ਸਾਮਾਨ ਨੂੰ ਅਸੀਂ ਕੀ ਕਰਨਾ, ਉਹ ਸਾਡੀ ਵਰਤੋਂ ਵਿਚ ਨਹੀਂ ਸੀ ਆਉਂਦਾ, ਪਰ ਉਸ ਗ਼ਰੀਬ ਦਾ ਕਾਰਜ ਸਿਰੇ ਚੜ੍ਹ ਜਾਏਗਾ।" ਇਤਿਹਾਸਕਾਰ ਲਿਖਦੇ ਹਨ ਕਿ ਆਪ ਜੀ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੇ ਵਿਆਹ ਸਮੇਂ ਆਪ ਨੂੰ ਕੀਮਤੀ ਪੋਸ਼ਾਕ ਅਤੇ ਸੋਨੇ ਦੇ ਕੜੇ ਅਤੇ ਹਾਰ ਪਹਿਨਾਏ ਗਏ ਸਨ। ਉਸ ਸਮੇਂ ਆਪ ਜੀ ਦੀ ਉਮਰ ਕੇਵਲ ਚਾਰ ਸਾਲ ਦੀ ਸੀ। ਜਦ ਜੰਞ ਚੱਲਣ ਲੱਗੀ ਤਾਂ ਆਪ ਜੀ ਦੀ ਨਜ਼ਰ ਇਕ ਭੁੱਖੇ ਨੰਗੇ ਗ਼ਰੀਬ ਬੱਚੇ ਤੇ ਪੈ ਗਈ ਤਾਂ ਆਪ ਉਸ ਬਾਲਕ ਨੂੰ ਦੌੜ ਕੇ ਮਿਲੇ ਤੇ ਆਪਣੇ ਕੱਪੜੇ ਅਤੇ ਗਹਿਣੇ ਉਸ ਨੂੰ ਦੇ ਆਏ। ਗੁਰੂ ਹਰਿਗੋਬਿੰਦ ਸਾਹਿਬ ਜੀ ਉਨ੍ਹਾਂ ਦੇ ਇਸ ਕਾਰਜ ਨੂੰ ਵੇਖ ਕੇ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਓਸੇ ਵੇਲੇ ਕਿਹਾ ਕਿ ਸ੍ਰੀ (ਗੁਰੂ) ਤੇਗ਼ ਬਹਾਦਰ ਨੂੰ ਨਵੇਂ ਕੱਪੜੇ ਅਤੇ ਗਹਿਣੇ ਪਵਾਏ ਜਾਣ। ਇਸ ਤਰ੍ਹਾਂ ਆਪ ਦਾ ਸੁਭਾਅ ਬਚਪਨ ਤੋਂ ਹੀ ਬੜਾ ਦਿਆਲੂ ਸੀ। ਅਜਿਹੇ ਸੁਭਾਅ ਕਾਰਨ ਹੀ ਆਪ ਵੱਡੇ ਹੋ ਕੇ ਕਸ਼ਮੀਰੀ ਪੰਡਿਤਾਂ ਦੇ ਦੁੱਖ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਉਨ੍ਹਾਂ ਦੀ ਰੱਖਿਆ ਲਈ ਆਪਣੀ ਕੁਰਬਾਨੀ ਦੇ ਦਿੱਤੀ।

ਮਾਤਾ ਨਾਨਕੀ ਦੀ ਕੁੱਖੋਂ ਪੈਦਾ ਹੋਏ ਆਪ ਦੇ ਵੱਡੇ ਭਰਾ ਬਾਬਾ ਅਟੱਲ ਰਾਇ ਸਨ। ਉਹ ਆਪ ਤੋਂ ਕੇਵਲ ਦੋ ਸਾਲ ਹੀ ਵੱਡੇ ਸਨ। ਇਸੇ ਕਰਕੇ ਹੀ ਇਨ੍ਹਾਂ ਦੋਹਾਂ ਭਰਾਵਾਂ ਦਾ ਬੜਾ ਪਿਆਰ ਸੀ ਤੇ ਆਪ ਦੋਵੇਂ ਆਪਣੇ ਹਾਣੀਆਂ ਨਾਲ ਖੇਡਿਆ ਕਰਦੇ ਸਨ। ਬਾਬਾ ਅਟੱਲ ਰਾਇ ਵੀ ਆਪ ਵਾਂਗ ਭਗਤੀ ਵਿਚ ਲੀਨ ਰਹਿਣ ਵਾਲੇ ਸਨ। ਇਕ ਵਾਰ ਬਾਬਾ ਅਟੱਲ ਰਾਇ ਅਤੇ ਗੁਰੂ ਤੇਗ਼ ਬਹਾਦਰ ਆਪਣੇ ਹਾਣੀਆਂ ਨਾਲ ਲੁਕਣ-ਮੀਚੀ ਖੇਡ ਰਹੇ ਸਨ। ਲੱਭਣ ਦੀ ਜਿਸ ਦੀ ਵਾਰੀ ਆਉਂਦੀ ਉਸ ਨੂੰ ਆਪਣੀ ਵਾਰੀ ਦੇਣੀ ਹੀ ਪੈਂਦੀ ਸੀ। ਇਕ ਦਿਨ ਰਾਤ ਪੈ ਗਈ ਤੇ ਹਨੇਰਾ ਹੋਣ ਕਰਕੇ ਖੇਡ ਬੰਦ ਕਰਨੀ ਪਈ। ਪਰ ਲੱਭਣ ਦੀ ਮੀਟੀ ਮੋਹਣ ਨਾਂ ਦੇ ਇਕ ਬਾਲਕ ਦੇ ਸਿਰ ਰਹਿ ਗਈ। ਅਗਲੇ ਦਿਨ ਦੋਵੇਂ ਭਰਾ ਅਤੇ ਹੋਰ ਬੱਚੇ ਮੋਹਣ ਦੇ ਘਰ ਗਏ ਕਿ ਉਹ ਆ ਕੇ ਉਸ ਦੇ ਸਿਰ ਆਈ ਮੀਟੀ ਦੇਵੇ। ਸਾਰੇ ਬੱਚਿਆਂ ਦਾ ਖ਼ਿਆਲ ਸੀ ਕਿ ਮੋਹਣ ਮੀਟੀ ਤੋਂ ਡਰਦਾ ਖੇਡਣ ਨਹੀਂ ਆਇਆ।

ਜਦ ਸਾਰੇ ਹਾਣੀ ਇਕੱਠੇ ਹੋ ਕੇ ਉਸ ਬਾਲਕ ਦੇ ਘਰ ਗਏ ਤਾਂ ਆਪ ਨੂੰ ਪਤਾ ਲੱਗਾ ਕਿ ਮੋਹਣ ਦੀ ਸੱਪ ਲੜ ਜਾਣ ਕਾਰਨ ਮੌਤ ਹੋ ਗਈ ਹੈ। ਲੋਕ ਇਕੱਠੇ ਹੋਏ ਸੀ ਅਤੇ ਉਸਦੇ ਮਾਂ-ਬਾਪ ਵਿਰਲਾਪ ਕਰ ਰਹੇ ਸਨ। ਪਰ ਬਾਬਾ ਅਟੱਲ ਨੇ ਉਨ੍ਹਾਂ ਦੇ ਵਰਲਾਪ ਦੀ ਪ੍ਰਵਾਹ ਨਾ ਕੀਤੀ ਅਤੇ ਕਹਿਣ ਲੱਗੇ,

"ਇਹ ਜਾਣ-ਬੁੱਝ ਕੇ ਘੇਸ ਮਾਰ ਕੇ ਪਿਆ ਹੈ ਤਾਂਕਿ ਮੀਟੀ ਨਾ ਦੇਣੀ ਪਵੇ। ਮੈਂ ਹੁਣੇ ਹੀ ਇਸਨੂੰ ਸੋਟੀ ਮਾਰ ਕੇ ਦੱਸਦਾ ਹਾਂ ਕਿ ਘੇਸ ਕਿਵੇਂ ਮਾਰੀ ਜਾਂਦੀ ਹੈ।" ਬਾਬਾ ਅਟੱਲ ਰਾਇ ਨੇ ਸੋਟੀ ਫੜ ਕੇ ਜਦ ਮੋਹਣ ਨੂੰ ਜ਼ੋਰ ਨਾਲ ਹਿਲਾਇਆ ਤਾਂ ਉਹ ਉੱਠ ਕੇ ਬੈਠ ਗਿਆ। ਫਿਰ ਸਾਰੇ ਤਾੜੀਆਂ ਮਾਰ ਕੇ ਹੱਸਣ ਲੱਗੇ ਅਤੇ ਕਹਿਣ ਲੱਗੇ, "ਬੱਚੂ ਇਹ ਬਹਾਨੇ ਬਾਜ਼ੀ ਨਹੀਂ ਚਲਣੀ, ਉੱਠ ਅਤੇ ਆਪਣੀ ਰਾਤ ਵਾਲੀ ਮੀਟੀ ਦੇਵੋ।" ਮੋਹਣ ਉੱਠ ਕੇ ਬਾਹਰ ਆ ਗਿਆ ਅਤੇ ਸਾਰੇ ਬੱਚੇ ਫਿਰ ਖੇਡਣ ਲੱਗ ਪਏ।

ਪਰ ਮੋਹਣ ਦੇ ਮਾਂ-ਬਾਪ ਅਤੇ ਗਲੀ ਮਹੱਲੇ ਦੇ ਲੋਕ ਜਾਣਦੇ ਸਨ ਕਿ ਮੋਹਣ ਮਰ ਚੁਕਾ ਸੀ ਅਤੇ ਬਾਬੇ ਅਟੱਲ ਰਾਇ ਨੇ ਇਸ ਨੂੰ ਆਪਣੀ ਸ਼ਕਤੀ ਨਾਲ ਜ਼ਿੰਦਾ ਕੀਤਾ ਹੈ। ਇਸ ਲਈ ਇਹ ਖ਼ਬਰ ਹੌਲੀ ਹੌਲੀ ਗੁਰੂ ਹਰਿਗੋਬਿੰਦ ਸਾਹਿਬ ਪਾਸ ਵੀ ਪਹੁੰਚ ਗਈ। ਸੱਚੇ ਪਾਤਸ਼ਾਹ ਆਪ ਜਾਣੀਜਾਣ ਸਨ, ਉਨ੍ਹਾਂ ਨੂੰ ਇਹ ਪਤਾ ਸੀ ਕਿ ਬਾਬਾ ਅਟੱਲ ਰਾਇ ਹਰ ਪ੍ਰਕਾਰ ਦੀ ਕਰਾਮਾਤ ਦਾ ਮਾਲਕ ਸੀ। ਉਸ ਦੀ ਸਮਾਧੀ ਤਾਂ ਪੰਘੂੜੇ ਵਿਚ ਹੀ ਲੱਗੀ ਰਹਿੰਦੀ ਸੀ। ਉਨ੍ਹਾਂ ਨੇ ਅਜਿਹੀ ਘਟਨਾ ਨੂੰ ਠੀਕ ਨਾ ਸਮਝਿਆ, ਕਿਉਂਕਿ ਮਹਾਂਪੁਰਖ ਕਦੇ ਕਰਾਮਾਤਾਂ ਨਹੀਂ ਵਿਖਾਉਂਦੇ। ਕਰਾਮਾਤ ਕਹਿਰ ਦਾ ਨਾਂ ਹੈ। ਇਕ ਸੱਚੇ ਸਿੱਖ ਦਾ ਧਰਮ ਹੈ ਕਿ ਉਹ ਰਿਧੀਆਂ ਸਿਧੀਆਂ 'ਤੇ ਭਰੋਸਾ ਨਾ ਕਰੇ। ਉਹ ਸਮਝਦੇ ਸਨ ਕਿ ਉਸ ਘਟਨਾ ਦਾ ਜੇ ਲੋਕਾਂ ਨੂੰ ਪਤਾ ਲੱਗਾ ਤਾਂ ਜਦ ਵੀ ਕੋਈ ਮਰੇਗਾ ਤਾਂ ਉਨ੍ਹਾਂ ਦੇ ਘਰ ਵਾਲੇ ਲਾਸ਼ ਚੁੱਕ ਕੇ ਬਾਬੇ ਅਟੱਲ ਰਾਇ ਪਾਸ ਲੈ ਆਇਆ ਕਰਨਗੇ ਕਿ ਇਸ ਨੂੰ ਜ਼ਿੰਦਾ ਕਰ ਦੇਵੋ।

ਇਸ ਤੱਥ ਨੂੰ ਮੁੱਖ ਰੱਖਕੇ ਉਨ੍ਹਾਂ ਬਾਲਕ ਅਟੱਲ ਰਾਇ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਪੁੱਤਰ ਤੂੰ ਅੱਜ ਕਿਵੇਂ ਪ੍ਰਭੂ ਦਾ ਸ਼ਰੀਕ ਬਣ ਗਿਆ ਹੈਂ ? ਇਹ ਕੰਮ ਪ੍ਰਭੂ ਦਾ ਹੈ ਕਿ ਉਹ ਕਿਸੇ ਨੂੰ ਮਾਰੇ ਜਾਂ ਜ਼ਿੰਦਾ ਕਰੇ। ਤੂੰ ਇਹ ਚੰਗਾ ਕੰਮ ਨਹੀਂ ਕੀਤਾ। ਪ੍ਰਭੂ ਅਜਿਹੇ ਕਾਰਨਾਮਿਆਂ ਉਤੇ ਖੁਸ਼ ਨਹੀਂ ਹੁੰਦਾ।"

ਬਾਬਾ ਅਟੱਲ ਰਾਇ ਚੁੱਪ ਰਹੇ, ਪਰ ਆਪਣੇ ਪਿਤਾ ਦੀ ਗੱਲ ਸੁਣ ਕੇ ਬਹੁਤ ਸ਼ਰਮਸਾਰ ਹੋਏ। ਉਨ੍ਹਾਂ ਇਹ ਮਨ ਬਣਾ ਲਿਆ ਕਿ ਹੁਣ ਉਨ੍ਹਾਂ ਦਾ ਇਸ ਦੁਨੀਆਂ ਵਿਚ ਰਹਿਣਾ ਯੋਗ ਨਹੀਂ ਹੋਵੇਗਾ। ਇਸ ਲਈ ਉਨ੍ਹਾਂ ਉਸੇ ਸਮੇਂ ਸਮਾਧੀ ਲਾ ਕੇ ਆਪਣੇ ਪ੍ਰਾਣ ਤਿਆਗ ਦਿੱਤੇ। ਜਦ ਸੰਗਤ ਨੇ ਉਨ੍ਹਾਂ ਨੂੰ ਵੇਖਿਆ, ਟੋਹਿਆ ਅਤੇ ਹਿਲਾਇਆ ਤਾਂ ਸਭ ਹੈਰਾਨ ਰਹਿ ਗਏ ਕਿ ਬਾਬਾ ਅਟੱਲ ਰਾਇ ਸੰਸਾਰ ਛੱਡ ਕੇ ਚਲੇ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਤਾਂ ਪਹਿਲਾਂ ਹੀ ਜਾਣ ਗਏ ਸਨ। ਉਨ੍ਹਾਂ ਆਪਣੇ ਹੱਥੀਂ ਬੱਚੇ ਦਾ ਸਸਕਾਰ ਕੀਤਾ ਅਤੇ ਲੋਕਾਂ ਨੂੰ ਧੀਰਜ ਦਿੱਤਾ ਕਿ ਉਹ ਇਸ ਬਾਰੇ ਦੁਖੀ ਨਾ ਹੋਣ। ਉਨ੍ਹਾਂ ਸਾਰਿਆਂ ਨੂੰ ਉਪਦੇਸ਼ ਦਿੱਤਾ ਕਿ ਮਨੁੱਖ ਦੀ ਜ਼ਿੰਦਗੀ ਅਤੇ ਮੌਤ ਪ੍ਰਭੂ ਦੇ ਹੱਥ ਹੈ। ਉਸ ਦੀ ਮਰਜ਼ੀ ਅਤੇ ਰਜ਼ਾ ਵਿਚ ਹੀ ਸਭ ਕੁਝ ਹੋ ਰਿਹਾ ਹੈ, ਇਸ ਲਈ ਸਾਨੂੰ ਕਿਸੇ ਦੇ ਜਨਮ ਉਤੇ ਨਾ ਖੁਸ਼ ਹੀ ਹੋਣਾ ਚਾਹੀਦਾ ਹੈ ਅਤੇ ਨਾ ਮੌਤ ਉਤੇ ਗ਼ਮ ਕਰਨਾ ਚਾਹੀਦਾ ਹੈ। ਗੁਰੂ ਤੇਗ਼ ਬਹਾਦਰ ਜੀ ਵੀ ਉਸ ਸਮੇਂ ਉਥੇ ਹਾਜ਼ਰ ਸਨ। ਇਸ ਘਟਨਾ ਦਾ ਉਨ੍ਹਾਂ ਦੇ ਮਨ ਉਤੇ ਬੜਾ ਡੂੰਗਾ ਪ੍ਰਭਾਵ ਪਿਆ। ਉਨ੍ਹਾਂ ਵੀ ਮਨ ਵਿਚ

ਦ੍ਰਿੜ੍ਹ ਕਰ ਲਿਆ ਕਿ ਮਨੁੱਖ ਨੂੰ ਖੁਸ਼ੀਆਂ ਗ਼ਮੀਆਂ ਤੋਂ ਉੱਪਰ ਉਠਣਾ ਚਾਹੀਦਾ ਹੈ। ਇਹੋ ਕਾਰਨ ਸੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਆਪਣੀ ਸਾਰੀ ਜ਼ਿੰਦਗੀ ਅਡੋਲ ਰਹੇ। ਉਨ੍ਹਾਂ ਸਾਰੀ ਜ਼ਿੰਦਗੀ ਵਿਚ ਕਿਸੇ ਦਾ ਦਿਲ ਨਹੀਂ ਸੀ ਦੁਖਾਇਆ। ਗੁਰਗੱਦੀ ਮਿਲਣ ਉਪ੍ਰੰਤ ਉਨ੍ਹਾਂ ਦੇ ਲਗਪਗ ਸਾਰੇ ਰਿਸ਼ਤੇਦਾਰ ਦੁਸ਼ਮਣ ਬਣ ਗਏ ਸਨ। ਬਾਬਾ ਧੀਰ ਮੱਲ ਨੇ ਤਾਂ ਉਨ੍ਹਾਂ ਨੂੰ ਮਾਰਨ ਦੀ ਵੀ ਕੋਸ਼ਿਸ਼ ਕੀਤੀ। ਪਰ ਉਨ੍ਹਾਂ ਕਿਸੇ ਪਾਸੋਂ ਬਦਲਾ ਲੈਣ ਦਾ ਵਿਚਾਰ ਨਾ ਬਣਾਇਆ। ਉਹ ਇਕ ਸ਼ਾਂਤੀ ਦੀ ਮੂਰਤ ਸਨ ਅਤੇ ਸਿੱਖ ਧਰਮ ਵਿਚ ਜੋ ਕਿਸੇ ਨੇ ਸ਼ਾਂਤ ਸੁਭਾਅ ਨਾਲ ਆਪਣਾ ਜੀਵਨ ਵੀ ਵਾਰ ਦਿੱਤਾ ਤਾਂ ਉਸ ਦਾ ਕੋਈ ਵੀ ਉਦਾਹਰਨ ਸੰਸਾਰ ਵਿਚ ਨਹੀਂ ਮਿਲਦਾ। ਇਕ ਗੱਲ ਹੋਰ ਵੀ ਸਮਝਣ ਵਾਲੀ ਹੈ ਕਿ ਜੋ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਪੋਤੇ ਨੂੰ ਗੁਰਗੱਦੀ ਦੇ ਦਿੱਤੀ ਸੀ ਤਾਂ ਉਹਨਾਂ ਨੇ ਇਸ ਬਾਰੇ ਕਦੀ ਵੀ ਕਿੰਤੂ ਨਹੀਂ ਕੀਤਾ ਸੀ ਅਤੇ ਜੋ ਜ਼ਿਮੇਂਵਾਰੀ ਉਹਨਾਂ ਦੇ ਪਿਤਾ ਜੀ ਉਹਨਾਂ ਨੂੰ ਸੌਂਪ ਗਏ ਸੀ ਉਹਨਾਂ ਨੇ ਪੂਰੀ ਤਨਦੇਹੀ ਨਾਲ ਪੂਰੀ ਕੀਤੀ। ਇਹੋ ਹੀ ਕਾਰਨ ਸੀ ਕਿ ਉਹਨਾਂ ਨੇ ਗੁਰਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਾਰੇ ਭਾਰਤ ਦੀ ਯਾਤਰਾ ਕੀਤੀ ਸੀ।



# ਸਿੱਖਿਆ

ਗੁਰੂ ਜੀ ਦੀ ਪੜ੍ਹਾਈ ਲਿਖਾਈ ਦਾ ਚੰਗਾ ਪ੍ਰਬੰਧ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਬੱਚੇ ਪਾਠਸ਼ਾਲਾਵਾਂ ਵਿਚ ਹਿੰਦੀ ਸੰਸਕ੍ਰਿਤ ਪੜ੍ਹਦੇ ਸਨ ਅਤੇ ਮੁਸਲਮਾਨਾਂ ਦੇ ਬੱਚੇ ਮਕਤਬਾਂ ਅਤੇ ਖਾਨਕਾਹਾਂ ਵਿਚ ਅਰਬੀ ਫ਼ਾਰਸੀ ਦੀ ਸਿੱਖਿਆ ਪ੍ਰਾਪਤ ਕਰਦੇ ਸਨ। ਪਰ ਗੁਰੂ ਨਾਨਕ ਜੀ ਨੇ ਆਪਣੀ ਸਾਰੀ ਬਾਣੀ ਗੁਰਮੁਖੀ ਵਿਚ ਲਿਖੀ। ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਆਦੇਸ਼ ਦਿੱਤਾ ਕਿ ਗੁਰਮੁਖੀ ਲਿੱਪੀ ਨੂੰ ਪ੍ਰਚੱਲਤ ਕਰਨ। ਜਦ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬੈਠੇ ਤਾਂ ਉਨ੍ਹਾਂ ਬਾਕਾਇਦਾ ਤੌਰ 'ਤੇ ਗੁਰਮੁਖੀ ਦੀ ਪੜ੍ਹਾਈ ਆਰੰਭ ਕਰਵਾ ਦਿੱਤੀ। ਉਨ੍ਹਾਂ ਨੇ ਇਕ ਬਾਲਬੋਧ ਤਿਆਰ ਕੀਤਾ ਅਤੇ ਉਸ ਅਨੁਸਾਰ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਪੰਜਾਬੀ ਗੁਰਮੁਖੀ ਅੱਖਰਾਂ ਵਿਚ ਪੜ੍ਹਾਈ ਜਾਣ ਲੱਗੀ। ਬਾਅਦ ਵਿਚ ਇਹ ਸਿੱਖੀ ਸਮਾਜ ਦੇ ਸਕੂਲ ਉਚੇਰੀ ਵਿਦਿਆ ਦਾ ਮਾਧਿਅਮ ਬਣਦੀ ਗਈ। ਗੁਰੂ ਅਮਰਦਾਸ ਜੀ ਨੇ ਅਜਿਹਾ ਇਕ ਵਿਦਿਆਲਾ ਗੋਇੰਦਵਾਲ ਸਾਹਿਬ ਵਿਚ ਕਾਇਮ ਕੀਤਾ ਅਤੇ ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਗੁਰਮੁਖੀ ਸਿਖਿਆ ਦਾ ਕੇਂਦਰ ਬਣ ਗਿਆ। ਇਨ੍ਹਾਂ ਵਿਦਿਆਲਿਆਂ ਵਿਚ ਗੁਰਮੁਖੀ ਦੇ ਨਾਲ ਨਾਲ ਰਾਗ ਵਿਦਿਆ ਵੀ ਸਿਖਾਈ ਜਾਂਦੀ ਸੀ। ਪਰ ਉਸ ਸਮੇਂ ਮੁਸਲਮਾਨੀ ਰਾਜ ਹੋਣ ਕਰਕੇ ਅਤੇ ਫ਼ਾਰਸੀ ਦਾ ਰਾਜ ਦਰਬਾਰ ਦੀ ਭਾਸ਼ਾ ਬਣ ਜਾਣ ਕਰਕੇ ਹਿੰਦੂਆਂ ਲਈ ਵੀ ਫ਼ਾਰਸੀ ਪੜ੍ਹਨੀ ਜ਼ਰੂਰੀ ਸੀ। ਜਿਸ ਵਿਅਕਤੀ ਨੇ ਵੀ ਸਰਕਾਰੀ ਨੌਕਰੀ ਕਰਨੀ ਹੁੰਦੀ ਸੀ ਉਸ ਲਈ ਫ਼ਾਰਸੀ ਬੋਲੀ ਦਾ ਗਿਆਨ ਅਤਿ ਜ਼ਰੂਰੀ ਸੀ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਨੂੰ ਚੰਗਾ ਵਿਦਵਾਨ ਬਣਾਉਣ ਲਈ ਪਹਿਲਾਂ ਬਾਬਾ ਬੁੱਢਾ ਜੀ ਪਾਸ ਪੜ੍ਹਨੇ ਪਾਇਆ ਗਿਆ। ਬਾਬਾ ਬੁੱਢਾ ਜੀ ਨੇ ਅਜਿਹਾ ਇਕ ਵਿਦਿਆਲਾ ਰਮਦਾਸ ਵਿਖੇ ਖੋਲ੍ਹਿਆ ਹੋਇਆ ਸੀ। ਬਾਬਾ ਬੁੱਢਾ ਜੀ ਪੰਜਾਬੀ ਭਾਸ਼ਾ ਦੇ ਚੰਗੇ ਵਿਦਵਾਨ ਸਨ। ਗੁਰੂ ਜੀ ਨੂੰ ਚਾਰ ਸਾਲ ਦੀ ਉਮਰ ਵਿਚ ਉਨ੍ਹਾਂ ਪਾਸ ਪੜ੍ਹਣ ਭੇਜ ਦਿੱਤਾ ਗਿਆ। ਬਾਬਾ ਅਟੱਲ ਰਾਇ ਜੀ ਨੇ ਵੀ ਉਨ੍ਹਾਂ ਪਾਸੋਂ ਹੀ ਸਿੱਖਿਆ ਪ੍ਰਾਪਤ ਕੀਤੀ ਸੀ। ਬਾਬਾ ਬੁੱਢਾ ਜੀ ਕੇਵਲ ਪੰਜਾਬੀ ਭਾਸ਼ਾ ਹੀ ਨਹੀਂ ਸਨ ਪੜ੍ਹਾਉਂਦੇ ਬਲਕਿ ਉਹ ਇਕ ਚੰਗੇ ਗੁਰਮੁਖ ਬਣਨ ਦਾ ਵੀ ਉਪਦੇਸ਼ ਦਿੰਦੇ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਗੁਰੂ ਨਾਨਕ ਜੀ ਪਾਸੋਂ ਪ੍ਰਾਪਤ ਕੀਤੀ ਸੀ। ਇਸ ਲਈ ਉਹ ਹੱਥੀਂ ਕਿਰਤ ਕਰਨ ਅਤੇ ਵੰਡ ਕੇ ਖਾਣ ਦੀ ਵੀ ਸਿੱਖਿਆ ਦਿੰਦੇ ਸਨ। ਉਸ ਸਮੇਂ ਉਹ ਬਿਲਕੁਲ ਬਿਰਧ ਹੋ ਚੁੱਕੇ ਸਨ, ਪਰ ਉਹ ਗੁਰੂ ਨਾਨਕ ਜੀ ਵਾਂਗ ਹੱਥੀਂ ਹੱਲ ਚਲਾਉਂਦੇ ਸਨ ਅਤੇ ਕਿਰਤ ਕਮਾਈ ਕਰਕੇ ਸਾਂਝੇ ਲੰਗਰ ਵਿਚੋਂ ਹੋਰਨਾਂ ਨੂੰ ਵੀ ਪ੍ਰਸ਼ਾਦਾ ਛਕਾਉਂਦੇ ਸਨ। ਗੁਰੂ ਤੇਗ਼ ਬਹਾਦਰ ਜੀ 'ਤੇ ਬਾਬਾ ਬੁੱਢਾ ਜੀ ਦੇ ਜੀਵਨ ਦਾ ਬਹੁਤ ਪ੍ਰਭਾਵ ਪਿਆ। ਉਨ੍ਹਾਂ ਦੀ ਸਿੱਖਿਆ ਦਾ ਹੀ ਇਹ ਫਲ ਸੀ ਕਿ ਗੁਰੂ ਤੇਗ਼ ਬਹਾਦਰ ਜਦ ਬਕਾਲਾ ਵਿਖੇ ਰਹਿਣ ਲੱਗੇ ਸਨ ਤਾਂ ਨਾਮ ਸਿਮਰਨ ਦੇ ਨਾਲ ਨਾਲ ਆਪਣੇ ਹੱਥੀਂ ਕਮਾਈ ਕਰਦੇ ਸਨ। ਉਹ ਕਿਸੇ ਪਾਸੋਂ ਚੜ੍ਹਾਵਾ ਨਹੀਂ ਸਨ ਲੈਂਦੇ ਅਤੇ ਨਾ ਹੀ ਕਿਸੇ

ਨੂੰ ਇਹ ਦਰਸਾਉਂਦੇ ਸਨ ਕਿ ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਸੋਢੀ ਸੁਲਤਾਨ ਸਨ। ਬਾਬਾ ਬੁੱਢਾ ਜੀ ਪਾਸੋਂ ਹੀ ਉਨ੍ਹਾਂ ਦ੍ਰਿੜ੍ਹ ਸੰਕਲਪ ਦੀ ਪ੍ਰੇਰਨਾ ਵੀ ਲਈ।

ਬਾਬਾ ਬੁੱਢਾ ਜੀ ਪਾਸੋਂ ਪੜ੍ਹਾਈ ਪੂਰੀ ਕਰਨ ਦੇ ਬਾਅਦ ਗੁਰੂ ਜੀ ਨੂੰ ਭਾਈ ਗੁਰਦਾਸ ਪਾਸ ਹੋਰ ਉਚੇਰੀ ਪੜ੍ਹਾਈ ਲਈ ਭੇਜ ਦਿੱਤਾ ਗਿਆ। ਭਾਈ ਗੁਰਦਾਸ ਜੀ ਇਕ ਉੱਚ ਕੋਟੀ ਦੇ ਵਿਦਵਾਨ ਸਨ। ਆਦਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਉਨ੍ਹਾਂ ਗੁਰੂ ਅਰਜਨ ਦੇਵ ਦੀ ਸਹਾਇਤਾ ਕੀਤੀ ਸੀ। ਆਪ ਇਕ ਉੱਚ ਕੋਟੀ ਦੇ ਕਵੀ ਵੀ ਸਨ। ਇਸ ਲਈ ਉਨ੍ਹਾਂ ਬਾਲ ਗੁਰੂ ਤੇਗ਼ ਬਹਾਦਰ ਜੀ ਨੂੰ ਕਵਿਤਾ ਬਾਰੇ ਵੀ ਗਿਆਨ ਦਿੱਤਾ। ਗੁਰੂ ਸਾਹਿਬ ਦੀ ਗੁਰਬਾਣੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਹਨਾਂ ਨੇ ਹੋਰ ਰਾਗਾਂ ਵਿਚ ਵੀ ਬਾਣੀ ਲਿੱਖੀ ਜਿਹੜੀ ਕਿ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਮੌਜੂਦ ਨਹੀਂ ਸੀ। ਅੱਜ ਵੀ ਉਹਨਾਂ ਦੀ ਬਾਣੀ ਸਾਰੇ ਵਿਸ਼ਵ ਦਾ ਮਾਰਗ ਦਰਸ਼ਨ ਕਰਦੀ ਹੈ।



ਭਾਈ ਗੁਰਦਾਸ ਜੀ ਪਾਸੋਂ ਸਿੱਖਿਆ ਪ੍ਰਾਪਤ ਕਰਨ ਦੇ ਬਾਅਦ ਆਪ ਜੀ ਨੂੰ ਰਾਗ ਵਿਦਿਆ ਸਿਖਾਉਣ ਵਾਸਤੇ ਇਕ ਵਿਦਵਾਨ ਰਬਾਬੀ ਨੂੰ ਨਿਯੁਕਤ ਕਰ ਦਿੱਤਾ ਗਿਆ। ਰਾਗ ਵਿਦਿਆ ਗੁਰਬਾਣੀ ਦਾ ਇਕ ਅਟੁੱਟ ਅੰਗ ਬਣ ਗਈ ਸੀ। ਇਸ ਲਈ ਗੁਰੂ ਘਰ ਦੇ ਸਾਰੇ ਸਾਹਿਬਜ਼ਾਦਿਆਂ ਨੂੰ ਰਾਗ ਵਿਦਿਆ ਵਿਚ ਨਿਪੁੰਨ ਬਣਾਇਆ ਜਾਂਦਾ ਸੀ। ਗੁਰੂ ਤੇਗ਼ ਬਹਾਦਰ ਜੀ ਵੀ ਰਾਗ ਵਿਦਿਆ ਵਿਚ ਛੇਤੀ ਹੀ ਨਿਪੁੰਨ ਹੋ ਗਏ। ਉਨ੍ਹਾਂ ਪਹਿਲੇ ਗੁਰੂ ਸਾਹਿਬਾਨ ਵਲੋਂ ਵਰਤੇ ਗਏ ਸਾਰੇ ਰਾਗਾਂ ਵਿਚ ਪ੍ਰਬੀਨਤਾ ਪ੍ਰਾਪਤ ਕਰ ਲਈ। ਫਿਰ ਉਨ੍ਹਾਂ ਕੁਝ ਹੋਰ ਅਜਿਹੇ ਰਾਗ ਵੀ ਸਿੱਖੇ ਜਿਹੜੇ ਪਹਿਲੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਨਹੀਂ ਸੀ ਵਰਤੇ। ਅਜਿਹਾ ਇਕ ਰਾਗ ਸੀ ਰਾਗੁ ਜੈਜਾਵੰਤੀ। ਸਤਗੁਰੂ ਬਣਨ ਤੋਂ ਬਾਅਦ ਉੱਨ੍ਹਾਂ ਨੇ 15 ਰਾਗਾਂ ਵਿਚ ਬਾਣੀ ਲਿਖੀ। ਇਹ ਰਾਗ ਹਨ ; ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਸਾਰੰਗ ਅਤੇ ਜੈਜਾਵੰਤੀ। ਇਸ ਤੋਂ ਉਪਰੰਤ ਉਨ੍ਹਾਂ ਨੇ 57 ਸਲੋਕਾਂ ਦਾ ਵੀ ਉਚਾਰਨ ਕੀਤਾ।

ਇਸ ਤੋਂ ਬਾਅਦ ਗੁਰੂ ਜੀ ਨੂੰ ਫ਼ਾਰਸੀ ਪੜ੍ਹਾਉਣ ਵਾਸਤੇ ਵੀ ਇਕ ਉਸਤਾਦ ਦਾ ਇੰਤਜ਼ਾਮ ਕੀਤਾ ਗਿਆ। ਪਰ ਕੁਝ ਕਾਰਨਾਂ ਕਰਕੇ ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਅੰਮ੍ਰਿਤਸਰ ਛੱਡਣਾ ਪਿਆ ਤਾਂ ਬਾਕੀ ਦੀ ਪੜ੍ਹਾਈ ਆਪ ਜੀ ਨੇ ਕੀਰਤਪੁਰ ਜਾ ਕੇ ਪੂਰੀ ਕੀਤੀ।

ਇਨ੍ਹਾਂ ਪੜ੍ਹਾਈਆਂ ਦੇ ਨਾਲ ਨਾਲ ਆਪ ਜੀ ਨੂੰ ਸ਼ਸਤਰ ਵਿਦਿਆ ਦੀ ਬਾਕਾਇਦਾ ਸਿਖਲਾਈ ਦਿੱਤੀ ਜਾਂਦੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਫ਼ੌਜ ਵਿਚ ਹਿੰਦੂਆਂ ਤੋਂ ਇਲਾਵਾ ਕੁਝ ਮੁਸਲਮਾਨ ਪਠਾਣ ਵੀ ਭਰਤੀ ਕੀਤੇ ਹੋਏ ਸਨ। ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਸਤਰ ਵਿਦਿਆ ਸਿਖਾਉਣ ਲਈ ਇਕ ਪਠਾਣ ਦੀ ਜ਼ਿੰਮੇਵਾਰੀ ਲਾਈ ਗਈ। ਇਸ ਪਠਾਣ ਨੇ ਆਪ ਜੀ ਨੂੰ ਮੁਗ਼ਲਾਂ ਦੇ ਲੜਨ ਦੇ ਢੰਗ ਦੀ ਸਿਖਲਾਈ ਦਿੱਤੀ। ਇਸ ਤੋਂ ਉਪਰੰਤ ਗਤਕੇ-ਬਾਜ਼ੀ, ਤੀਰ-ਅੰਦਾਜ਼ੀ ਅਤੇ ਤਲਵਾਰ-ਬਾਜ਼ੀ ਦੀ ਸਿਖਲਾਈ ਲਈ ਭਾਈ ਜੇਠਾ ਜੀ ਦੀ ਜ਼ਿੰਮੇਂਵਾਰੀ ਲਾਈ ਗਈ।

ਭਾਈ ਜੇਠਾ ਜੀ ਇਕ ਸਿਰਲੱਥ ਬਹਾਦਰ ਸਿੱਖ ਸੀ। ਜਦ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ ਤਾਂ ਭਾਈ ਜੇਠਾ ਜੀ ਜਹਾਂਗੀਰ ਦੇ ਮਹਿਲਾਂ ਵਿਚ ਜਾ ਕੇ ਉਸ ਨੂੰ ਡਰਾ ਆਏ ਸਨ। ਭਾਈ ਜੇਠਾ ਜੀ ਦੀ ਨਿਗਰਾਨੀ ਹੇਠ ਗੁਰੂ ਤੇਗ਼ ਬਹਾਦਰ ਜੀ ਬੜੀ ਛੇਤੀ ਸ਼ਸਤਰ ਵਿਦਿਆ ਵਿਚ ਪ੍ਰਬੀਨ ਹੋ ਗਏ।

ਗੁਰੂ ਹਰਿਗੋਬਿੰਦ ਸਾਹਿਬ ਜਦ ਜੰਗਲਾਂ ਵਿਚ ਸ਼ਿਕਾਰ ਖੇਡਣ ਜਾਇਆ ਕਰਦੇ ਸਨ ਤਾਂ ਗੁਰੂ ਤੇਗ਼ ਬਹਾਦਰ ਜੀ ਵੀ ਘੋੜੇ 'ਤੇ ਚੜ੍ਹ ਕੇ ਉਨ੍ਹਾਂ ਨਾਲ ਜਾਂਦੇ ਸਨ। ਉਹ ਛੋਟੀ ਉਮਰ ਵਿਚ ਵੀ ਕਿਸੇ ਪਾਸੋਂ ਡਰਦੇ ਨਹੀਂ ਸਨ ਅਤੇ ਕਈ ਵਾਰ ਇਕੱਲੇ ਹੀ ਸ਼ਿਕਾਰ ਪਿਛੇ ਘੋੜਾ ਭਜਾ ਲੈਂਦੇ ਸਨ।

# ਵਿਆਹ

ਸ੍ਰੀ (ਗੁਰੂ) ਤੇਗ ਬਹਾਦਰ ਜੀ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸ਼ਿਕਾਰ ਖੇਡਣ ਵੀ ਜਾਇਆ ਕਰਦੇ ਸਨ। ਇਕ ਵਾਰ ਜਦ ਗੁਰੂ ਹਰਿਗੋਬਿੰਦ ਜੀ ਸ਼ਿਕਾਰ ਖੇਡਣ ਗਏ ਤਾਂ ਉਨ੍ਹਾਂ ਦੇ ਸਿੱਖਾਂ ਨੇ ਮੁਗ਼ਲ ਹਾਕਮ ਦਾ ਇਕ ਸੁੰਦਰ ਬਾਜ਼ ਨੂੰ ਫੜ ਲਿਆ। ਉਹ ਮੁਗ਼ਲ ਹਾਕਮ ਗੁਲਾਮ ਰਸੂਲ ਖਾਂ ਵੀ ਉਸ ਸਮੇਂ ਓਸੇ ਜੰਗਲ ਵਿਚ ਸ਼ਿਕਾਰ ਖੇਡ ਰਿਹਾ ਸੀ। ਜਦ ਉਸ ਨੇ ਸਿੱਖਾਂ ਨੂੰ ਬਾਜ਼ ਫੜਦੇ ਵੇਖਿਆ ਤਾਂ ਉਹ ਲੜਾਈ ਲਈ ਉਤਰ ਆਇਆ। ਸਿੱਖ ਵੀ ਮੁਕਾਬਲੇ ਲਈ ਡੱਟ ਗਏ। ਗੁਲਾਮ ਰਸੂਲ ਖਾਂ ਬੁਰੀ ਤਰ੍ਹਾਂ ਘਾਇਲ ਹੋ ਗਿਆ ਅਤੇ ਉਸਦੇ ਸਿਪਾਹੀ ਮਾਰੇ ਗਏ।

ਜਦ ਲਾਹੌਰ ਦੇ ਹਾਕਮ ਕੁਲੀਜ਼ ਖਾਂ ਨੂੰ ਇਸ ਘਟਨਾ ਦੀ ਸੂਚਨਾ ਮਿਲੀ ਤਾਂ ਉਸਨੇ ਸੱਤ ਹਜ਼ਾਰ ਫ਼ੌਜ ਦੇ ਕੇ ਫ਼ੌਜਦਾਰ ਮੁਖ਼ਲਿਸ ਖ਼ਾਂ ਨੂੰ ਅੰਮ੍ਰਿਤਸਰ ਉਤੇ ਹਮਲਾ ਕਰਨ ਲਈ ਭੇਜਿਆ। ਅਗਲੇ ਦਿਨ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ ਬੀਬੀ ਵੀਰੋ ਜੀ ਦੀ ਸ਼ਾਦੀ ਸੀ। ਜਦ ਗੁਰੂ ਜੀ ਨੂੰ ਸ਼ਾਹੀ



ਫ਼ੌਜ ਦੇ ਆਉਣ ਦਾ ਪਤਾ ਲੱਗਾ ਤਾਂ ਉਨ੍ਹਾਂ ਵਿਆਹ ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੂਰ ਝਬਾਲ ਵਿਖੇ ਜਾ ਕੀਤਾ। ਉਨ੍ਹਾਂ ਆਪਣੇ ਜਰਨੈਲ ਬਿਧੀ ਚੰਦ ਨੂੰ ਮੁਕਾਬਲਾ ਕਰਨ ਲਈ ਭੇਜਿਆ। ਇਸ ਲੜਾਈ ਵਿਚ ਮੁਖ਼ਲਿਸ ਖ਼ਾਂ ਮਾਰਿਆ ਗਿਆ ਅਤੇ ਗੁਰੂ ਸਾਹਿਬ ਦੀ ਜਿੱਤ ਹੋਈ। (ਗੁਰੂ) ਤੇਗ਼ ਬਹਾਦਰ ਜੀ ਦੀ ਉਮਰ ਉਸ ਵੇਲੇ ਕੇਵਲ ਸੱਤ ਸਾਲ ਦੀ ਸੀ, ਪਰ ਉਹ ਕਿਲ੍ਹੇ ਵਿਚ ਬੈਠੇ ਸਾਰੇ ਕੌਤਕ ਵੇਖਦੇ ਰਹੇ।

ਇਨ੍ਹਾਂ ਦਿਨਾਂ ਵਿਚ ਹੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਚੜ੍ਹਾਈ ਕਰ ਗਏ ਸਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਨੂੰ ਉਨ੍ਹਾਂ ਦੇ ਆਖਰੀ ਸਮੇਂ ਦਰਸ਼ਨ ਦਿੱਤੇ। (ਗੁਰੂ) ਤੇਗ਼ ਬਹਾਦਰ ਜੀ ਹਰ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਰਹਿੰਦੇ ਸਨ। ਗੁਰੂ ਸਾਹਿਬ ਦੀ ਤੀਸਰੀ ਜੰਗ ਮਾਲਵੇ ਵਿਚ ਨਧਾਨੇ ਵਿਚ ਇਕ ਮੁਗ਼ਲ ਫ਼ੌਜਦਾਰ ਲੱਲਾ ਬੇਗ ਨਾਲ ਹੋਈ। ਏਥੇ ਵੀ ਬੜਾ ਘਮਸਾਨ ਦਾ ਯੁੱਧ ਹੋਇਆ, ਪਰ ਲੱਲਾ ਬੇਗ ਮਾਰਿਆ ਗਿਆ। ਗੁਰੂ ਸਾਹਿਬ ਜਿੱਤ ਦੀਆਂ ਖ਼ੁਸ਼ੀਆਂ ਮਨਾਉਂਦੇ ਹੋਏ ਕਰਤਾਰਪੁਰ ਆ ਗਏ।

ਜਦ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਰਹਿ ਰਹੇ ਸਨ ਤਾਂ ਏਥੋਂ ਦੇ ਰਹਿਣ ਵਾਲੇ ਇਕ ਗੁਰਸਿੱਖ, ਭਾਈ ਲਾਲ ਚੰਦ ਦਾ ਗੁਰੂ ਹਰਿਗੋਬਿੰਦ ਸਾਹਿਬ ਨਾਲ ਬਹੁਤ ਪਿਆਰ ਹੋ ਗਿਆ। ਉਹ ਅਤੇ ਉਸਦਾ ਪਰਿਵਾਰ ਗੁਰੂ ਘਰ ਦੀ ਤਨ ਮਨ ਨਾਲ ਸੇਵਾ ਕਰਦੇ ਸਨ। (ਗੁਰੂ) ਤੇਗ਼ ਬਹਾਦਰ ਜੀ ਵੀ ਉਸ ਸਮੇਂ ਜਵਾਨ ਹੋ ਰਹੇ ਸਨ। ਉਹ ਆਪਣੇ ਪਿਤਾ ਵਾਂਗ ਛੋਟੀ ਉਮਰ ਵਿਚ ਹੀ ਲੰਮਾ ਕੱਦ ਕੱਢ ਰਹੇ ਸਨ। ਭਾਈ ਲਾਲ ਚੰਦ ਦੀ ਵੀ ਇਕ ਸਪੁੱਤਰੀ ਬੀਬੀ ਗੁਜਰੀ (ਗੁਰੂ) ਤੇਗ਼ ਬਹਾਦਰ ਦੀ ਆਯੂ ਦੀ ਸੀ। ਜਦ ਲਾਲ ਚੰਦ ਨੇ ਆਪਣੀ ਧੀ ਦੇ ਸਾਕ ਬਾਰੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਇਸ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਸਾਕ ਪੱਕਾ ਹੋ ਗਿਆ। ਏਥੇ ਰਹਿੰਦਿਆਂ ਹੀ ਈਸਵੀ ਸੰਨ 1632 ਵਿਚ (ਗੁਰੂ) ਤੇਗ਼ ਬਹਾਦਰ ਜੀ ਦਾ ਵਿਆਹ ਹੋ ਗਿਆ। ਇਹ ਵਿਆਹ ਬੜੀ ਧੂਮ-ਧਾਮ ਨਾਲ ਹੋਇਆ ਅਤੇ ਹਜ਼ਾਰਾਂ ਸਿੱਖ ਅਤੇ ਗੁਰੂ ਪ੍ਰੇਮੀ ਇਸ ਖ਼ੁਸ਼ੀ ਦੇ ਮੌਕੇ 'ਤੇ ਪੁੱਜੇ। ਇਸ ਵਿਆਹ ਦੀ ਖ਼ੁਸ਼ੀ ਵਿਚ ਗੁਰੂ ਸਾਹਿਬ ਨੇ ਉਸ ਸਾਲ ਦੀ ਵਿਸਾਖੀ ਕਰਤਾਰਪੁਰ ਵਿਖੇ ਹੀ ਮਨਾਉਣ ਦਾ ਆਦੇਸ਼ ਦਿੱਤਾ। ਸੰਗਤਾਂ ਦੂਰੋਂ ਦੂਰੋਂ ਕਰਤਾਰਪੁਰ ਵਿਖੇ ਪੁੱਜਣ ਲੱਗੀਆਂ। ਉਸ ਸਾਲ ਵਿਸਾਖੀ ਦੀਆਂ ਰੌਣਕਾਂ ਵੇਖਣ ਹੀ ਵਾਲੀਆਂ ਸਨ। ਇਸ ਮੌਕੇ 'ਤੇ ਸਿੱਖ ਸੇਵਕ ਕਈ ਪ੍ਰਕਾਰ ਦੀਆਂ ਸੁਗਾਤਾਂ ਲੈ ਕੇ ਹਾਜ਼ਰ ਹੋਏ। ਸੈਂਕੜੇ ਘੋੜੇ ਅਤੇ ਹਥਿਆਰ ਦਰਬਾਰ ਵਿਚ ਚੜ੍ਹਾਏ ਗਏ। ਮਾਇਆ ਦਾ ਵੀ ਕੋਈ ਅੰਤ ਨਹੀਂ ਸੀ।

ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਸੇਵਕ ਪੈਂਦੇ ਖ਼ਾਂ ਬੜਾ ਵਫ਼ਾਦਾਰ ਅਤੇ ਬਹਾਦਰ ਸੀ। ਗੁਰੂ ਜੀ ਨੇ ਉਸਨੂੰ ਬਚਪਨ ਤੋਂ ਹੀ ਪਾਲਿਆ ਸੀ। ਪਰ ਪੈਂਦੇ ਖ਼ਾਂ ਦਾ ਜਵਾਈ ਉਸਮਾਨ ਖ਼ਾਂ ਬੜਾ ਲਾਲਚੀ ਅਤੇ ਚੋਰ ਸੀ। ਵਿਸਾਖੀ ਦੇ ਮੌਕੇ ਤੇ ਚੜ੍ਹਾਵੇ ਵਜੋਂ ਇਕੱਠੀ ਹੋਈ ਮਾਇਆ ਉਸ ਪਾਸੋਂ ਜਰੀ ਨਾ ਗਈ ਅਤੇ

ਉਹ ਕਈ ਕੀਮਤੀ ਵਸਤਾਂ ਚੋਰੀ ਕਰ ਕੇ ਲੈ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਅਹਿਲਕਾਰਾਂ ਨੂੰ ਉਸਮਾਨ ਖ਼ਾਂ ਦੇ ਘਰ ਦੀ ਤਲਾਸ਼ੀ ਲੈਣ ਦਾ ਹੁਕਮ ਦੇ ਦਿੱਤਾ। ਸਾਰੀਆਂ ਕੀਮਤੀ ਵਸਤਾਂ ਜਿਨ੍ਹਾਂ ਵਿਚ ਇਕ ਬਾਜ਼ ਵੀ ਸ਼ਾਮਲ ਸੀ, ਉਸਦੇ ਘਰ ਤੋਂ ਬਰਾਮਦ ਹੋ ਗਈਆਂ। ਉਸਮਾਨ ਖ਼ਾਂ ਨੇ ਇਸ ਵਿਚ ਆਪਣੀ ਹੇਠੀ ਸਮਝੀ ਅਤੇ ਉਸ ਨੇ ਆਪਣੇ ਸਹੁਰੇ ਪੈਂਦੇ ਖ਼ਾਂ ਨੂੰ ਵੀ ਗੁਰੂ ਸਾਹਿਬ ਦੇ ਖਿਲਾਫ਼ ਕਰ ਦਿੱਤਾ। ਪੈਂਦੇ ਖ਼ਾਂ ਅਤੇ ਉਸਮਾਨ ਖ਼ਾਂ ਲਾਹੌਰ ਦੇ ਸੂਬੇ ਨੂੰ ਜਾ ਮਿਲੇ ਅਤੇ ਗੁਰੂ ਸਾਹਿਬ ਵਿਰੁੱਧ ਬਹੁਤ ਪ੍ਰਚਾਰ ਕੀਤਾ। ਉਨ੍ਹਾਂ ਦੀ ਬੇਨਤੀ ਉਤੇ ਇਕ ਮੁਗ਼ਲ ਜਰਨੈਲ ਕਾਲੇ ਖ਼ਾਂ ਇਕ ਵੱਡੀ ਫ਼ੌਜ ਲੈ ਕੇ ਕਰਤਾਰਪੁਰ ਆ ਗਿਆ। ਉਸ ਕਰਤਾਰਪੁਰ ਨੂੰ ਘੇਰਾ ਪਾ ਲਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਆਪਣੀ ਫ਼ੌਜ ਨੂੰ ਤਿਆਰ ਹੋਣ ਦਾ ਹੁਕਮ ਦੇ ਦਿੱਤਾ। ਬੜਾ ਭਿਆਨਕ ਯੁੱਧ ਆਰੰਭ ਹੋ ਗਿਆ। ਇਸ ਯੁੱਧ ਵਿਚ (ਗੁਰੂ) ਤੇਗ਼ ਬਹਾਦਰ, ਜਿਨ੍ਹਾਂ ਦੀ ਉਮਰ ਕੇਵਲ 13 ਸਾਲ ਦੀ ਸੀ, ਵੀ ਸ਼ਾਮਲ ਹੋਏ। ਕਿਸੇ ਜੰਗ ਵਿਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਇਹ ਪਹਿਲਾ ਮੌਕਾ ਸੀ, ਪਰ ਏਨੀ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਜੋ ਤਲਵਾਰ ਚਲਾਈ ਉਸ ਨੂੰ ਵੇਖ ਕੇ ਦੁਸ਼ਮਣ ਵੀ ਹੈਰਾਨ ਰਹਿ ਗਏ। ਉਨ੍ਹਾਂ ਦੀ ਇਸ ਬਹਾਦਰੀ ਨੂੰ ਵੇਖ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ, "ਬੇਟਾ ਤੂੰ ਤਾਂ ਆਪਣੇ ਨਾਂ ਦੀ ਲਾਜ ਰੱਖ ਲਈ ਹੈ, ਤੂੰ ਤਾਂ ਸੱਚ-ਮੁੱਚ ਹੀ ਤੇਗ਼ ਬਹਾਦਰ ਹੈਂ।"

ਦੂਸਰੇ ਪਾਸੇ ਪੈਂਦੇ ਖ਼ਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦਵੰਦ ਯੁੱਧ ਕਰਨ ਲਈ ਵੰਗਾਰਿਆ। ਗੁਰੂ ਜੀ ਨੇ ਤੀਰ ਕਮਾਨ ਲਾਂਭੇ ਰੱਖ ਦਿੱਤਾ ਅਤੇ ਤਲਵਾਰ ਲੈ ਕੇ ਪੈਂਦੇ ਖ਼ਾਂ ਦੇ ਸਾਹਮਣੇ ਡੱਟ ਗਏ। ਗੁਰੂ ਜੀ ਨੇ ਪੈਂਦੇ ਖ਼ਾਂ ਨੂੰ ਪਹਿਲਾ ਵਾਰ ਕਰਨ ਲਈ ਕਿਹਾ। ਜਦ ਪੈਂਦੇ ਖ਼ਾਂ ਨੇ ਗੁਰੂ ਜੀ ਤੇ ਵਾਰ ਕੀਤਾ ਤਾਂ ਗੁਰੂ ਜੀ ਨੇ ਉਸਦਾ ਵਾਰ ਰੋਕ ਲਿਆ ਅਤੇ ਮੋੜਵਾਂ ਐਸਾ ਵਾਰ ਕੀਤਾ ਕਿ ਪੈਂਦੇ ਖ਼ਾਂ ਭਵਾਟਣੀਆਂ ਖ਼ਾ ਕੇ ਡਿੱਗ ਪਿਆ। ਗੁਰੂ ਜੀ ਨੇ ਘੋੜੇ 'ਤੋਂ ਉਤਰ ਕੇ ਉਸਨੂੰ ਫਿਰ ਲੜਾਈ ਲਈ ਵੰਗਾਰਿਆ। ਪੈਂਦੇ ਖ਼ਾਂ ਤਲਵਾਰ ਲੈ ਕੇ ਉਠਿਆ, ਪਰ ਉਸਦਾ ਵਾਰ ਫਿਰ ਖ਼ਾਲੀ ਗਿਆ। ਫਿਰ ਗੁਰੂ ਜੀ ਨੇ ਇਕ ਐਸਾ ਵਾਰ ਕੀਤਾ ਕਿ ਉਹ ਸਦਾ ਦੀ ਨੀਂਦ ਸੌਂ ਗਿਆ। ਉਸਮਾਨ ਖ਼ਾਂ ਨੂੰ ਜਦ ਪਤਾ ਲੱਗਾ ਕਿ ਉਸਦਾ ਸੁਹਰਾ ਮਾਰਿਆ ਗਿਆ ਹੈ ਤਾਂ ਉਹ ਵੀ ਤਲਵਾਰ ਸੰਭਾਲ ਗੁਰੂ ਜੀ ਵੱਲ ਭੱਜਾ। ਪਰ ਬਾਬਾ ਗੁਰਦਿੱਤਾ ਜੀ ਦਾ ਤੀਰ ਲੱਗਣ ਨਾਲ ਡਿੱਗ ਪਿਆ ਅਤੇ ਮਾਰਿਆ ਗਿਆ। ਮੁਗ਼ਲ ਫੌਜਾਂ ਨੇ ਜਦ ਇਹ ਵੇਖਿਆ ਕਿ ਉਹਨਾਂ ਦੇ ਸਾਰੇ ਸਰਦਾਰ ਹੀ ਮਾਰੇ ਗਏ ਹਨ ਤਾਂ ਉਹਨਾਂ ਨੇ ਭਜ ਜਾਣ ਵਿਚ ਹੀ ਆਪਣੀ ਬੇਹਤਰੀ ਸਮਝੀ। ਕੁਝ ਸਮੇਂ ਵਿਚ ਹੀ ਲੋਕਾਂ ਨੇ ਵੇਖਿਆ ਕਿ ਏਡੀ ਵੱਡੀ ਫੌਜ਼ ਇਸ ਤਰ੍ਹਾਂ ਭਜ ਗਈ ਜਿਵੇਂ ਕਿ ਉਹ ਲੜਨ ਨਹੀਂ ਸੀ ਆਏ ਬਲਕਿ ਇਕ ਤਮਾਸ਼ਾ ਵੇਖਣ ਆਏ ਹੋਣ। ਸਿੱਖ ਇਹ ਚਾਹੁੰਦੇ ਸਨ ਕਿ ਫੌਜ਼ ਦਾ ਪਿੱਛਾ ਕੀਤਾ ਜਾਏ ਪਰ ਗੁਰੂ ਸਾਹਿਬ ਨੇ ਸਭ ਨੂੰ ਰੋਕ ਦਿੱਤਾ ਅਤੇ ਕਿਹਾ ਭੱਜਦੇ ਵੈਰੀ ਦਾ ਕਦੇ ਵੀ ਪਿੱਛਾ ਨਹੀਂ ਕਰਨਾ ਚਾਹੀਦਾ। ਅਸੀਂ ਕਿਸੇ ਨਾਲ ਲੜਨ ਨਹੀਂ ਸੀ ਗਏ ਉਹ ਖੁਦ ਸਾਡੇ ਨਾਲ ਲੜਨ ਆਏ ਸਨ ਅਤੇ ਲੜਾਈ ਦਾ ਦ੍ਰਿਸ਼ ਵੇਖ ਕੇ ਵਾਪਸ ਚਲੇ ਗਏ ਹਨ।

# ਕਿਰਤ-ਕਮਾਈ

ਕੀਰਤਪੁਰ ਵਿਖੇ ਜਦ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਉਤਰਾਧਿਕਾਰੀ ਬਣਾਉਣ ਦਾ ਵਿਚਾਰ ਬਣਾਇਆ ਤਾਂ ਉਸ ਸਮੇਂ ਉਨ੍ਹਾਂ ਦੇ ਦੋ ਪੁੱਤਰ ਹੀ ਜੀਵਤ ਸਨ। ਇਹ ਦੋ ਪੁੱਤਰ ਸਨ ਬਾਬਾ ਸੂਰਜ ਮੱਲ ਤੇ (ਗੁਰੂ) ਤੇਗ ਬਹਾਦਰ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਪਹਿਲਾਂ ਹੀ ਸਵਰਗਵਾਸ ਹੋ ਗਏ ਸਨ। ਇਸ ਲਈ ਗੁਰਗੱਦੀ ਦਾ ਹੱਕ ਹੁਣ ਬਾਬਾ ਸੂਰਜ ਮੱਲ ਜਾਂ (ਗੁਰੂ) ਤੇਗ ਬਹਾਦਰ ਜੀ ਦਾ ਹੀ ਬਣਦਾ ਸੀ। ਪਰ ਗੁਰੂ ਸਾਹਿਬ ਗੁਰਗੱਦੀ ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਗੁਰੂ ਹਰਿਰਾਇ ਸਾਹਿਬ ਨੂੰ ਦੇਣਾ ਚਾਹੁੰਦੇ ਸਨ। ਗੁਰੂ ਹਰਿਰਾਇ ਦਾ ਵੱਡਾ ਭਰਾ ਬਾਬਾ ਧੀਰਮਲ ਬੜਾ ਚਾਲਾਕ ਅਤੇ ਧੋਖੇਬਾਜ਼ ਸੀ। ਉਹ ਕੋਈ ਨਾ ਕੋਈ ਚਾਲਾਂ ਗੁੰਦਦਾ ਹੀ ਰਹਿੰਦਾ ਸੀ। ਗੁਰੂ ਸਾਹਿਬ ਉਸ ਨੂੰ ਪ੍ਰਿਥੀ ਚੰਦ ਦਾ ਅਵਤਾਰ ਕਹਿੰਦੇ ਸਨ। ਉਹ ਮੁਸਲਮਾਨ ਹਾਕਮਾਂ ਨਾਲ ਵੀ ਮਿਲਿਆ ਹੋਇਆ ਸੀ ਅਤੇ ਇਸ ਕਰਕੇ ਕਰਤਾਰਪੁਰ ਦਾ ਵੀ ਮਾਲਕ ਬਣ ਬੈਠਾ ਸੀ। ਇਸ ਲਈ ਗੁਰੂ ਜੀ ਉਸਨੂੰ ਕਿਸੇ ਹਾਲਤ ਵਿਚ ਗੁਰਗੱਦੀ ਨਹੀਂ ਸੀ ਦੇਣਾ ਚਾਹੁੰਦੇ। ਇਸ ਲਈ ਉਨ੍ਹਾਂ ਨੇ ਗੁਰਗੱਦੀ ਗੁਰੂ ਹਰਿਰਾਇ ਸਾਹਿਬ ਨੂੰ ਸੌਂਪ ਦਿੱਤੀ। ਗੁਰੂ ਹਰਿਰਾਇ ਸਾਹਿਬ ਦੀ ਉਮਰ ਉਸ ਵੇਲੇ ਕੇਵਲ 14 ਸਾਲ ਦੀ ਸੀ, ਪਰ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸੇਵਾ ਅਤੇ ਸਿਮਰਨ ਦੀ ਆਖ਼ਰੀ ਹੱਦ ਦੱਸ ਦਿੱਤੀ ਸੀ। ਇਕ ਗੁਰੂ ਬਣਨ ਲਈ ਜੋ ਜੋ ਯੋਗਤਾ ਚਾਹੀਦੀ ਸੀ, ਉਸਦੀ ਪ੍ਰੀਖਿਆ ਉਨ੍ਹਾਂ ਪਾਸ ਕਰ ਲਈ ਸੀ। ਇਕ ਦਿਨ ਉਨ੍ਹਾਂ ਨੇ ਗੁਰੂ ਹਰਿਰਾਇ ਜੀ ਨੂੰ ਸੋਹਣੇ ਵਸਤਰ ਪਵਾ ਕੇ ਗੁਰਗੱਦੀ 'ਤੇ ਬਿਠਾਇਆ ਅਤੇ ਪੰਜ ਪੈਸੇ, ਇਕ ਨਾਰੀਅਲ ਅਤੇ ਪੋਥੀ ਸਾਹਿਬ ਅੱਗੇ ਰੱਖਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਦੇ ਪੁੱਤਰ ਭਾਨਾ ਜੀ ਨੇ ਤਿਲਕ ਲਾ ਕੇ ਗੁਰੂ ਹੋਣ ਦੀ ਮੋਹਰ ਲਾ ਦਿੱਤੀ। ਫਿਰ ਭਾਈ ਭਾਨਾ ਜੀ ਨੇ ਮੱਥਾ ਟੇਕਿਆ ਅਤੇ ਉਸ ਤੋਂ ਬਾਅਦ ਸਾਰੀ ਸੰਗਤ ਨੇ ਆ ਸਿਰ ਨਿਵਾਇਆ। ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ ਬਹਾਦਰ ਜੀ ਨੇ ਵੀ ਬੜੇ ਆਦਰ ਨਾਲ ਮੱਥਾ ਟੇਕਿਆ। ਉਨ੍ਹਾਂ ਨੇ ਆਪਣੇ ਪਿਤਾ ਦੇ ਹੁਕਮਾਂ ਦੀ ਕਿਸੇ ਪ੍ਰਕਾਰ ਦੀ ਵਿਰੋਧਤਾ ਨਾ ਕੀਤੀ। ਮਾਤਾ ਨਾਨਕੀ ਜੀ ਨੇ ਗੁਰੂ ਜੀ ਨੂੰ ਜ਼ਰੂਰ ਆਖਿਆ, "ਤੁਸਾਂ ਤਾਂ ਹੁਕਮ ਕੀਤਾ ਸੀ ਗੁਰਿਆਈ ਤੁਹਾਡੇ ਘਰ ਆਵੇਗੀ, ਪਰ ਹੁਣ ਤਾਂ ਤੁਸਾਂ ਆਪਣੇ ਪੁੱਤ ਨੂੰ ਛੱਡ ਕੇ ਪੋਤਰੇ ਨੂੰ ਦੇ ਦਿੱਤੀ ਹੈ। ਮੇਰੇ ਪੁੱਤਰ ਤੇਗ ਬਹਾਦਰ ਜੀ ਵਲ ਆਪ ਨੇ ਕੋਈ ਧਿਆਨ ਨਹੀਂ ਦਿੱਤਾ। ਉਹ ਸੰਤ ਸਰੂਪ ਹਨ, ਉਨ੍ਹਾਂ ਦਾ ਨਿਰਬਾਹ ਕਿਸ ਤਰ੍ਹਾਂ ਹੋਵੇਗਾ ?"

ਗੁਰੂ ਜੀ ਨੇ ਉੱਤਰ ਦਿੱਤਾ, "ਤੁਸੀਂ ਚਿੰਤਾ ਨਾ ਕਰੋ, ਤੇਗ ਬਹਾਦਰ ਵੀ ਗੁਰੂ ਸਮਾਨ ਹੀ ਪੂਜੇ ਜਾਣਗੇ ਅਤੇ ਸਮਾਂ ਆਉਣ ਤੇ ਗੁਰਤਾ ਵੀ ਪ੍ਰਾਪਤ ਕਰ ਲੈਣਗੇ। ਸਾਡੇ ਸੱਚਖੰਡ ਜਾਣ ਉਪਰੰਤ ਤੁਸੀਂ ਇਨ੍ਹਾਂ ਨੂੰ ਆਪਣੇ ਪਿਤਾ ਹਰੀ ਚੰਦ ਦੇ ਪਿੰਡ ਬਕਾਲੇ ਲੈ ਜਾਣਾ। (ਗੁਰੂ) ਤੇਗ ਬਹਾਦਰ ਜੇਹਾ ਸੂਰਬੀਰ ਅਤੇ ਸੰਤ ਕਦੇ ਭੁਖਾ ਨਹੀਂ ਮਰਦਾ, ਉਹ ਸੱਚੀ ਕਿਰਤ-ਕਮਾਈ ਕਰਨਾ ਜਾਣਦੇ ਹਨ। ਉਨ੍ਹਾਂ ਨੂੰ ਕਿਸੇ ਚੀਜ਼

ਦੀ ਤੋਟ ਨਹੀਂ ਆਵੇਗੀ।" ਮਾਤਾ ਨਾਨਕੀ ਨੇ 'ਸਤ ਬਚਨ' ਆਖਕੇ ਅਗਿਆ ਪਾਲਣ ਕਰਨ ਦੀ ਹਾਮੀ ਭਰ ਦਿੱਤੀ।

ਜਦ ਸ੍ਰੀ ਗੁਰੂ ਹਰਿਗੋਬਿੰਦ ਜੀ ਚੇਤ ਸੁਦੀ ਪੰਚਮੀ ਸੰਮਤ 1701 ਬਿਕਰਮੀ ਅਰਥਾਤ 3 ਮਾਰਚ ਸੰਨ 1644 ਈਸਵੀ ਨੂੰ ਸੱਚਖੰਡ ਪਧਾਰ ਗਏ ਤਾਂ ਆਪ ਜੀ ਦੇ ਅੰਤਮ ਰਸਮ ਰਵਾਜ ਕਰਕੇ ਮਾਤਾ ਨਾਨਕੀ ਜੀ ਆਪਣੇ ਨੂੰਹ-ਪੁੱਤਰ ਸਮੇਤ ਪਿੰਡ ਬਕਾਲੇ ਆ ਗਈ।

ਮਾਤਾ ਨਾਨਕੀ ਜੀ ਦਾ ਪਿਤਾ ਇੱਕ ਧਨਾਡ ਆਦਮੀ ਸੀ ਅਤੇ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਕੁਝ ਸਮਾਂ ਪਹਿਲਾਂ ਹੀ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਤਾ ਗੰਗਾ ਜੀ ਨਾਲ ਬਕਾਲੇ ਵਿਖੇ ਆਏ ਸਨ ਅਤੇ ਕੁਝ ਸਮਾਂ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਠਹਿਰੇ ਸਨ। ਏਥੇ ਮਾਤਾ ਗੰਗਾ ਜੀ 15 ਹਾੜ ਸੰਮਤ 1685 ਬਿਕਰਮੀ ਨੂੰ ਸੱਚਖੰਡ ਨੂੰ ਚਲੇ ਗਏ ਸਨ। ਏਥੇ ਮਾਤਾ ਗੰਗਾ ਜੀ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ।



ਬਕਾਲੇ ਵਿਖੇ ਆ ਕੇ ਉਹ ਭਾਈ ਮੇਹਰਾ ਜੀ ਦੇ ਮਕਾਨ ਵਿਚ ਟਿੱਕ ਗਏ। (ਗੁਰੂ) ਤੇਗ਼ ਬਹਾਦਰ ਕਿਸੇ ਦੀ ਭੇਟਾ ਸਵੀਕਾਰ ਨਹੀਂ ਸੀ ਕਰਦੇ। ਉਹ ਅੰਮ੍ਰਿਤ ਵੇਲੇ ਉਠਦੇ, ਸਿਮਰਨ ਕਰਦੇ ਅਤੇ ਫਿਰ ਸਾਰਾ ਦਿਨ ਕਿਰਤ-ਕਾਰ ਵਿਚ ਲੱਗੇ ਰਹਿੰਦੇ। ਲੋਕ ਉਨ੍ਹਾਂ ਦੀ ਬਹੁਤ ਦੀਦ ਕਰਦੇ ਸਨ ਅਤੇ ਗੁਰੂਆਂ ਵਾਂਗ ਹੀ ਪੂਜਦੇ ਸਨ। ਜੇ ਕੋਈ ਪ੍ਰੇਮਬਧ ਹੋ ਕੇ ਰੋਕਣ ਦੇ ਬਾਵਜੂਦ ਵੀ ਕੋਈ ਭੇਂਟ ਦੇ ਜਾਂਦਾ ਤਾਂ ਆਪ ਉਸਨੂੰ ਗ਼ਰੀਬਾਂ ਵਿਚ ਵੰਡ ਦਿੰਦੇ। ਆਪ ਨੇ ਘਰ ਵਿਚ ਹੀ ਇਕ ਭੋਰਾ ਬਣਾਇਆ ਹੋਇਆ ਸੀ ਜਿਥੇ ਵਾਧੂ ਸਮੇਂ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ। ਪਰ ਉਹ ਕਿਸੇ ਪ੍ਰਕਾਰ ਆਪਣੇ ਸਰੀਰ ਨੂੰ ਕਸ਼ਟ ਨਹੀਂ ਸੀ ਦਿੰਦੇ ਬਲਕਿ ਇਕ ਚੰਗੇ ਗ੍ਰਹਿਸਤੀ ਦਾ ਜੀਵਨ ਬਤੀਤ ਕਰ ਰਹੇ ਸਨ। ਕਈ ਵਾਰ ਸੰਗਤਾਂ ਵੀ ਆ ਜੁੜਦੀਆਂ ਤਾਂ ਆਪ ਉਨ੍ਹਾਂ ਨੂੰ ਨਾਮ ਜਪਣ ਅਤੇ ਸੁੱਚੀ ਕਿਰਤ ਕਰਨ ਦੀ ਪ੍ਰੇਰਨਾ ਦਿੰਦੇ। ਉਹ ਕਿਸੇ ਨੂੰ ਵੀ ਦੁਨੀਆਂ ਤੋਂ ਸੰਨਿਆਸ ਲੈਣ ਲਈ ਨਹੀਂ ਸਨ ਕਹਿੰਦੇ। ਉਹ ਹਰ ਇਕ ਨੂੰ ਇਹੋ ਸਲਾਹ ਦਿੰਦੇ ਕਿ ਗ੍ਰਹਿਸਤ ਜੀਵਨ ਸਭ ਤੋਂ ਉੱਤਮ ਜੀਵਨ ਹੈ। ਇਕ ਗ੍ਰਹਿਸਤੀ ਹੀ ਦੂਸਰੇ ਲੋੜਵੰਦ ਮਨੁੱਖ ਦੀ ਸੇਵਾ ਕਰ ਸਕਦਾ ਹੈ। ਜਿਹੜਾ ਵਿਅਕਤੀ ਜੋਗੀ ਸੰਨਿਆਸੀ ਬਣ ਕੇ ਤਪੱਸਿਆ ਕਰਦਾ ਹੈ, ਉਹ ਦੁਨੀਆਂ 'ਤੇ ਇਕ ਪ੍ਰਕਾਰ ਦਾ ਭਾਰ ਬਣ ਜਾਂਦਾ ਹੈ।

(ਗੁਰੂ) ਤੇਗ਼ ਬਹਾਦਰ ਜੀ ਦੇਸ਼ ਵਿਚ ਹੋ ਰਹੀ ਸਿਆਸੀ ਉਥਲ-ਪੁਥਲ ਬਾਰੇ ਵੀ ਸੁਚੇਤ ਸਨ। ਮਾਤਾ ਗੁਜਰੀ ਦਾ ਭਰਾ ਭਾਈ ਕਿਰਪਾਲ ਉਸ ਸਮੇਂ ਗੁਰੂ ਹਰਿਰਾਇ ਸਾਹਿਬ ਦੀ ਫ਼ੌਜ ਵਿਚ ਸ਼ਾਮਲ ਸੀ। ਉਹ ਆਮ ਤੌਰ ਤੇ ਬਕਾਲੇ ਆਇਆ ਕਰਦਾ ਸੀ ਅਤੇ (ਗੁਰੂ) ਤੇਗ਼ ਬਹਾਦਰ ਜੀ ਨੂੰ ਸਭ ਘਟਨਾਵਾਂ ਬਾਰੇ ਜਾਣਕਾਰੀ ਦੇ ਕੇ ਜਾਂਦਾ ਸੀ। ਉਸ ਸਮੇਂ ਦੇਸ਼ ਵਿਚ ਹੁੱਲੜਬਾਜ਼ੀ ਮੱਚੀ ਹੋਈ ਸੀ। ਸ਼ਾਹਜਹਾਨ ਦੇ ਬਿਮਾਰ ਹੋ ਜਾਣ ਕਰਕੇ ਤਖ਼ਤ ਦੀ ਪ੍ਰਾਪਤੀ ਦੀ ਜੰਗ ਜਾਰੀ ਸੀ। ਦਾਰਾ ਸ਼ਕੋਅ ਸ਼ਾਹਜਹਾਨ ਦੇ ਬਹੁਤ ਨਜ਼ਦੀਕ ਸੀ ਤੇ ਇਹ ਗੱਲ ਪੱਕੀ ਹੋ ਗਈ ਸੀ ਕਿ ਉਹ ਹੀ ਤਖ਼ਤ ਦਾ ਵਾਰਸ ਬਣੇਗਾ। ਉਹ ਪੰਜਾਬ ਅਤੇ ਸਰਹੱਦੀ ਸੂਬਿਆਂ ਦਾ ਗਵਰਨਰ ਸੀ, ਪਰ ਇਹ ਸਭ ਕੁਝ ਬਰਾਇ ਨਾਮ ਹੀ ਸੀ। ਅਸਲ ਵਿਚ ਉਹ ਸਾਰਾ ਸਮਾਂ ਆਪਣੇ ਪਿਤਾ ਸ਼ਾਹਜਹਾਨ ਪਾਸ ਹੀ ਗੁਜ਼ਾਰਦਾ ਸੀ। ਉਹ ਸੰਸਕ੍ਰਿਤ ਅਤੇ ਫ਼ਾਰਸੀ ਦਾ ਚੰਗਾ ਵਿਦਵਾਨ ਸੀ। ਪਰ ਉਹ ਇਤਨਾ ਚਲਾਕ ਅਤੇ ਮਕਾਰ ਨਹੀਂ ਸੀ, ਜਿੰਨਾ ਕਿ ਔਰੰਗਜ਼ੇਬ ਸੀ। ਇਸ ਲਈ ਤਖ਼ਤ-ਨਸ਼ੀਨੀ ਦੀ ਲੜਾਈ ਵਿਚ ਉਹ ਮਾਰਿਆ ਗਿਆ ਅਤੇ ਔਰੰਗਜ਼ੇਬ ਹਿੰਦੋਸਤਾਨ ਦਾ ਬਾਦਸ਼ਾਹ ਬਣਕੇ ਬੈਠ ਗਿਆ। ਉਹ ਬਹੁਤ ਤੁਅੱਸਬੀ ਸੀ। ਉਸ ਨੇ ਤਖ਼ਤ 'ਤੇ ਬੈਠਦਿਆਂ ਸਾਰੇ ਹਿੰਦੂਆਂ ਦੇ ਮਸ਼ਹੂਰ ਮੰਦਰ ਢਾਹ ਢੇਰੀ ਕਰ ਦਿੱਤੇ। ਅਜਿਹੀਆਂ ਸਾਰੀਆਂ ਖ਼ਬਰਾਂ (ਗੁਰੂ) ਤੇਗ਼ ਬਹਾਦਰ ਪਾਸ ਪੁੱਜ ਰਹੀਆਂ ਸਨ। ਪਰ ਔਰੰਗਜ਼ੇਬ ਸਿੱਖਾਂ ਦੇ ਗੁਰਦੁਆਰੇ ਢਾਹੁਣ ਦੇ ਹੱਕ ਵਿਚ ਨਹੀਂ ਸੀ ਕਿਉਂਕਿ ਉਹ ਇਹ ਜਾਣਦਾ ਸੀ ਕਿ ਸਿੱਖ ਦੇਵੀ-ਦੇਵਤਿਆਂ ਅਤੇ ਪੱਥਰਾਂ ਨੂੰ ਨਹੀਂ ਪੂਜਦੇ ਸਨ। ਇਸ ਤੱਥ ਪਿੱਛੇ ਇਕ ਹੋਰ ਵੀ ਸਚਾਈ ਸੀ ਕਿ ਔਰੰਗਜ਼ੇਬ ਨੇ ਆਪਣੀ ਮੁਢਲੀ ਵਿਦਿਆ ਸੁਲਤਾਨਪੁਰ ਲੋਧੀ ਵਿਖੇ ਪੜ੍ਹੀ ਸੀ ਅਤੇ ਸਿੱਖ ਧਰਮ ਦੇ ਅਸੂਲਾਂ ਤੋਂ ਭਲੀ-ਭਾਂਤ ਜਾਣੂੰ ਸੀ।

# ਗੁਰੂ ਲਾਧੋ ਰੇ

ਗੁਰੂ ਹਰਿਰਾਇ ਸਾਹਿਬ ਦੇ ਜੋਤੀ ਜੋਤ ਸਮਾਉਣ ਬਾਅਦ ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਨਾਨਕ ਬਣੇ। ਗੁਰੂ ਹਰਿਰਾਇ ਜੀ ਦੇ ਵੱਡੇ ਪੁੱਤਰ ਬਾਬਾ ਰਾਮ ਰਾਇ ਨੇ ਦਿੱਲੀ ਵਿਚ ਜਾਕੇ ਔਰੰਗਜ਼ੇਬ ਨੂੰ ਕਈ ਪ੍ਰਕਾਰ ਦੀਆਂ ਕਰਾਮਾਤਾਂ ਵਿਖਾਈਆਂ ਸਨ ਅਤੇ ਗੁਰੂ ਨਾਨਕ ਦੀ ਬਾਣੀ ਦੀ ਇਕ ਤੁੱਕ ਹੀ ਬਦਲ ਦਿੱਤੀ ਸੀ। ਇਸ ਲਈ ਗੁਰੂ ਹਰਿਰਾਇ ਸਾਹਿਬ ਨੇ ਬਾਬਾ ਰਾਮ ਰਾਇ ਨੂੰ ਇਹ ਆਦੇਸ਼ ਕਰ ਦਿੱਤਾ ਕਿ ਉਹ ਬਾਕੀ ਉਮਰ ਉਨ੍ਹਾਂ ਦੇ ਮੱਥੇ ਨਾ ਲੱਗੇ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਵੀ ਹੁਕਮ ਕਰ ਦਿੱਤਾ ਕਿ ਜਿਹੜਾ ਸਿੱਖ ਉਸ ਦੇ ਮੱਥੇ ਲੱਗੇਗਾ ਉਹ ਗੁਰੂ ਦਾ ਸਿੱਖ ਨਹੀਂ ਰਹੇਗਾ। ਇਸ ਕਰਕੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਬਾਲ ਉਮਰ ਵਿਚ ਹੀ ਗੁਰਗੱਦੀ ਦੀ ਜ਼ਿੰਮੇਂਵਾਰੀ ਸੰਭਾਲਣੀ ਪਈ। ਪਰ ਉਨ੍ਹਾਂ ਨੇ ਗੁਰਗੱਦੀ ਦੀ ਪਵਿੱਤਰਤਾ ਨੂੰ ਬਹਾਲ ਰਖਿਆ। ਗੁਰੂ ਘਰ ਵਲੋਂ ਛੇਕੇ ਜਾਣ ਉਤੇ ਬਾਬਾ ਰਾਮ ਰਾਇ ਹੁਣ ਔਰੰਗਜ਼ੇਬ ਦਾ ਹੀ ਹੋ ਕੇ ਰਹਿ ਗਿਆ ਸੀ। ਉਹ ਔਰੰਗਜ਼ੇਬ ਨੂੰ ਚੁੱਕਣ ਲੱਗਾ ਕਿ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਇਆ ਜਾਵੇ। ਪਰ ਗੁਰੂ ਹਰਿਕ੍ਰਿਸ਼ਨ ਜੀ ਔਰੰਗਜ਼ੇਬ ਤੋਂ ਡਰਦੇ ਨਹੀਂ ਸਨ। ਉਹ ਨਿਧੱੜਕ ਦਿੱਲੀ ਪਹੁੰਚ ਗਏ। ਔਰੰਗਜ਼ੇਬ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦਾ ਸੀ, ਪਰ ਗੁਰੂ ਜੀ ਨੇ ਮਿਲਣੋਂ ਨਾਂਹ ਕਰ ਦਿੱਤੀ।

ਦਿੱਲੀ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਬਿਮਾਰ ਹੋ ਗਏ। ਉਸ ਵੇਲੇ ਦਿੱਲੀ ਵਿਚ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਗਲੀਆਂ ਕੂਚਿਆਂ ਵਿਚ ਪਹੁੰਚ ਕੇ ਬਿਮਾਰਾਂ ਦਾ ਇਲਾਜ ਕਰਦੇ ਸਨ। ਇਸ ਰੋਗ ਦੇ ਭਿਆਨਕ ਵਾਧੇ ਨੂੰ ਵੇਖ ਕੇ ਗੁਰੂ ਜੀ ਨੇ ਇਹ ਮਨ ਬਣਾ ਲਿਆ ਕਿ ਉਹ ਬਿਮਾਰੀ ਨੂੰ ਆਪਣੇ ਉਪਰ ਹੀ ਲੈ ਲੈਣਗੇ, ਤਾਂਕਿ ਉਨ੍ਹਾਂ ਦਾ ਪ੍ਰਣ ਵੀ ਪੂਰਾ ਹੋਵੇ ਅਤੇ ਔਰੰਗਜ਼ੇਬ ਵੀ ਨਾ ਮਿਲ ਸਕੇ। ਬਿਮਾਰੀ ਆਪਣੇ ਉੱਤੇ ਲੈ ਕੇ ਉਹ ਬੇਸੁਰਤ ਹੋ ਗਏ ਅਤੇ ਪੰਜ ਦਿਨ ਤੱਕ ਏਸੇ ਹਾਲਤ ਵਿਚ ਰਹੇ। ਪੰਜਾਂ ਦਿਨਾਂ ਬਾਅਦ ਜਦ ਗੁਰੂ ਜੀ ਨੇ ਅੱਖ ਖੋਲ੍ਹੀ ਤਾਂ ਬਾਬਾ ਗੁਰਦਿੱਤਾ ਨੇ ਪੁੱਛਿਆ ਕਿ ਗੁਰਗੱਦੀ ਦੀ ਜ਼ਿੰਮੇਂਵਾਰੀ ਕਿਸ ਨੂੰ ਦੇ ਚੱਲੇ ਹੋ। ਗੁਰੂ ਜੀ ਨੇ ਉਨ੍ਹਾਂ ਦੀ ਗੱਲ ਸੁਣ ਕੇ ਨਾਰੀਅਲ ਅਤੇ ਪੰਜ ਪੈਸੇ ਲਿਆਉਣ ਲਈ ਕਿਹਾ ਫਿਰ ਉਨ੍ਹਾਂ ਥਾਲ ਵਿਚ ਪਏ ਨਾਰੀਅਲ ਅਤੇ ਪੰਜ ਪੈਸਿਆਂ ਉਤੇ ਤਿੰਨ ਵਾਰ ਗੋਲਾਈ ਵਿਚ ਹੱਥ ਘੁਮਾਇਆ ਅਤੇ ਮੁਖੋਂ ਬੋਲੇ 'ਗੁਰੂ ਬਾਬਾ ਬਕਾਲੇ'। ਏਨਾ ਕਹਿ ਕੇ ਫਿਰ ਸਮਾਧੀ ਲੱਗ ਗਈ ਅਤੇ ਪ੍ਰਭੂ ਜੋਤ ਵਿਚ ਇਲਾਹੀ ਜੋਤ ਰਲ ਗਈ।

ਜਿਵੇਂ ਕਿ ਗੁਰੂ ਜੀ ਦਾ ਜੋਤੀ ਜੋਤ ਸਮਾਉਣ ਸਮੇਂ ਕਿਹਾ ਗਿਆ ਸ਼ਬਦ 'ਬਾਬਾ ਬਕਾਲੇ' ਪੂਰੀ ਤਰ੍ਹਾਂ ਸਪੱਸ਼ਟ ਨਹੀਂ ਸੀ। ਇਸ ਲਈ ਸਿੱਖ ਸੰਗਤਾਂ ਗੁਰੂ ਜੀ ਦੀ ਭਾਲ ਵਿਚ ਨਿਕਲ ਤੁਰੀਆਂ। ਦੂਸਰੇ ਪਾਸੇ ਗੁਰੂ ਘਰ ਦੇ ਕਰੀਬੀ ਰਿਸ਼ਤੇਦਾਰਾਂ ਨੇ ਬਕਾਲੇ ਆ ਡੇਰੇ ਲਾਏ ਅਤੇ ਆਪਣੇ ਆਪ ਨੂੰ ਗੁਰੂ ਮੰਨਾਉਣ ਲਈ ਆਪਣੀਆਂ ਆਪਣੀਆਂ ਮੰਜੀਆਂ ਸਥਾਪਿਤ ਕਰ ਲਈਆਂ। ਇਸ ਤਰ੍ਹਾਂ ਦੀਆਂ ਸਥਾਪਿਤ

ਹੋਈਆਂ 22 ਮੰਜੀਆਂ ਦੱਸੀਆਂ ਜਾਂਦੀਆਂ ਹਨ। ਜਿਹੜੇ ਗੁਰੂ ਦੇ ਪਿਆਰੇ ਸੱਚੇ ਗੁਰੂ ਨੂੰ ਮਿਲਣ ਵਾਸਤੇ ਏਥੇ ਆਉਂਦੇ, ਇਹ ਅਖਾਉਤੀ ਗੁਰੂ ਉਨ੍ਹਾਂ ਨੂੰ ਵਰਗਲਾਉਂਦੇ ਰਹਿੰਦੇ।

ਭੱਟ ਵਹੀਆਂ ਅਨੁਸਾਰ 11 ਅਗਸਤ 1664 ਈ: ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਅੰਤਮ ਆਦੇਸ਼ ਅਨੁਸਾਰ ਇਕ ਸਿੱਖ ਸੰਗਤ (ਗੁਰੂ) ਤੇਗ਼ ਬਹਾਦਰ ਨੂੰ ਗੁਰਿਆਈ ਤਿਲਕ ਲਾਉਣ ਲਈ ਬਕਾਲੇ ਪਹੁੰਚੀ। ਇਸ ਸੰਗਤ ਵਿਚ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਇਕ ਸ਼ਰਧਾਲੂ ਸਿੱਖ ਦੀਵਾਨ ਦਰਗਾ ਮੱਲ ਛਿਬੜ ਪੁੱਤਰ ਸ੍ਰੀ ਦਵਾਰਕਾ ਦਾਸ ਵੀ ਸਨ। ਸਿੱਖ ਸੰਗਤਾਂ ਨੇ ਇਕ ਖੁਲ੍ਹੇ ਦੀਵਾਨ ਵਿਚ ਗੁਰੂ ਤੇਗ਼ ਬਹਾਦਰ ਜੀ ਅੱਗੇ ਨਾਰੀਅਲ ਅਤੇ ਪੰਜ ਪੈਸੇ ਰੱਖੇ ਅਤੇ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਤਿਲਕ ਲਾਇਆ।

ਗੁਰਿਆਈ ਦੀ ਘਟਨਾ ਤੋਂ ਦੋ ਮਹੀਨੇ ਬਾਅਦ 9 ਅਕਤੂਬਰ 1664 ਈਸਵੀ ਨੂੰ ਇਕ ਸ਼ਰਧਾਲੂ ਸਿੱਖ ਮੱਖਣ ਸ਼ਾਹ ਲੁਬਾਣਾ ਗੁਰੂ ਸਾਹਿਬ ਦੀ ਹਜ਼ੂਰੀ ਵਿਚ 500 ਮੋਹਰਾਂ ਭੇਂਟ ਕਰਨ ਵਾਸਤੇ ਲਿਆਇਆ। ਸੂਰਤ ਦੀ ਬੰਦਰਗਾਹ 'ਤੇ ਉਸਦਾ ਸਮੁੰਦਰੀ ਬੇੜਾ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਡੁੱਬਣ ਤੋਂ ਬਚ ਗਿਆ ਸੀ। ਇਸ ਲਈ ਸ਼ੁਕਰਾਨੇ ਵਜੋਂ ਉਹ ਇਹ ਮੋਹਰਾਂ ਭੇਂਟ ਕਰਨ ਵਾਸਤੇ ਲਿਆਇਆ ਸੀ। ਪਰ ਜਦੋਂ ਉਹ ਬਾਬੇ ਬਕਾਲੇ ਪੁਜਿਆ ਤਾਂ 22 ਮੰਜੀਆਂ ਵੇਖ ਕੇ ਬਹੁਤ ਹੈਰਾਨ ਹੋਇਆ। ਉਸ ਨੇ ਇਕ ਤਜਵੀਜ ਸੋਚੀ ਅਤੇ ਹਰ ਅਖਾਉਤੀ ਗੁਰੂ ਅੱਗੇ ਦੋ ਦੋ ਮੋਹਰਾਂ ਰੱਖੀ ਗਿਆ। ਉਸ ਨੇ ਇਹ ਸੋਚਿਆ ਕਿ ਜਿਹੜਾ ਅਸਲੀ ਗੁਰੂ ਹੋਵੇਗਾ ਉਹ ਆਪੇ ਬਾਕੀ ਰਕਮ ਮੰਗ ਲਵੇਗਾ। ਪਰ ਕਿਸੇ ਨੇ ਵੀ ਉਸ ਤੋਂ ਬਾਕੀ ਰਕਮ ਨਾ ਮੰਗੀ। ਅਖ਼ੀਰ ਉਸ ਨੂੰ ਪਤਾ ਲੱਗਾ ਕਿ ਏਥੇ ਹਰਿਗੋਬਿੰਦ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਬਾਬਾ ਤੇਗ਼ ਬਹਾਦਰ ਜੀ ਰਹਿੰਦੇ ਹਨ, ਉਹ ਆਪਣੇ ਘਰ ਵਿੱਚ ਹੀ ਭਗਤੀ ਕਰਦੇ ਹਨ ਅਤੇ ਸੰਗਤਾਂ ਨੂੰ ਮਿਲਦੇ ਹਨ। ਉਨ੍ਹਾਂ ਨੇ ਗੁਰੂ ਕਹਾਉਣ ਲਈ ਮੰਜੀ ਨਹੀਂ ਲਾਈ ਹੈ। ਮੱਖਣ ਸ਼ਾਹ ਲੁਬਾਣਾ ਗੁਰੂ ਘਰ ਵੀ ਪੁੱਜਾ ਅਤੇ ਉਸਨੇ ਦੋ ਮੋਹਰਾਂ ਗੁਰੂ ਜੀ ਅੱਗੇ ਰੱਖੀਆਂ। ਜਦ ਉਹ ਮੁੜਨ ਲੱਗਾ ਗੁਰੂ ਸਾਹਿਬ ਨੇ ਬਾਕੀ ਦੀਆਂ ਮੋਹਰਾਂ ਵੀ ਮੰਗੀਆਂ। ਹੁਣ ਮੱਖਣ ਸ਼ਾਹ ਲੁਬਾਣੇ ਨੂੰ ਪੂਰਾ ਯਕੀਨ ਹੋ ਗਿਆ ਕਿ ਅਸਲੀ ਗੁਰੂ ਇਹ ਹੀ ਹੈ। ਉਸ ਪਾਸੋਂ ਰਿਹਾ ਨਾ ਗਿਆ ਤੇ ਉਸ ਝੱਟ ਕੋਠੇ ਉਤੇ ਚੜ੍ਹ ਕੇ ਪੱਲਾ ਫੇਰ ਦਿੱਤਾ ਅਤੇ ਬੜੀ ਉੱਚੀ ਉੱਚੀ ਰੌਲਾ ਪਾਉਣ ਲੱਗਾ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ'।

ਉਸਦਾ ਇਹ ਰੌਲਾ ਸੁਣਦਿਆਂ ਸਾਰ ਸਾਰੀਆਂ ਸੰਗਤਾਂ ਗੁਰੂ ਜੀ ਦੇ ਘਰ ਪੁੱਜਣ ਲੱਗੀਆਂ। ਭਾਈ ਮੱਖਣ ਸ਼ਾਹ ਨੇ ਕੜਾਹ ਪ੍ਰਸ਼ਾਦ ਕਰਵਾਇਆ ਅਤੇ ਸਭ ਸੰਗਤਾਂ ਨੂੰ ਛਕਾਇਆ। ਉਸ ਨੇ ਲੋਕਾਂ ਨੂੰ ਵੰਗਾਰ ਕੇ ਕਿਹਾ, "ਸੱਚਾ ਗੁਰੂ ਹੁਣ ਲੱਭ ਪਿਆ ਹੈ, ਹੁਣ ਇਨ੍ਹਾਂ ਨੂੰ ਛੱਡ ਕੇ ਇੱਧਰ-ਉਧਰ ਭੱਜੇ ਫਿਰਨ ਦੀ ਲੋੜ ਨਹੀਂ। ਹੁਣ ਇਨ੍ਹਾਂ ਦੇ ਦਰਸ਼ਨਾਂ ਨਾਲ ਹੀ ਤੁਹਾਡੇ ਮਨ ਦੀਆਂ ਮੁਰਾਦਾਂ ਪੂਰੀਆਂ ਹੋ ਜਾਣਗੀਆਂ।

ਦੂਸਰੇ ਪਾਸੇ ਧੀਰ ਮੱਲ ਅਤੇ ਉਸ ਦੇ ਸਹਿਯੋਗੀਆਂ ਨੂੰ ਪਿਸੂ ਪੈ ਗਏ। ਉਹ ਗੋਂਦਾਂ ਗੁੰਦਣ ਲੱਗੇ ਕਿ ਕਿਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੂੰ ਖ਼ਤਮ ਕਰ ਦਿੱਤਾ ਜਾਵੇ। ਸ਼ੀਹੇਂ ਮਸੰਦ ਨੇ ਕਿਹਾ ਕਿ ਉਹ ਗੁਰੂ ਤੇਗ਼ ਬਹਾਦਰ ਨੂੰ ਗੋਲੀ ਮਾਰ ਕੇ ਖ਼ਤਮ ਕਰ ਦੇਵੇਗਾ ਅਤੇ ਘਰ ਦਾ ਸਾਮਾਨ ਵੀ ਲੁੱਟ ਲਿਆਉਣਗੇ।

ਜਦ ਗੁਰੂ ਜੀ ਬਾਹਰ ਮੰਜੀ ਤੇ ਬੈਠੇ ਸਨ ਤਾਂ ਸ਼ੀਹੇਂ ਮਸੰਦ ਨੇ ਉਨ੍ਹਾਂ 'ਤੇ ਗੋਲੀ ਚਲਾਈ, ਪਰ ਗੋਲੀ ਗੁਰੂ ਸਾਹਿਬ ਨੂੰ ਨਾ ਲੱਗੀ। ਫਿਰ ਧੀਰ ਮੱਲ ਦੇ ਆਦਮੀ ਗੁਰੂ ਘਰ ਦਾ ਸਾਰਾ ਸਾਮਾਨ ਲੁੱਟ ਕੇ ਲੈ ਗਏ। ਜਦ ਮੱਖਣ ਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਧੀਰ ਮੱਲ ਦੇ ਡੇਰੇ ਨੂੰ ਘੇਰਾ ਪਾ ਲਿਆ। ਸ਼ੀਹੇਂ ਮਸੰਦ ਦੀਆਂ ਮੁਸ਼ਕਾਂ ਕੱਸ ਦਿੱਤੀਆਂ ਅਤੇ ਲੁੱਟਿਆ ਹੋਇਆ ਮਾਲ ਵਾਪਸ ਲੈ ਆਏ। ਧੀਰ ਮੱਲ ਨੂੰ ਹੁਣ ਪਤਾ ਲੱਗਾ ਕਿ ਇਥੇ ਉਸਦੀ ਦਾਲ ਨਹੀਂ ਗਲੇਗੀ। ਉਹ ਅਗਲੇ ਦਿਨ ਹੀ ਕਰਤਾਰਪੁਰ ਨੂੰ ਕੂਚ ਕਰ ਗਿਆ, ਬਾਕੀ ਅਖਾਉਤੀ ਗੁਰੂ ਵੀ ਭੱਜ ਗਏ।



# ਮਾਈਆਂ ਰੱਬ ਰਜਾਈਆਂ

ਗੁਰੂ ਤੇਗ਼ ਬਹਾਦਰ ਸਾਹਿਬ ਨੇ ਬਾਬਾ ਬਕਾਲਾ ਵਿਖੇ ਲੱਗਪਗ ਵੀਹ ਸਾਲ ਗੁਜ਼ਾਰੇ ਸਨ। ਇਥੇ ਰਹਿ ਕੇ ਜਿਥੇ ਸੁੱਚੀ ਕਿਰਤ ਕਰਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਸਨ, ਉਥੇ ਉਨ੍ਹਾਂ ਇਨ੍ਹਾਂ ਵੀਹ ਸਾਲਾਂ ਦੌਰਾਨ ਪ੍ਰਭੂ ਦਾ ਸਿਮਰਨ ਵੀ ਕੀਤਾ। ਗੁਰੂ ਬਣਨ ਉਪ੍ਰੰਤ ਉਨ੍ਹਾਂ ਨੇ ਹੁਣ ਆਪਣੀ ਜ਼ਿੰਮੇਵਾਰੀ ਅਨੁਭਵ ਕੀਤੀ ਅਤੇ ਪ੍ਰਚਾਰ ਵਾਸਤੇ ਨਿਕਲ ਤੁਰੇ। ਸਭ ਤੋਂ ਪਹਿਲਾਂ ਉਹ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਅੰਮ੍ਰਿਤਸਰ ਪੁੱਜੇ। ਮਾਝੇ ਦੇ ਇਲਾਕੇ ਵਿਚ ਸਿੱਖੀ ਦਾ ਪਹਿਲਾਂ ਬੜਾ ਪ੍ਰਚਾਰ ਸੀ ਅਤੇ ਜਦ ਲੋਕਾਂ ਨੂੰ ਪਤਾ ਲੱਗਾ ਤਾਂ ਵਹੀਰਾਂ ਘੱਤ ਕੇ ਆਪ ਜੀ ਦੇ ਦਰਸ਼ਨਾਂ ਨੂੰ ਆਏ। ਉਨ੍ਹਾਂ ਨੇ ਵਿੱਤ ਮੂਜਬ ਭੇਟਾਵਾਂ ਵੀ ਅਰਪਣ ਕੀਤੀਆਂ ਅਤੇ ਖੁਲ੍ਹੇ ਦਰਸ਼ਨ ਦੀਦਾਰ ਵੀ ਕੀਤੇ। ਇਤਿਹਾਸਕਾਰਾਂ ਅਨੁਸਾਰ ਗੁਰੂ ਜੀ 22 ਨਵੰਬਰ 1664 ਨੂੰ ਸ੍ਰੀ ਅੰਮ੍ਰਿਤਸਰ ਪੁੱਜੇ। ਗੁਰੂ ਜੀ ਨਾਲ ਮੱਖਣ ਸ਼ਾਹ ਲੁਬਾਣਾ ਅਤੇ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਸਨ।

ਅੰਮ੍ਰਿਤਸਰ ਦਾ ਪ੍ਰਬੰਧ ਉਸ ਸਮੇਂ ਮੋਹਰਬਾਨ ਦੇ ਪੁੱਤਰ ਹਰਿ ਜੀ ਪਾਸ ਸੀ। ਹਰਿ ਜੀ ਆਪਣੇ ਆਪ ਨੂੰ ਸਤਵਾਂ ਗੁਰੂ ਅਖਵਾਉਂਦਾ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠ ਬਾਣੀ ਵੀ ਲਿਖਦਾ ਸੀ। ਰਬਾਬੀਆਂ ਪਾਸੋਂ ਉਹ ਇਸ ਬਾਣੀ ਦਾ ਕੀਰਤਨ ਵੀ ਕਰਵਾਉਂਦਾ ਸੀ। ਇਲਾਕੇ ਦੇ ਲੋਕ ਇਸ ਗੱਲੋਂ ਬਹੁਤ ਦੁਖੀ ਸਨ ਅਤੇ ਉਨ੍ਹਾਂ ਨੇ ਕਈ ਵਾਰ ਗੁਰੂ ਹਰਿ ਰਾਇ ਜੀ ਪਾਸ ਸ਼ਿਕਾਇਤ ਵੀ ਕੀਤੀ ਸੀ।

ਦਰਬਾਰ ਸਾਹਿਬ ਪੁੱਜ ਕੇ ਗੁਰੂ ਜੀ ਨੇ ਬਾਕੀ ਸੰਗਤਾਂ ਦੇ ਨਾਲ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਫਿਰ ਸੰਗਤਾਂ ਸਮੇਤ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਚਲ ਪਏ। ਜਦ ਬਾਬਾ ਹਰਿ ਜੀ ਨੂੰ ਇਹ ਪਤਾ ਲੱਗਾ ਕਿ ਗੁਰੂ ਤੇਗ਼ ਬਹਾਦਰ ਸੈਂਕੜੇ ਸਿੱਖਾਂ ਦੇ ਨਾਲ ਹਰਿਮੰਦਰ ਸਾਹਿਬ ਆ ਰਹੇ ਹਨ ਤਾਂ ਉਹ ਬਹੁਤ ਡਰ ਗਿਆ। ਉਸ ਨੇ ਸੋਚਿਆ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਬਾਬਾ ਧੀਰ ਮੱਲ ਨੂੰ ਬਕਾਲੇ ਵਿਚੋਂ ਭਜਾ ਦਿੱਤਾ ਸੀ, ਇਸ ਤਰ੍ਹਾਂ ਉਸ ਨੂੰ ਵੀ ਦਰਬਾਰ ਸਾਹਿਬ ਵਿਚੋਂ ਭਜਾ ਦੇਣਗੇ। ਇਸ ਲਈ ਉਸ ਆਪਣੇ ਮਸੰਦਾਂ ਨੂੰ ਹੁਕਮ ਦਿੱਤਾ ਕਿ ਉਹ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦੇਣ। ਮਸੰਦਾਂ ਨੇ ਤੁਰੰਤ ਡਿਉੜੀ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਮੱਖਣ ਸ਼ਾਹ ਲੁਬਾਣਾ ਮਸੰਦਾਂ ਦੇ ਇਸ ਕਾਰਜ 'ਤੇ ਬਹੁਤ ਨਾਰਾਜ਼ ਹੋਇਆ ਅਤੇ ਗੁਰੂ ਸਾਹਿਬ ਨੂੰ ਕਹਿਣ ਲੱਗਾ, "ਮਹਾਰਾਜ ! ਜੇ ਆਗਿਆ ਹੋਵੇ ਤਾਂ ਇਨ੍ਹਾਂ ਮਸੰਦਾਂ ਨੂੰ ਵੀ ਧੀਰ ਮੱਲ ਵਾਂਗ ਸੋਧ ਦੇਈਏ ਅਤੇ ਦਰਵਾਜ਼ੇ ਖੁਲਵਾ ਲਈਏ।" ਪਰ ਗੁਰੂ ਜੀ ਨੇ ਉਸ ਨੂੰ ਸ਼ਾਂਤ ਰਹਿਣ ਲਈ ਕਿਹਾ। ਗੁਰੂ ਜੀ ਸਭ ਸੰਗਤਾਂ ਸਮੇਤ ਅਕਾਲ ਤਖ਼ਤ ਸਾਹਿਬ ਦੇ ਲਾਗੇ ਇਕ ਥੜ੍ਹੇ 'ਤੇ ਬੈਠ ਗਏ, ਜਿਸ ਨੂੰ ਅੱਜ-ਕੱਲ ਥੜਾ ਸਾਹਿਬ ਕਿਹਾ ਜਾਂਦਾ ਹੈ। ਥੜਾ ਸਾਹਿਬ ਵਿਖੇ ਉਨ੍ਹਾਂ ਦੀਵਾਨ ਲਾ ਦਿੱਤਾ।

ਜਦ ਸ਼ਾਮ ਹੋ ਗਈ ਤਾਂ ਗੁਰੂ ਸਾਹਿਬ ਇਕ ਸਿੱਖ ਦੀ ਬੇਨਤੀ 'ਤੇ ਪਿੰਡ ਵੱਲਾ ਵੱਲ ਚਲ ਪਏ। ਉਨ੍ਹਾਂ

ਨੇ ਸਿੱਖ ਸੰਗਤਾਂ ਨੂੰ ਸਮਝਾ ਦਿੱਤਾ ਕਿ ਪੂਜਾ ਦਾ ਧਾਨ ਖਾ ਕੇ ਇਨ੍ਹਾਂ ਪੁਜਾਰੀਆਂ ਦੀ ਮੱਤ ਮਾਰੀ ਗਈ ਹੈ। ਕੋਈ ਸਮਾਂ ਆਏਗਾ ਜਦ ਪੁਜਾਰੀਆਂ ਨੂੰ ਇਥੋਂ ਨਿਕਲਣਾ ਪਵੇਗਾ। ਵੱਲੇ ਵੱਲ ਜਾਂਦੇ ਹੋਏ ਗੁਰੂ ਜੀ ਰਾਹ ਵਿਚ ਇਕ ਥਾਂ ਠਹਿਰੇ ਜਿਥੇ ਅੱਜ-ਕੱਲ ਗੁਰਦੁਆਰਾ ਦਮਦਮਾ ਸਾਹਿਬ ਬਣਿਆ ਹੋਇਆ ਹੈ। ਇਹ ਅੰਮ੍ਰਿਤਸਰ ਤੋਂ ਲਗਪਗ ਤਿੰਨ ਮੀਲ ਦੂਰ ਹੈ। ਦਮਦਮਾ ਸਾਹਿਬ ਵਿਖੇ ਕੁਝ ਸਮਾਂ ਠਹਿਰ ਕੇ ਗੁਰੂ ਜੀ ਪਿੰਡ ਵੱਲਾ ਪਹੁੰਚ ਗਏ। ਪਿੰਡ ਵੱਲਾ ਸ੍ਰੀ ਅੰਮ੍ਰਿਤਸਰ ਦੇ ਉਤਰ ਵੱਲ 4 ਮੀਲ ਦੂਰ ਹੈ। ਇਹ ਅੱਜ ਕੱਲ ਅੰਮ੍ਰਿਤਸਰ-ਜਲੰਧਰ ਜੀ. ਟੀ. ਰੋਡ ਨਾਲ ਜੁੜਿਆ ਹੋਇਆ ਹੈ। ਜਦ ਗੁਰੂ ਜੀ ਵੱਲਾ ਪਿੰਡ ਪਹੁੰਚੇ ਤਾਂ ਵੱਲੇ ਦੇ ਕਿਸੇ ਵੀ ਵਿਅਕਤੀ ਨੂੰ ਇਹ ਗਿਆਨ ਨਹੀਂ ਸੀ ਕਿ ਉਹਨਾਂ ਦੇ ਪਿੰਡ ਵਿਚ ਸੱਚੇ ਪਾਤਸ਼ਾਹ ਆਪ ਚਰਨ ਪਾ ਰਹੇ ਹਨ। ਪਰ ਜਦ ਮੱਖਣ ਸ਼ਾਹ ਲੁਬਾਣੇ ਅਤੇ ਉਹਨਾਂ ਦੇ ਪਰਿਵਾਰ ਦੀ ਸ਼ਾਨ ਨੂੰ ਪਿੰਡ ਨੇ ਵੇਖਿਆ ਤਾਂ ਉਹਨਾਂ ਸਮਝਿਆ ਕਿ ਬਾਦਸ਼ਾਹ ਦਾ ਕੋਈ ਲਸ਼ਕਰ ਹੀ ਪਿੰਡ ਆ ਵੜਿਆ ਹੈ। ਪਰ ਮਾਈ ਹਰੋ ਨੇ ਜਦ ਪਤਾ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਆਪ ਪਿੰਡ ਪਧਾਰੇ ਹਨ।



ਇਹ ਮਾਈ 'ਹਰੋ' ਗੁਰੂ ਘਰ ਦੀ ਬਹੁਤ ਪ੍ਰੇਮਣ ਸੀ। ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਸੰਗਤਾਂ ਸਮੇਤ ਉਸ ਦੇ ਕੋਠੇ ਵਿਚ ਬਿਰਾਜਣ। ਗੁਰੂ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਉਸ ਦੇ ਘਰ ਚਲੇ ਗਏ। ਵੱਲੇ ਪਿੰਡ ਦੀਆਂ ਸੰਗਤਾਂ ਨੂੰ ਜਦ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਵੀ ਹੁਮ ਹੁਮਾ ਕੇ ਪੁੱਜ ਗਈਆਂ। ਮਾਤਾ ਹਰੋ ਅਤੇ ਸਥਾਨਕ ਸੰਗਤਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।

ਜਦ ਅੰਮ੍ਰਿਤਸਰ ਦੀਆਂ ਮਾਈਆਂ ਨੂੰ ਇਹ ਪਤਾ ਲੱਗਾ ਕਿ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਸਨ ਤਾਂ ਉਨ੍ਹਾਂ ਨੂੰ ਬੜਾ ਦੁੱਖ ਹੋਇਆ।

ਸ਼ਹਿਰ ਦੀਆਂ ਮਾਈਆਂ ਇਕੱਠੀਆਂ ਹੋ ਕੇ ਵੱਲੇ ਪੁਜੀਆਂ। ਗੁਰੂ ਜੀ ਉਸ ਸਮੇਂ ਮਾਈ ਹਰੋ ਦੇ ਘਰ ਬਿਰਾਜਮਾਨ ਸਨ। ਮਾਈਆਂ ਆਪਣੇ ਨਾਲ ਕਈ ਪ੍ਰਕਾਰ ਦੀ ਸਮੱਗਰੀ ਅਤੇ ਭੇਟਾਵਾਂ ਲੈ ਕੇ ਆਈਆਂ ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਮੱਥਾ ਟੇਕਿਆ ਅਤੇ ਬੇਨਤੀ ਕੀਤੀ, "ਮਹਾਰਾਜ ! ਮਸੰਦਾਂ ਨੇ ਬਹੁਤ ਬੁਰਾ ਕੀਤਾ ਹੈ, ਇਸ ਵਿਚ ਅੰਮ੍ਰਿਤਸਰ ਵਾਸੀਆਂ ਦਾ ਕੋਈ ਕਸੂਰ ਨਹੀਂ। ਸਾਨੂੰ ਖਿਮਾਂ ਕਰੋ ਅਤੇ ਸਾਡੀਆਂ ਤੁੱਛ ਭੇਟਾਵਾਂ ਕਬੂਲ ਕਰੋ।" ਗੁਰੂ ਜੀ ਮਾਈਆਂ ਦੀ ਇਸ ਸੇਵਾ 'ਤੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਨੇ ਮਾਈਆਂ ਨੂੰ ਇਹ ਵਰ ਦਿੱਤਾ, "ਮਾਈਆਂ ਰੱਬ ਰਜਾਈਆਂ, ਭਗਤੀ ਲਾਈਆਂ।" ਜਦ ਬਾਕੀ ਸ਼ਹਿਰ ਵਾਸੀਆਂ ਨੂੰ ਪਤਾ ਲੱਗਾ ਤਾਂ ਉਹ ਵੀ ਵੱਲੇ ਵੱਲ ਦੌੜ ਪਏ। ਉਨ੍ਹਾਂ ਨੇ ਵੀ ਜਾ ਕੇ ਖਿਮਾਂ ਮੰਗੀ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗ ਸਕਿਆ। ਉਨ੍ਹਾਂ ਨੇ ਗੁਰੂ ਜੀ ਨੂੰ ਇਹ ਵੀ ਬੇਨਤੀ ਕੀਤੀ ਕਿ ਉਹ ਵਾਪਸ ਅੰਮ੍ਰਿਤਸਰ ਆਉਣ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ, "ਤੁਹਾਡੇ ਵੱਲੋਂ ਕੋਈ ਕੋਤਾਹੀ ਨਹੀਂ ਹੋਈ ਹੈ। ਇਹ ਕੇਵਲ ਮਸੰਦਾਂ ਦੀ ਹੀ ਮੱਤ ਮਾਰੀ ਗਈ ਹੈ।" ਗੁਰ ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਗੁਰੂ ਜੀ ਨੇ ਕਿਹਾ, 'ਇਹ ਮਸੰਦ ਅੰਮ੍ਰਿਤਸਰੀਏ ਨਹੀਂ ਹਨ, ਇਹ ਤਾਂ ਤ੍ਰਿਸ਼ਨਾ ਲੋਭ ਲਾਲਚ ਨਾਲ ਅੰਦਰੋਂ ਸੜੇ ਹੋਏ ਹਨ।'

"ਨਹਿ ਮਸੰਦ ਤੁਮ ਅੰਮ੍ਰਿਤਸਰੀਏ,
ਤ੍ਰਿਸ਼ਨਾਗਨ ਤੇ ਅੰਤਰ ਸੜੀਏ।"

*(ਰਾਸ 11, ਅੰਸ 22)*

ਗੁਰੂ ਜੀ ਤਿੰਨ ਦਿਨ ਉਸ ਮਾਈ ਦੇ ਘਰ ਠਹਿਰੇ ਅਤੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਰਹੇ। ਪਰ ਪਿੰਡ ਦੀ ਰਿਵਾਇਤ ਅਨੁਸਾਰ ਗੁਰੂ ਜੀ 17 ਦਿਨ ਵੱਲੇ ਠਹਿਰੇ ਅਤੇ ਪਿੰਡ ਨੂੰ ਉਨ੍ਹਾਂ ਨੇ 'ਵੱਲਾ ਗੁਰੂ ਕਾ ਗੱਲਾ' ਦਾ ਵਰ ਦਿੱਤਾ। ਵੱਲੇ ਦੀ ਸੰਗਤ ਦਾ ਗੁਰੂ ਜੀ ਨਾਲ ਏਨਾ ਪ੍ਰੇਮ ਹੋ ਗਿਆ ਕਿ ਉਹ ਰੋਜ਼ ਹੀ ਗੁਰੂ ਸਾਹਿਬ ਦੀ ਕੀਰਤਨ ਅਤੇ ਉਹਨਾਂ ਦੇ ਸ਼ੁਭ ਪ੍ਰਵਚਨ ਸੁਣਨ ਲਈ ਹਾਜ਼ਰ ਹੁੰਦੇ। ਉਹਨਾਂ ਦਾ ਪ੍ਰੇਮ ਸਦਕਾ ਹੀ ਗੁਰੂ ਸਾਹਿਬ ਉਥੇ ਕਾਫੀ ਸਮਾਂ ਠਹਿਰੇ। ਜਦ ਰੋਜ਼ ਹੀ ਉਹ ਚਲਣ ਦੀਆਂ ਤਿਆਰੀਆਂ ਕਰਦੇ ਤਾਂ ਵੱਲੇ ਦੀ ਸੰਗਤ ਹੱਥ ਜੋੜ ਕੇ ਅੱਗੇ ਖੜ੍ਹੇ ਜਾਂਦੀ ਅਤੇ ਗੁਰੂ ਸਾਹਿਬ ਨੂੰ ਉਹਨਾਂ ਦੀ ਬੇਨਤੀ ਪ੍ਰਵਾਨ ਹੀ ਕਰਨੀ ਪੈਂਦੀ।

# ਕੀਰਤਪੁਰ ਤਖ਼ਤ-ਨਸ਼ੀਨੀ

ਵੱਲੇ ਤੋਂ ਚੱਲ ਕੇ ਗੁਰੂ ਜੀ ਤਰਨਤਾਰਨ ਪੁੱਜੇ। ਉਥੇ ਵੀ ਸਰੋਵਰ ਵਿਚ ਇਸ਼ਨਾਨ ਕਰਨ ਉਪ੍ਰੰਤ ਦੀਵਾਨ ਲਾਇਆ। ਇਲਾਕੇ ਦੀਆਂ ਸੰਗਤਾਂ ਨੂੰ ਜਦ ਪਤਾ ਲੱਗਾ ਤਾਂ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਹੁਮ ਹੁਮਾ ਕੇ ਪੁਜੀਆਂ। ਗੁਰੂ ਜੀ ਨੇ ਉਪਦੇਸ਼ ਦੇ ਕੇ ਉਨ੍ਹਾਂ ਨੂੰ ਨਿਹਾਲ ਕੀਤਾ। ਕੁਝ ਦਿਨ ਤਰਨ ਤਾਰਨ ਰਹਿ ਕੇ ਗੁਰੂ ਜੀ ਖਡੂਰ ਸਾਹਿਬ ਚਲੇ ਗਏ। ਖਡੂਰ ਸਾਹਿਬ ਵੀ ਸਿੱਖੀ ਦਾ ਗੜ੍ਹ ਸੀ। ਏਥੇ ਵੀ ਕਈ ਦਿਨ ਦੀਵਾਨ ਸੱਜਦੇ ਰਹੇ, ਕੀਰਤਨ ਪ੍ਰਵਾਹ ਚਲਦਾ ਰਿਹਾ। ਏਥੇ ਵੀ ਕੁਝ ਦਿਨ ਰਹਿ ਕੇ ਗੋਇੰਦਵਾਲ ਚਲੇ ਗਏ। ਗੋਇੰਦਵਾਲ ਵਿਖੇ ਭਾਈ ਮੋਹਰੀ ਚੰਦ ਜੀ ਦੀ ਸੰਤਾਨ ਵਿਚੋਂ ਭਾਈ ਦਵਾਰਕਾ ਦਾਸ ਜੀ ਰਹਿੰਦੇ ਸਨ। ਆਪ ਜੀ ਨੇ ਗੁਰੂ ਜੀ ਦਾ ਬਹੁਤ ਆਦਰ ਮਾਣ ਕੀਤਾ। ਇਥੇ ਵੀ ਸਿੱਖ ਸੰਗਤਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਕਈ ਦਿਨ ਦੀਵਾਨ ਲਗਦਾ ਰਿਹਾ। ਗੋਇੰਦਵਾਲ ਤੋਂ ਆਪ ਜੀ ਬਕਾਲੇ ਵਾਪਸ ਆ ਗਏ।

ਹੁਣ ਤੱਕ ਬਕਾਲੇ ਦੇ ਇਲਾਕੇ ਦੇ ਲੋਕਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਸੱਚੇ ਪਾਤਸ਼ਾਹ ਤਾਂ ਉਨ੍ਹਾਂ ਦੇ ਪਿੰਡ ਜਾਂ ਇਲਾਕੇ ਵਿਚ ਹੀ ਰਹਿੰਦੇ ਸਨ। ਜਦ ਗੁਰੂ ਜੀ ਬਕਾਲੇ ਪੁੱਜੇ ਤਾਂ ਸੰਗਤਾਂ ਦਾ ਮੇਲਾ ਹੀ ਲਗਾ ਹੋਇਆ ਸੀ। ਗੁਰੂ ਜੀ ਨੂੰ ਇਕ ਖੁਲ੍ਹੇ ਵਿਸ਼ਾਲ ਅਸਥਾਨ 'ਤੇ ਦੀਵਾਨ ਲਾਉਣਾ ਪਿਆ। ਹੁਣ ਹਰ ਰੋਜ਼ ਬਕਾਲੇ ਵਿਖੇ ਸੰਗਤਾਂ ਦੀ ਗਿਣਤੀ ਵਧਦੀ ਹੀ ਜਾਂਦੀ ਸੀ। ਚੜ੍ਹਾਵੇ ਦਾ ਕੋਈ ਅੰਤ ਨਹੀਂ ਸੀ। ਪਰ ਜਦ ਧੀਰ ਮਲੀਆਂ ਨੂੰ ਇਹ ਪਤਾ ਲੱਗਾ ਤਾਂ ਉਹ ਬਹੁਤ ਹਸਦ ਕਰਨ ਲੱਗੇ। ਬਾਬਾ ਧੀਰ ਮਲ ਦੇ ਮਸੰਦ ਬਕਾਲੇ ਵਿਖੇ ਆ ਕੇ ਸੰਗਤਾਂ ਨੂੰ ਗੁੰਮਰਾਹ ਵੀ ਕਰਦੇ ਸਨ, ਪਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪੈਂਦੀ ਸੀ। ਕਿਉਂਕਿ ਜਦ ਉਹ ਮਸੰਦ ਗੁਰੂ ਜੀ ਦੀ ਸ਼ਾਨ ਵਿਰੁੱਧ ਕੁਝ ਬੋਲਦੇ ਸਨ ਤਾਂ ਸਿੱਖ ਉਨ੍ਹਾਂ ਨੂੰ ਤੌਣੀ ਵੀ ਲਾ ਦਿੰਦੇ ਸਨ।

ਕੁਝ ਸਮੇਂ ਬਾਅਦ ਗੁਰੂ ਤੇਗ਼ ਬਹਾਦਰ ਜੀ ਨੂੰ ਮਾਤਾ ਸੁਲੱਖਣੀ ਅਤੇ ਮਾਤਾ ਕ੍ਰਿਸ਼ਨ ਕੌਰ ਵਲੋਂ ਕੀਰਤਪੁਰ ਆਉਣ ਦਾ ਸੱਦਾ ਪੱਤਰ ਆਇਆ। ਗੁਰੂ ਜੀ ਵੀ ਸੋਢੀਆਂ ਦੀ ਈਰਖਾ ਨੂੰ ਚੰਗਾ ਨਹੀਂ ਸਨ ਸਮਝਦੇ। ਇਸ ਲਈ ਉਹ ਪਰਿਵਾਰ ਸਹਿਤ ਕੀਰਤਪੁਰ ਚਲੇ ਗਏ।

ਮਾਤਾ ਕ੍ਰਿਸ਼ਨ ਕੌਰ ਜਿਹੜੀ ਗੁਰੂ ਹਰਿਰਾਇ ਸਾਹਿਬ ਦੀ ਸੁਪੱਤਨੀ ਅਤੇ ਬਾਬਾ ਰਾਮ ਰਾਇ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਾਤਾ ਜੀ ਸਨ, ਬੜੇ ਆਦਰ ਸਤਿਕਾਰ ਨਾਲ ਆਪ ਜੀ ਨੂੰ ਲੈਣ ਆਏ। ਉਨ੍ਹਾਂ ਮਾਤਾ ਨਾਨਕੀ ਅਤੇ ਮਾਤਾ ਗੁਜਰੀ ਅਤੇ ਗੁਰੂ ਸਾਹਿਬ ਦੇ ਚਰਨੀ ਹੱਥ ਲਾਏ। ਗੁਰੂ ਸਾਹਿਬ ਨੇ ਮਾਤਾ ਕ੍ਰਿਸ਼ਨ ਕੌਰ ਨੂੰ ਰੁਪਈਆਂ ਦੀ ਇਕ ਥੈਲੀ ਭੇਂਟ ਕੀਤੀ ਅਤੇ ਆਪਣੇ ਭਰਾ ਸੂਰਜ ਮੱਲ ਦੀ ਵੀ ਮਾਲੀ ਸਹਾਇਤਾ ਕੀਤੀ। ਮਾਤਾ ਕ੍ਰਿਸ਼ਨ ਕੌਰ ਨੇ ਬਾਅਦ ਵਿਚ ਗੁਰੂ ਜੀ ਨੂੰ ਛੇਵੇਂ, ਸਤਵੇਂ ਅਤੇ ਅੱਠਵੇਂ ਗੁਰੂ ਸਾਹਿਬ ਦਾ ਤਖ਼ਤ, ਸ਼ਸਤਰ, ਬਸਤਰ, ਜਿਗਾ, ਕਲਗ਼ੀ, ਲੰਗਰ ਦੇ ਬਰਤਨ, ਤੰਬੂ,

ਦਰੀਆਂ, ਗਲੀਚੇ, ਸਾਏਵਾਨ, ਗੱਦੀ ਆਦਿ ਗੁਰਿਆਈ ਦਾ ਸਾਰਾ ਸਾਮਾਨ, ਜੋ ਮਾਤਾ ਜੀ ਪਾਸ ਸੀ ਦੇ ਦਿੱਤਾ। ਬਾਅਦ ਵਿਚ ਉਨ੍ਹਾਂ ਗੁਰੂ ਸਾਹਿਬ ਨੂੰ ਗੁਰੂ ਦਰਬਾਰ ਦੇ ਤਖ਼ਤ ਉਤੇ ਬਿਠਾ ਦਿੱਤਾ। ਗੁਰਿਆਈ ਦੀ ਰਸਮ ਦੁਬਾਰਾ ਮਰਯਾਦਾ ਪੂਰਵਕ ਕੀਤੀ ਗਈ ਅਤੇ ਗੁਰੂ ਸਾਹਿਬ ਨੂੰ ਤਲਵਾਰ ਭੇਂਟ ਕੀਤੀ ਗਈ ਅਤੇ ਮੱਥੇ ਕਲਗ਼ੀ ਲਾਈ ਗਈ। ਫਿਰ ਸਭ ਸਿੱਖ ਸੇਵਕਾਂ ਨੇ ਆਪਣੀ ਵਿੱਤ ਅਨੁਸਾਰ ਭੇਟਾ ਰੱਖ ਕੇ ਆਪ ਜੀ ਦੇ ਚਰਨਾਂ ਉੱਤੇ ਮੱਥਾ ਟੇਕਿਆ। ਇਸ ਤੋਂ ਬਾਅਦ ਗੁਰੂ ਸਾਹਿਬ ਗੁਰੂ ਘਰ ਦੀ ਮਰਯਾਦਾ ਅਨੁਸਾਰ ਦੋ ਵੇਲੇ ਦੀਵਾਨ ਵਿਚ ਬੈਠ ਕੇ ਕੀਰਤਨ ਸੁਣਦੇ ਅਤੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਕਿਰਤਾਰਥ ਕਰਦੇ।

ਜਦ ਸਾਰੇ ਦੇਸ਼ ਦੇ ਲੋਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਕੀਰਤਪੁਰ ਵਿਚ ਵੱਸ ਗਏ ਹਨ ਤਾਂ ਸਿੱਖ ਸੇਵਕ ਭੇਟਾ ਲੈ ਕੇ ਆਪ ਜੀ ਦੇ ਦਰਸ਼ਨਾਂ ਵਾਸਤੇ ਆਉਣ ਲੱਗੇ। ਇਸ ਤਰ੍ਹਾਂ ਆਪ ਜੀ ਦੀ ਮਹਿਮਾਂ ਅਤੇ ਬੇਅੰਤ ਚੜ੍ਹਾਵੇ ਨੂੰ ਵੇਖ ਕੇ ਬਾਬਾ ਸੂਰਜ ਮੱਲ ਦਾ ਪਰਿਵਾਰ ਬਹੁਤ ਈਰਖਾ ਕਰਨ ਲੱਗਾ। ਪਰ ਗੁਰੂ ਤੇਗ਼ ਬਹਾਦਰ ਅਜਿਹੀ ਈਰਖਾ ਨੂੰ ਉਚਿਤ ਨਹੀਂ ਸੀ ਸਮਝਦੇ। ਉਹ ਕਿਸੇ ਦਾ ਦਿਲ ਦੁਖੀ ਵੇਖਣਾ ਨਹੀਂ ਸਨ ਚਾਹੁੰਦੇ। ਇਸ ਲਈ ਉਨ੍ਹਾਂ ਨੇ ਮਨ ਬਣਾਇਆ ਕਿ ਕੀਰਤਪੁਰ ਛੱਡ ਕੇ ਕੋਈ ਹੋਰ ਉਚਿਤ ਸ਼ਹਿਰ ਵਸਾਇਆ ਜਾਵੇ। ਆਪ ਜੀ ਨੇ ਮਾਤਾ ਨਾਨਕੀ ਜੀ ਨਾਲ ਸਲਾਹ ਕਰਕੇ ਕਹਿਲੂਰ ਦੇ ਰਾਜਾ ਬਿਲਾਸਪੁਰੀਏ ਦੀਪ ਚੰਦ ਪਾਸੋਂ ਸਤਲੁਜ ਨਦੀ ਦੇ ਕੰਢੇ ਕੀਰਤਪੁਰ ਤੋਂ 8 ਮੀਲ ਦੂਰ, ਨੈਣਾਂ ਦੇਵੀ ਦੇ ਪਹਾੜ ਥੱਲੇ ਮਾਖੋਵਾਲ ਦਾ ਸਾਰਾ ਰਕਬਾ ਮਾਤਾ ਨਾਨਕੀ ਦੇ ਨਾਂ ਮੁੱਲ ਲੈ ਲਿਆ। ਇਹ ਅਸਥਾਨ ਨਵੇਕਲਾ ਵੀ ਸੀ ਅਤੇ ਸ਼ਰੀਕੇ ਸਾੜੇ ਦੀ ਅੱਗ ਤੋਂ ਵੀ ਦੂਰ ਸੀ। ਇਹ ਇਲਾਕਾ ਪਹਾੜੀਆਂ ਨਾਲ ਘਿਰਿਆ, ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਅਤੇ ਰਣਨੀਤੀ ਅਨੁਸਾਰ ਅਜਿੱਤ ਵੀ ਸੀ।

ਇਹ ਰਕਬਾ ਗੁਰੂ ਜੀ ਨੂੰ ਸਸਤੇ ਭਾਅ ਹੀ ਮਿਲ ਗਿਆ। ਗੱਲ ਅਸਲ ਵਿਚ ਇਹ ਹੋਈ ਕਿ ਗੁਰੂ ਜੀ ਨੂੰ ਖ਼ਬਰ ਮਿਲੀ ਕਿ ਰਾਜਾ ਤਾਰਾ ਚੰਦ ਦਾ ਬੇਟਾ ਦੀਪ ਚੰਦ ਸਵਰਗਵਾਸ ਹੋ ਗਿਆ ਹੈ। ਰਾਜਾ ਤਾਰਾ ਚੰਦ ਉਨ੍ਹਾਂ 52 ਰਾਜਿਆਂ ਵਿਚੋਂ ਇਕ ਸੀ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਕਰਵਾ ਕੇ ਲਿਆਏ ਸਨ। ਰਾਜਾ ਦੀਪ ਚੰਦ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਆਪਣੇ ਪਤੀ ਦੀ ਅੰਤਮ ਕਿਰਿਆ 'ਤੇ ਰਾਣੀ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਵੀ ਬੁਲਾਇਆ। ਗੁਰੂ ਜੀ ਅੰਤਮ ਰਸਮ ਵਿਚ ਸ਼ਾਮਲ ਹੋਏ। ਜਦ ਕਿਰਿਆ ਕਰਮ ਤੋਂ ਵਿਹਲੇ ਹੋਏ ਤਾਂ ਰਾਣੀ ਗੁਰੂ ਜੀ ਨੂੰ ਮੱਥਾ ਟੇਕਣ ਆਈ। ਗੁਰੂ ਜੀ ਨੇ ਉਸ ਦੇ ਪਤੀ ਦੀ ਮੌਤ ਦਾ ਹਿਰਖ ਕੀਤਾ ਅਤੇ ਰਾਣੀ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਇਸ ਤੋਂ ਬਾਅਦ ਗੁਰੂ ਜੀ ਨੇ ਕਹਿਲੂਰ ਦਾ ਇਲਾਕਾ ਖਰੀਦਣ ਦੀ ਗੱਲ ਕੀਤੀ। ਰਾਣੀ ਨੇ ਤੁਰੰਤ ਮਾਖੋਵਾਲ ਦਾ ਪਿੰਡ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ। ਪਰ ਗੁਰੂ ਜੀ ਨੇ ਮੁਫ਼ਤ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ 500 ਰੁਪਏ ਦੇ ਕੇ ਮਾਖੋਵਾਲ ਦਾ ਪਟਾ ਮਾਤਾ ਨਾਨਕੀ ਦੇ ਨਾਂ ਕਰਵਾ ਲਿਆ।

ਗੁਰੂ ਜੀ ਇਹ ਜ਼ਮੀਨ ਪ੍ਰਾਪਤ ਕਰਕੇ ਸੰਤੁਸ਼ਟ ਹੋ ਗਏ। ਉਹ ਨਹੀਂ ਸੀ ਚਾਹੁੰਦੇ ਕਿ ਕੀਰਤਪੁਰ ਵਿਚ ਰਹਿ ਕੇ ਆਪਣੇ ਭਰਾਵਾਂ ਨਾਲ ਨਿੱਤ ਦਾ ਵੈਰ ਸਹੇੜੀ ਰੱਖਣ। ਉਹ ਇਕ ਐਸੀ ਸ਼ਾਂਤਮਈ ਥਾਂ ਚਾਹੁੰਦੇ ਸਨ ਜਿਥੇ ਕੀ ਉਹ ਪ੍ਰਭੂ-ਭਗਤੀ ਵਿਚ ਵੀ ਲੀਨ ਰਹਿਣ ਅਤੇ ਸਿੱਖ-ਸੰਗਤ ਦੀ ਵੀ ਅਗਵਾਈ ਕਰ ਸਕਣ। ਇਕ ਹੋਰ ਵੀ ਪੱਖ ਸੀ ਕਿ ਇਹ ਮਾਖੋਵਾਲ ਅਜੇਹੀ ਥਾਂ ਤੇ ਸਥਿਤ ਸੀ ਜਿਥੇ ਕਿ ਮੁਗਲ ਫੌਜ਼ ਸਹਿਜੇ ਹੀ ਨਹੀਂ ਪਹੁੰਚ ਸਕਦੀ ਸੀ। ਗੁਰੂ ਸਾਹਿਬਾਨ ਵਿਚ ਹੋਰ ਵੀ ਪ੍ਰੰਪਰਾ ਚਲਦੀ ਆ ਰਹੀ ਸੀ ਕਿ ਜਿਹੜਾ ਵੀ ਗੁਰੂ ਗੁਰਗੱਦੀ ਤੇ ਬੈਠਦਾ ਸੀ ਉਹ ਆਪਣੇ ਪ੍ਰਚਾਰ ਕੇਂਦਰ ਨੂੰ ਬਦਲ ਲੈਂਦਾ ਸੀ। ਇਹ ਗੁਰੂ ਸਾਹਿਬ ਜੀ ਵੱਲੋਂ ਇਕ ਸੋਚਿਆ-ਸਮਝਿਆ ਕਦਮ ਸੀ।



# ਆਨੰਦਪੁਰ ਸਾਹਿਬ ਦੀ ਉਸਾਰੀ

ਖਰੀਦੇ ਹੋਏ ਥਾਂ ਦਾ ਸਰਵੇਖਣ ਕਰਕੇ ਗੁਰੂ ਜੀ ਨੇ ਨਵੇਂ ਨਗਰ ਦੀ ਨੀਂਹ 19 ਜੂਨ 1665 ਨੂੰ ਰੱਖਣ ਦਾ ਫੈਸਲਾ ਕੀਤਾ। ਨੀਂਹ ਰੱਖਣ ਦੀ ਰਸਮ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਨੇ ਆਪਣੇ ਕਰ ਕਮਲਾਂ ਨਾਲ ਰੱਖੀ। ਨਗਰ ਦਾ ਨਾਂ ਮਾਤਾ ਨਾਨਕੀ ਜੀ ਦੇ ਨਾਂ 'ਤੇ 'ਚੱਕ ਨਾਨਕੀ' ਰਖਿਆ ਗਿਆ। ਇਸ ਪਿੰਡ ਨੂੰ ਪਹਿਲਾਂ ਮਾਖੋਵਾਲ ਹੀ ਕਹਿੰਦੇ ਸਨ। ਇਹ ਗੱਲ ਮਸ਼ਹੂਰ ਸੀ ਕਿ ਮਾਖੋ ਨਾਂ ਦਾ ਦੈਂਤ ਕਿਸੇ ਨੂੰ ਰਹਿਣ ਨਹੀਂ ਸੀ ਦਿੰਦਾ। ਪਰ ਗੁਰੂ ਜੀ ਨੇ ਉਸ ਅਸਥਾਨ 'ਤੇ ਆਪਣੇ ਚਰਨ ਪਾਏ ਤਾਂ ਕਿਸੇ ਦੈਂਤ ਦੇ ਦਰਸ਼ਨ ਨਾ ਹੋਏ। ਲੋਕਾਂ ਦਾ ਵਹਿਮ ਵੀ ਦੂਰ ਹੋ ਗਿਆ।

ਗੁਰੂ ਜੀ ਨੇ ਨਗਰ ਦੀ ਉਸਾਰੀ ਲਈ ਬੜੇ ਵਧੀਆ ਕਾਰੀਗਰ ਬੁਲਾਏ। ਗੁਰੂ ਜੀ ਨੇ ਨਗਰ ਦਾ ਨਕਸ਼ਾ ਆਪ ਹੀ ਤਿਆਰ ਕੀਤਾ ਸੀ। ਬਾਬਾ ਬੁੱਢਾ ਜੀ ਦੀ ਸੰਤਾਨ ਵਿਚੋਂ ਬਾਬਾ ਝੰਡਾ ਜੀ ਸਾਰੇ ਕੰਮ ਕਾਜ ਦੀ ਨਿਗਰਾਨੀ ਕਰ ਰਹੇ ਸਨ। ਗੁਰੂ ਜੀ ਨੇ ਪਹਿਲਾਂ ਆਪਣਾ ਨਿਵਾਸ ਅਸਥਾਨ ਬਣਾਇਆ, ਫਿਰ ਇਕ ਸਤਸੰਗ ਘਰ ਬਣਾਇਆ ਅਤੇ ਬਾਅਦ ਵਿਚ ਹੋਰ ਸਿੱਖਾਂ ਦੇ ਨਿਵਾਸ ਸਥਾਨ ਬਣਾਏ। ਉਨ੍ਹਾਂ ਵਪਾਰੀਆਂ ਨੂੰ ਵੀ ਸੱਦੇ ਪੱਤਰ ਭੇਜੇ ਅਤੇ ਉਨ੍ਹਾਂ ਨੂੰ ਵੀ ਇਕ ਬਜ਼ਾਰ ਬਣਵਾ ਦਿੱਤਾ। ਜਦ ਪੰਜਾਬ ਦੇ ਸਿੱਖਾਂ ਨੂੰ ਪਤਾ ਲੱਗਾ ਕਿ ਗੁਰੂ ਮਹਾਰਾਜ ਇਕ ਨਵਾਂ ਨਗਰ ਵਸਾ ਰਹੇ ਹਨ ਤਾਂ ਉਹ ਪਰਵਾਰਾਂ ਸਹਿਤ ਆਨੰਦਪੁਰ ਸਾਹਿਬ ਪਹੁੰਚ ਗਏ ਅਤੇ ਸੇਵਾ ਵਿਚ ਜੁਟ ਗਏ। 24 ਘੰਟੇ ਲੰਗਰ ਚੱਲਦਾ ਅਤੇ ਕਿਸੇ ਚੀਜ਼ ਦੀ ਘਾਟ ਨਹੀਂ ਸੀ ਰਹਿੰਦੀ। ਕੁਝ ਸਮੇਂ ਵਿਚ ਹੀ ਹਰ ਪ੍ਰਕਾਰ ਦੀਆਂ ਇਮਾਰਤਾਂ ਅਤੇ ਬਜ਼ਾਰ ਬਣ ਗਏ। ਵਪਾਰੀਆਂ ਨੂੰ ਗੁਰੂ ਜੀ ਨੇ ਆਪਣੇ ਪਾਸੋਂ ਰਕਮਾਂ ਦਿੱਤੀਆਂ ਤਾਂ ਕਿ ਉਹ ਰਾਸ ਪਾ ਲੈਣ। ਸੜਕਾਂ, ਚੌਂਕਾਂ ਅਤੇ ਇਮਾਰਤਾਂ ਨੂੰ ਸੁੰਦਰ ਬਣਾਉਣ ਲਈ ਗੁਰੂ ਸਾਹਿਬ ਨੇ ਕਈ ਚਿੱਤਰਕਾਰ ਵੀ ਬੁਲਾਏ।

ਜਦ ਸ਼ਹਿਰ ਤਿਆਰ ਹੋ ਰਿਹਾ ਸੀ ਤਾਂ ਮਾਤਾ ਨਾਨਕੀ ਜੀ ਨੇ ਮਸੰਦਾਂ ਨੂੰ ਹੁਕਮਨਾਮੇ ਭੇਜੇ ਅਤੇ ਨਵੇਂ ਸ਼ਹਿਰ ਦੀ ਉਸਾਰੀ ਬਾਰੇ ਸਪੱਸ਼ਟ ਕੀਤਾ। ਉਨ੍ਹਾਂ ਨੂੰ ਇਹ ਵੀ ਲਿਖਿਆ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਹੁਣ ਗੁਰੂ ਤੇਗ ਬਹਾਦਰ ਜੀ ਬਿਰਾਜ ਰਹੇ ਹਨ। ਤੁਸੀਂ ਕਾਰ ਭੇਟਾ ਇਕੱਠੀ ਕਰਕੇ ਚੱਕ ਨਾਨਕੀ (ਮਾਖੋਵਾਲ) ਪੁਜੋ।

ਜਦ ਬਾਬਾ ਧੀਰ ਮੱਲ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਵੀ ਮਸੰਦਾਂ ਨੂੰ ਚਿੱਠੀਆਂ ਜਾਰੀ ਕਰ ਦਿੱਤੀਆਂ ਕਿ ਬਕਾਲੇ ਵਾਲੇ ਗੁਰੂ ਉਹ ਹੀ ਹਨ ਅਤੇ ਕਾਰ ਭੇਟਾ ਲੈ ਕੇ ਕਰਤਾਰਪੁਰ ਪੁਜੋ। ਜਦ ਮਸੰਦਾਂ ਨੂੰ ਦੋ ਵੱਖ-ਵੱਖ ਗੁਰੂਆਂ ਦੀਆਂ ਚਿੱਠੀਆਂ ਮਿਲੀਆਂ ਤਾਂ ਮਸੰਦਾਂ ਵਿਚ ਪਰੇਸ਼ਾਨੀ ਫੈਲ ਗਈ। ਉਹ ਹੈਰਾਨ ਸਨ ਕਿ ਗੁਰਗੱਦੀ ਦਾ ਅਸਲੀ ਵਾਰਸ ਕੌਣ ਹੈ। ਇਸ ਤਰ੍ਹਾਂ ਦੀ ਦੁਚਿੱਤੀ ਵਿਚ ਕਾਬਲ ਦਾ ਇਕ ਗੋਂਦਾ ਨਾਂ ਦਾ ਮਸੰਦ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਕਾਰ ਭੇਟਾ ਪਹੁੰਚਾਉਣ ਵਾਸਤੇ ਤਿਆਰ

ਹੋਇਆ ਤਾਂ ਸੰਗਤ ਨੇ ਕਾਰ ਭੇਟਾ ਦੋ ਭਾਗਾਂ ਵਿਚ ਵੰਡ ਕੇ ਗੋਂਦੇ ਨੂੰ ਕਿਹਾ, 'ਅੱਧੀ ਭੇਟਾ ਤੁਸੀਂ ਕਰਤਾਰਪੁਰ ਬਾਬਾ ਧੀਰ ਮੱਲ ਨੂੰ ਭੇਟ ਕਰ ਦੇਣੀ ਅਤੇ ਜੋ ਸਿਰੋਪਾ ਉਹ ਦੇਣ ਆਪਣੇ ਪਾਸ ਰੱਖ ਲੈਣਾ। ਅੱਧੀ ਭੇਟਾ ਤੁਸੀਂ ਗੁਰੂ ਤੇਗ ਬਹਾਦਰ ਜੀ ਅੱਗੇ ਰੱਖ ਦੇਣੀ ਅਤੇ ਜੋ ਸਿਰੋਪਾ ਉਹ ਦੇਣ ਉਹ ਆਪਣੇ ਪਾਸ ਵੱਖ ਰੱਖ ਲੈਣਾ। ਜਿਸਦਾ ਸਿਰੋਪਾ ਭਾਰੀ ਹੋਵੇਗਾ ਉਹ ਹੀ ਅਸਲੀ ਗੁਰੂ ਹੋਵੇਗਾ।" ਗੋਂਦੇ ਨੇ ਸੰਗਤ ਦੇ ਹੁਕਮ ਅਨੁਸਾਰ ਉਸ ਤਰ੍ਹਾਂ ਹੀ ਕੀਤਾ। ਦੋ ਸਿਰੋਪੇ ਲੈ ਕੇ ਉਹ ਵਾਪਸ ਕਾਬਲ ਪਹੁੰਚ ਗਿਆ। ਜਦ ਤੱਕੜੀ ਦੇ ਦੋਹਾਂ ਪੱਲੜਿਆਂ ਵਿਚ ਇਕ ਪਾਸੇ ਗੁਰੂ ਤੇਗ ਬਹਾਦਰ ਜੀ ਦਾ ਸਿਰੋਪਾ ਅਤੇ ਦੂਸਰੇ ਪੱਲੜੇ ਵਿਚ ਬਾਬਾ ਧੀਰ ਮੱਲ ਦਾ ਸਿਰੋਪਾ ਰੱਖ ਕੇ ਤੋਲਿਆ ਗਿਆ ਤਾਂ ਗੁਰੂ ਤੇਗ ਬਹਾਦਰ ਜੀ ਦੇ ਸਿਰੋਪੇ ਵਾਲਾ ਪੱਲੜਾ ਜ਼ਮੀਨ ਨਾਲ ਹੀ ਲੱਗ ਗਿਆ, ਪਰ ਬਾਬਾ ਧੀਰ ਮੱਲ ਵਾਲਾ ਪੱਲੜਾ ਉੱਪਰ ਉੱਠ ਗਿਆ। ਸਭ ਸੰਗਤਾਂ ਨੂੰ ਯਕੀਨ ਹੋ ਗਿਆ ਕਿ ਗੁਰੂ ਤੇਗ ਬਹਾਦਰ ਜੀ ਹੀ ਨੌਵੇਂ ਨਾਨਕ



ਹਨ। ਹੁਣ ਸਭ ਪ੍ਰਕਾਰ ਦੇ ਭੁਲੇਖੇ ਦੂਰ ਹੋ ਗਏ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਇਹ ਸਪੱਸ਼ਟ ਹੋ ਗਿਆ ਕਿ ਅਸਲੀ ਸੱਚੇ ਪਾਤਸ਼ਾਹ ਆਨੰਦਪੁਰ ਵਾਲੇ ਹੀ ਹਨ।

ਉਨ੍ਹਾਂ ਦਿਨਾਂ ਵਿਚ ਹੀ ਆਨੰਦਪੁਰ ਸਾਹਿਬ ਵਿਖੇ ਇਕ ਪੀਰ ਆਇਆ। ਜਦ ਉਹ ਆਪਣੇ ਮੁਰੀਦਾਂ ਨੂੰ ਮਿਲਦਾ ਮਿਲਾਉਂਦਾ ਨਾਨਕੀ ਚੱਕ (ਆਨੰਦਪੁਰ) ਆਇਆ ਤਾਂ ਗੁਰੂ ਜੀ ਵੱਲੋਂ ਬਣਾਏ ਜਾ ਰਹੇ ਆਲੀਸ਼ਾਨ ਮਕਾਨਾਂ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ। ਕਿਤੇ ਸੰਗਤਾਂ ਦੇ ਮਕਾਨ ਬਣ ਰਹੇ ਸਨ, ਕਿਤੇ ਬਿਸਰਾਮ ਘਰ ਉਸਾਰੇ ਜਾ ਰਹੇ ਸਨ, ਕਿਤੇ ਗੁਰਦੁਆਰੇ ਅਤੇ ਸਤਿਸੰਗ ਘਰ ਤਿਆਰ ਕੀਤੇ ਜਾ ਰਹੇ ਸਨ। ਇਹ ਸਭ ਕੁਝ ਵੇਖ ਕੇ ਪੀਰ ਮੌਲੇ ਸ਼ਾਹ ਬਹੁਤ ਹੈਰਾਨ ਹੋਇਆ। ਉਸ ਨੇ ਇਕ ਸਿੱਖ ਨੂੰ ਪੁੱਛਿਆ ਕਿ ਇਹ ਮੰਦਰ ਕਿਸ ਦੇ ਬਣ ਰਹੇ ਹਨ। ਉਸ ਨੇ ਉੱਤਰ ਦਿੱਤਾ, "ਇਹ ਮਕਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਜਿਹੜੇ ਕਿ ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ ਹਨ, ਆਪਣੀ ਨਿਗਰਾਨੀ ਹੇਠ ਬਣਵਾ ਰਹੇ ਹਨ।" ਇਹ ਗੱਲ ਸੁਣ ਕੇ ਪੀਰ ਮੌਲੇ ਸ਼ਾਹ ਬਹੁਤ ਹੈਰਾਨ ਹੋਇਆ ਅਤੇ ਕਹਿਣ ਲੱਗਾ, 'ਬਾਬਾ ਨਾਨਕ ਤਾਂ ਬੜੇ ਵਲੀ ਪੁਰਖ ਹੋਏ ਹਨ, ਜੇ ਇਹ ਉਨ੍ਹਾਂ ਦੀ ਗੱਦੀ ਉਤੇ ਬੈਠੇ ਹਨ ਤਾਂ ਇਨ੍ਹਾਂ ਵਿਚ ਸ਼ਕਤੀ ਵੀ ਹੋਣੀ ਚਾਹੀਦੀ ਹੈ।' ਸਿੱਖ ਨੇ ਕਿਹਾ, "ਗੁਰੂ ਜੀ ਸਭ ਸ਼ਕਤੀਆਂ ਦੇ ਮਾਲਕ ਹਨ ਅਤੇ ਇਕ ਵੈਰਾਗਮਈ ਸਖਸ਼ੀਅਤ ਦੇ ਮਾਲਕ ਹਨ।" ਇਹ ਸੁਣਕੇ ਪੀਰ ਕਹਿਣ ਲੱਗਾ, "ਤੁਹਾਡਾ ਗੁਰੂ ਵੈਰਾਗੀ ਨਹੀਂ ਹੋ ਸਕਦਾ, ਕਿਉਂਕਿ ਵੈਰਾਗਵਾਨ ਤਾਂ ਅਜਿਹੇ ਮਕਾਨ ਉਸਾਰਨ ਦੇ ਝਮੇਲਿਆਂ ਵਿਚ ਨਹੀਂ ਪੈਂਦੇ।" ਜਦ ਉਸ ਸਿੱਖ ਨੇ ਪੀਰ ਦੀਆਂ ਇਨ੍ਹਾਂ ਵਿਚਾਰਾਂ ਬਾਰੇ ਗੁਰੂ ਜੀ ਨੂੰ ਦੱਸਿਆ ਤਾਂ ਉਨ੍ਹਾਂ ਨੇ ਸਿੱਖ ਨੂੰ ਕਿਹਾ ਕਿ ਉਸ ਪੀਰ ਨੂੰ ਕਹਿਣ ਉਨ੍ਹਾਂ ਨਾਲ ਆ ਕੇ ਗੱਲ ਕਰਨ।

ਮੌਲੇ ਸ਼ਾਹ ਜਦ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤਾਂ ਕਹਿਣ ਲੱਗਾ, "ਆਪ ਗ੍ਰਹਿਸਤੀ ਹੋ ਕੇ ਫਿਰ ਵੈਰਾਗਵਾਨ ਸਦਵਾਉਂਦੇ ਹੋ ਅਤੇ ਫਿਰ ਅਜਿਹੇ ਆਲੀਸ਼ਾਨ ਮੰਦਰ ਬਣਵਾ ਰਹੇ ਹੋ, ਇਕ ਵੈਰਾਗਵਾਨ ਨੂੰ ਅਜਿਹੇ ਅਡੰਬਰ ਕਰਨ ਦੀ ਕੀ ਲੋੜ ਹੈ।" ਗੁਰੂ ਜੀ ਨੇ ਕਿਹਾ, "ਪੀਰ ਜੀ ! ਗ੍ਰਹਿਸਤ ਧਰਮ ਸਭ ਧਰਮਾਂ ਤੋਂ ਉੱਚਾ ਹੈ ਜੋ ਸਾਰੇ ਪੀਰਾਂ ਫ਼ਕੀਰਾਂ ਨੂੰ ਪੈਦਾ ਕਰਦਾ ਹੈ ਅਤੇ ਫਿਰ ਸਾਰਿਆਂ ਨੂੰ ਅੰਨ ਪਾਣੀ ਵੀ ਛਕਾਉਂਦਾ ਹੈ। ਗ੍ਰਹਿਸਤੀ ਦਾ ਧਰਮ ਹੈ ਅਤਿਥੀ ਦੀ ਸੇਵਾ ਕਰਨਾ ਅਤੇ ਆਪਣੀ ਨੇਕ ਕਮਾਈ ਵਿਚੋਂ ਪੁੰਨ ਦਾਨ ਕਰਨਾ।" ਪੀਰ ਜੀ ਗੁਰੂ ਦੇ ਬਚਨ ਸੁਣ ਕੇ ਸੰਤੁਸ਼ਟ ਹੋ ਗਿਆ। ਪੀਰ ਜੀ 'ਤੇ ਗੁਰੂ ਜੀ ਦੇ ਬਚਨਾਂ ਦਾ ਏਨਾ ਪ੍ਰਭਾਵ ਪਿਆ ਕਿ ਉਹ ਆਨੰਦਪੁਰ ਸਾਹਿਬ ਦੇ ਹੀ ਹੋ ਕੇ ਰਹਿ ਗਏ। ਜਿਸ ਗੱਲ ਦੀ ਉਹ ਵਿਰੋਧਤਾ ਕਰਨ ਆਏ ਸੀ ਉਸੇ ਕਾਰਜ ਨੂੰ ਉਹ ਆਪ ਸਿਰੇ ਚਾੜ੍ਹਨ ਵਿਚ ਲੱਗ ਗਏ। ਗੁਰੂ ਸਾਹਿਬ ਵਲੋਂ ਤਿਆਰ ਹੋ ਰਹੀਆਂ ਇਮਾਰਤਾਂ ਵਿਚ ਉਹ ਏਨੀ ਦਿਲਚਸਪੀ ਲੈਣ ਲੱਗੇ ਕਿ ਗੁਰੂ ਸਾਹਿਬ ਉਸ ਕਾਰਜ ਵਲੋਂ ਨਿਸ਼ਚਿੰਤ ਹੋ ਗਏ। ਹਰ ਸ਼ਾਮ ਉਹ ਗੁਰੂ ਸਾਹਿਬ ਪਾਸ ਆਉਂਦੇ ਅਤੇ ਆਨੰਦਪੁਰ ਦੀ ਉਸਾਰੀ ਬਾਰੇ ਉਹਨਾਂ ਨੂੰ ਪੂਰਾ ਵਿਵਰਣ ਦਿੰਦੇ। ਸਿੱਖ ਇਤਿਹਾਸ ਦੱਸਦਾ ਹੈ ਕਿ ਉਹ ਗੁਰੂ ਸਾਹਿਬ ਦੇ ਸੱਚੇ ਸਿੱਖ ਬਣੇ।

# ਬਾਹੀਆ ਨਾ ਤੇਹੀਆ, ਹੋਸੀ ਬੇਹੀਆ ਬੇਹੀਆ

ਗੁਰੂ ਜੀ ਨੇ ਆਨੰਦਪੁਰ ਸਾਹਿਬ ਦੀ ਰਾਖੀ ਅਤੇ ਹੋਰ ਇਮਾਰਤਾਂ ਅਤੇ ਖੂਹ ਬਣਵਾਉਣ ਵਾਸਤੇ ਭਾਈ ਭਾਗੂ ਜੀ, ਭਾਈ ਰਾਮੇ ਜੀ, ਭਾਈ ਸਾਧੂ ਮੁਲਤਾਨੀ ਆਦਿ ਸਿੱਖਾਂ ਦੀ ਜ਼ਿੰਮੇਵਾਰੀ ਲਾ ਦਿੱਤੀ। ਉਨ੍ਹਾਂ ਹਦਾਇਤ ਕਰ ਦਿੱਤੀ ਕਿ ਕੋਈ ਵੀ ਵਿਅਕਤੀ ਸ਼ਹਿਰ ਵਾਸੀਆਂ ਨੂੰ ਤੰਗ ਨਾ ਕਰੇ ਅਤੇ ਜੇ ਕੋਈ ਅਜਿਹੀ ਔਕੜ ਆ ਵੀ ਜਾਵੇ ਤਾਂ ਉਸਦਾ ਡਟ ਕੇ ਮੁਕਾਬਲਾ ਕਰਨਾ। ਜਿਹੜੀ ਮਾਇਆ ਚੜ੍ਹਾਵੇ ਵਜੋਂ ਆਵੇ ਉਸ ਨਾਲ ਹੋਰ ਇਮਾਰਤਾਂ ਬਣਾਉਣੀਆਂ ਅਤੇ ਲੰਗਰ ਸਦਾ ਚਲਦਾ ਰੱਖਣਾ।

ਨਗਰ ਵਾਸੀਆਂ ਨੂੰ ਵੀ ਉਪਦੇਸ਼ ਦੇ ਕੇ ਗੁਰੂ ਜੀ ਆਪਣੇ ਪਰਵਾਰ ਅਤੇ ਹੋਰ ਸ਼ਰਧਾਲੂ ਸਿੱਖਾਂ ਸਹਿਤ ਮਾਲਵੇ ਦੇਸ਼ ਵੱਲ ਚੱਲ ਪਏ।

ਗੁਰੂ ਜੀ ਨੇ ਪਹਿਲਾ ਪੜਾਅ ਘਨੌਲੇ ਪਿੰਡ ਵਿਚ ਕੀਤਾ। ਘਨੌਲੇ ਤੋਂ ਚੱਲਕੇ ਰੋਪੜ ਅਤੇ ਰੋਪੜ ਤੋਂ ਅੱਗੇ ਛੋਟੇ-ਛੋਟੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਮਾਲੂਵਾਲ ਦੇ ਖੂਹ ਉਤੇ ਜਾ ਡੇਰਾ ਲਾਇਆ। ਪਿੰਡ ਮਾਲੂਵਾਲ ਤਹਿਸੀਲ ਧੂਰੀ ਵਿਚ ਪੈਂਦਾ ਹੈ। ਇਸ ਪਿੰਡ ਦੇ ਦੋ ਵਿਅਕਤੀ ਮਈਆ ਅਤੇ ਗੋਂਦਾ ਗੁਰੂ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋਏ। ਇਹ ਦੋਵੇਂ ਗੁਰੂ ਜੀ ਅੱਗੇ ਭੇਟਾ ਰੱਖ ਕੇ ਅਤੇ ਮੱਥਾ ਟੇਕ ਕੇ ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਆਦੇਸ਼ ਕੀਤਾ ਕਿ ਉਨ੍ਹਾਂ ਦੇ ਪੀਣ ਵਾਸਤੇ ਜਲ ਲਿਆਉਣ। ਗੁਰੂ ਜੀ ਦਾ ਆਦੇਸ਼ ਸੁਣ ਕੇ ਉਹ ਕਹਿਣ ਲੱਗੇ, "ਮਹਾਰਾਜ ਇਸ ਖੂਹ ਦਾ ਪਾਣੀ ਖਾਰਾ ਅਤੇ ਬੇਸਵਾਦਾ ਹੈ। ਹੁਕਮ ਕਰੋ ਤਾਂ ਕਿਸੇ ਹੋਰ ਖੂਹ ਤੋਂ ਪਾਣੀ ਲੈ ਆਈਏ।" ਗੁਰੂ ਜੀ ਨੇ ਕਿਹਾ ਕਿ ਕਿਸੇ ਹੋਰ ਖੂਹ 'ਤੇ ਜਾਣ ਦੀ ਲੋੜ ਨਹੀਂ। ਇਸ ਖੂਹ ਦਾ ਹੀ ਪਾਣੀ ਲੈ ਆਓ। ਗੁਰੂ ਜੀ ਦੀ ਆਗਿਆ ਮੰਨ ਕੇ ਉਹ ਉਸੇ ਖੂਹ ਦਾ ਪਾਣੀ ਲੈ ਆਏ। ਗੁਰੂ ਜੀ ਨੇ ਵਾਹਿਗੁਰੂ ਦਾ ਨਾਂ ਲੈ ਕੇ ਜਲ ਛੱਕ ਲਿਆ ਅਤੇ ਬਾਅਦ ਵਿਚ ਕਹਿਣ ਲੱਗੇ, "ਭਗਤੋ ! ਇਹ ਜਲ ਤਾਂ ਬਹੁਤ ਮਿੱਠਾ ਅਤੇ ਠੰਡਾ ਹੈ।" ਗੁਰੂ ਜੀ ਦੀ ਇਹ ਗੱਲ ਸੁਣਕੇ ਹੋਰ ਸੰਗਤ ਨੇ ਵੀ ਉਸ ਖੂਹ ਦਾ ਜਲ ਛਕਿਆ ਅਤੇ ਸਾਰਿਆਂ ਅਨੁਭਵ ਕੀਤਾ ਕਿ ਪਾਣੀ ਬੜਾ ਮਿੱਠਾ ਅਤੇ ਠੰਡਾ ਹੈ।

ਸਾਰਿਆਂ ਨੇ ਗੁਰੂ ਜੀ ਦੇ ਬਚਨਾਂ ਦੀ ਸ਼ਕਤੀ ਨੂੰ ਮਹਿਸੂਸ ਕੀਤਾ ਅਤੇ ਉਨ੍ਹਾਂ ਨੇ ਗੁਰੂ ਪਰਵਾਰ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਵੀ ਨੌਂ ਦਿਨ ਉਥੇ ਠਹਿਰੇ। ਰੋਜ਼ ਦੀਵਾਨ ਲੱਗਦਾ, ਕੀਰਤਨ ਦਾ ਪ੍ਰਵਾਹ ਚਲਦਾ ਅਤੇ ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਦਿੰਦੇ। ਗੋਂਦੇ ਦੀ ਸੇਵਾ ਅਤੇ ਪ੍ਰੇਮ ਨੂੰ ਵੇਖ ਕੇ ਗੁਰੂ ਜੀ ਨੇ ਉਸ ਨੂੰ ਸਿਰੋਪਾ ਦਿੱਤਾ ਅਤੇ ਇਹ ਵਰ ਵੀ ਦਿੱਤਾ ਕਿ ਉਹ ਉਸ ਪਿੰਡ ਦੇ ਚੌਧਰੀ ਬਣਨਗੇ। ਮਾਲੂਵਾਲ ਤੋਂ ਚਲ ਕੇ ਗੁਰੂ ਜੀ ਨੇ ਸ਼ੇਖੋਂ ਪਿੰਡ ਦੇ ਬਾਹਰ ਇਕ ਰੁੱਖਾਂ ਦੀ ਝੰਗੀ ਹੇਠ ਜਾ ਡੇਰਾ ਲਾਇਆ। ਇਸ ਪਿੰਡ ਦਾ ਚੌਧਰੀ ਤਿਲੋਕਾ ਜਵੰਦਾ ਇਕ ਵੈਰਾਗੀ ਸਾਧੂ ਦਾ ਚੇਲਾ ਸੀ। ਇਸ ਲਈ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਨਾ ਆਇਆ। ਸਿੱਖਾਂ ਨੇ ਦੱਸਿਆ ਇਹ ਤਿਲੋਕਾ ਜਵੰਦਾ ਬਾਈਆਂ ਪਿੰਡਾਂ ਦਾ ਮਾਲਕ

ਹੈ, ਇਸ ਲਈ ਬੜੀ ਆਕੜ ਵਿਚ ਰਹਿੰਦਾ ਹੈ। ਇਹ ਗੱਲ ਸੁਣਕੇ ਗੁਰੂ ਜੀ ਨੇ ਬਚਨ ਕੀਤਾ, "ਨਾ ਕੋਈ ਬਾਹੀਆ ਤੇ ਨਾ ਕੋਈ ਤੇਹੀਆ, ਹੋਸੀ ਥੇਹੀਆ ਥੇਹੀਆ।" ਗੁਰੂ ਜੀ ਦੇ ਇਨ੍ਹਾਂ ਬਚਨਾਂ ਦਾ ਜਦ ਤਿਲੋਕੇ ਨੂੰ ਪਤਾ ਲੱਗਾ ਤਾਂ ਉਹ ਬਹੁਤ ਡਰ ਗਿਆ। ਲੋਕਾਂ ਨੇ ਉਸ ਨੂੰ ਦਸਿਆ ਸੀ ਕਿ ਗੁਰੂ ਜੀ ਦੇ ਕਹੇ ਸ਼ਬਦ ਸਦਾ ਸੱਚੇ ਹੁੰਦੇ ਹਨ। ਉਹ ਉਸੇ ਵੇਲੇ ਗੁੜ ਦੀ ਰੋੜੀ, ਇਕ ਖ਼ਦਰ ਦਾ ਰੇਜਾ ਅਤੇ ਇਕ ਰੁਪਈਆ ਲੈ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਅਤੇ ਮੁਆਫ਼ੀਆਂ ਮੰਗਣ ਲੱਗਾ। ਗੁਰੂ ਜੀ ਜਿਹੜੇ ਸਦਾ ਦਿਆਲੂ ਸਨ, ਚੌਧਰੀ ਤਿਲੋਕੇ ਨੂੰ ਮੁਆਫ਼ ਕਰਦੇ ਹੋਏ ਬੋਲੇ, "ਏਥੇ ਪੌਣੇ ਹੋਰ ਥਾਂ ਚੌਣੇ।" ਗੁਰੂ ਜੀ ਦਾ ਇਹ ਵਰ ਇਸ ਤਰ੍ਹਾਂ ਪੂਰਾ ਹੋਇਆ ਕਿ ਕੁਝ ਸਮੇਂ ਬਾਅਦ ਖਿਲਜੀਆਂ ਨੇ ਜਵੰਦਿਆਂ ਦੇ ਇਹ 23 ਪਿੰਡ ਉਜਾੜ ਦਿੱਤੇ। ਜਵੰਦੇ ਸਰਦਾਰ ਇਥੋਂ ਉਜੜ ਕੇ ਬਲਬਗੜ ਨੇੜੇ 86 ਪਿੰਡਾਂ ਦੇ ਮਾਲਕ ਬਣ ਗਏ। ਗੁਰੂ ਜੀ ਦੋ ਦਿਨ ਉਸ ਪਿੰਡ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਸੇਖੋਂ ਪਿੰਡ ਤੋਂ ਚਲਕੇ ਫਰਵਾਹੀ ਪਿੰਡ ਰਾਹੀਂ ਹੁੰਦੇ ਹੋਏ ਹਢਿਆਣੇ ਪਿੰਡ ਦੇ ਬਾਹਰ ਇਕ ਛੱਪੜ ਦੇ ਕੰਢੇ ਟਾਹਲੀ ਦੇ ਰੁੱਖਾਂ ਹੇਠ ਜਾ ਡੇਰਾ ਲਾਇਆ। ਉਸ ਪਿੰਡ ਦਾ ਇਕ ਵਿਅਕਤੀ ਗੁਰੂ ਜੀ ਅਗੇ ਬੇਨਤੀ ਕਰਨ ਲੱਗਾ ਕਿ ਉਸ ਨੂੰ ਮਾਰੂ ਤਾਪ ਚੜ੍ਹਦਾ ਹੈ। ਇਸ ਬਿਮਾਰੀ ਨਾਲ ਬਹੁਤ ਲੋਕ ਮਰ ਚੁਕੇ ਹਨ। ਤਦ ਗੁਰੂ ਜੀ ਨੇ ਉਸ ਨੂੰ ਸਤਿਨਾਮ ਵਾਹਿਗੁਰੂ ਦਾ ਨਾਮ ਜਪਾ ਕੇ ਉਸ ਛੱਪੜ ਵਿਚ ਇਸ਼ਨਾਨ ਕਰਨ ਨੂੰ ਕਿਹਾ। ਨਹਾਉਣ ਨਾਲ ਉਸ ਵਿਅਕਤੀ ਦਾ ਬੁਖਾਰ ਉੱਤਰ ਗਿਆ। ਜਦ ਪਿੰਡ ਦੇ ਹੋਰ ਲੋਕਾਂ ਨੂੰ ਵੀ ਪਤਾ ਲੱਗਾ ਤਾਂ ਉਹ ਵੀ ਗੁਰੂ ਜੀ ਪਾਸ ਆਏ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਵੀ ਨਾਮ ਜਪਾ ਕੇ ਇਸ਼ਨਾਨ ਕਰਵਾ ਕੇ ਰਾਜ਼ੀ ਕਰ ਦਿੱਤਾ। ਇਹ ਉਪਕਾਰ ਕਰਨ ਕਰਕੇ ਸਾਰਾ ਪਿੰਡ ਗੁਰੂ ਦਾ ਸਿੱਖ ਬਣਿਆ। ਇਸ ਛੱਪੜ ਵਾਲੀ ਥਾਂ 'ਤੇ ਅੱਜ-ਕੱਲ ਇਕ ਸੁੰਦਰ ਸਰੋਵਰ ਬਣਿਆ ਹੋਇਆ ਹੈ ਜਿਸ ਵਿਚ ਇਸ਼ਨਾਨ ਕਰਕੇ ਰੋਗੀਆਂ ਦੇ ਰੋਗ ਦੂਰ ਹੁੰਦੇ ਹਨ।

ਹਢਿਆਏ ਪਿੰਡ ਵਿਚ ਕੁਝ ਦਿਨ ਠਹਿਰ ਕੇ ਗੁਰੂ ਜੀ ਢਿਲਵਾਂ ਪਿੰਡ ਪੁਜੇ। ਢਿਲੋਂ ਗੋਤ ਦੇ ਜਟਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ ਅਤੇ ਉਨ੍ਹਾਂ ਦੇ ਮਨੋਹਰ ਬਚਨ ਸੁਣ ਕੇ ਨਿਹਾਲ ਹੋਏ। ਇਸ ਪਿੰਡ ਤੋਂ ਵਿਦਾਇਗੀ ਲੈ ਕੇ ਗੁਰੂ ਜੀ ਪਿੰਡ ਭੰਦੇਰ ਅਤੇ ਅਲੀ ਸ਼ੇਰ ਹੁੰਦੇ ਹੋਏ ਖੀਵਾ ਕਲਾਂ ਜਾ ਡੇਰਾ ਲਾਇਆ। ਇਸ ਪਿੰਡ ਵਿਚ ਇਕ ਰਾਤ ਬਿਸਰਾਮ ਕਰਕੇ ਜਦ ਗੁਰੂ ਜੀ ਨੇ ਅੱਗੇ ਦੀ ਰਵਾਨਗੀ ਪਾਈ ਤਾਂ ਆਪ ਜੀ ਨੂੰ ਕਾਬਲ ਦੀ ਸੰਗਤ ਰਸਤੇ ਵਿਚ ਆ ਮਿਲੀ। ਇਹ ਸੰਗਤ ਪਹਿਲਾਂ ਆਨੰਦਪੁਰ ਗਈ ਸੀ ਪਰ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਮਾਲਵੇ ਦੇ ਇਲਾਕੇ ਵਿਚ ਗਏ ਹਨ ਤਾਂ ਪਿਛਾ ਕਰਦੇ ਗੁਰੂ ਜੀ ਨੂੰ ਆ ਮਿਲੇ। ਗੋਂਦੇ ਮਸੰਦ ਦੀ ਪਰਖ ਤੋਂ ਕਾਬਲ ਦੀ ਸੰਗਤ ਗੁਰੂ ਜੀ ਦੀ ਬਹੁਤ ਉਪਾਸ਼ਕ ਹੋ ਗਈ ਸੀ। ਉਨ੍ਹਾਂ ਸਭ ਨੇ ਆਪਣੀ ਵਿੱਤ ਅਨੁਸਾਰ ਗੁਰੂ ਜੀ ਅੱਗੇ ਭੇਟਾ ਰੱਖ ਕੇ ਮੱਥੇ ਟੇਕੇ। ਗੁਰੂ ਜੀ ਉਨ੍ਹਾਂ ਦਾ ਪ੍ਰੇਮ ਵੇਖਕੇ ਉਥੇ ਹੀ ਕੁਝ ਸੰਗਣੇਂ ਰੁਖਾਂ ਹੇਠ ਬੈਠ ਗਏ। ਗੁਰੂ ਜੀ ਤਿੰਨ ਦਿਨ ਉਸ ਉਜਾੜ ਵਿਚ ਹੀ ਦੀਵਾਨ ਲਾਉਂਦੇ ਰਹੇ ਅਤੇ ਕਾਬਲ ਦੀਆਂ ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ

ਰਹੇ। ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਦਿੱਤਾ ਕਿ ਮਨੁੱਖਾ ਜਨਮ ਅਮੋਲਕ ਰਤਨ ਵਾਂਗ ਦੁਰਲੱਭ ਹੈ, ਇਸ ਨੂੰ ਵਿਸ਼ੇ ਵਿਕਾਰਾਂ ਵਿਚ ਨਹੀਂ ਪਾਉਣਾ ਚਾਹੀਦਾ। ਮਨੁੱਖ ਨੂੰ ਸੱਚੀ-ਸੁੱਚੀ ਕਿਰਤ ਕਮਾਈ ਕਰਨੀ ਚਾਹੀਦੀ ਹੈ ਅਤੇ ਇਸ ਕਮਾਈ ਵਿਚੋਂ ਦਸਵੰਧ ਕੱਢਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਪਰ ਸਿਮਰਨ ਕਰਦੇ ਸਮੇਂ ਸ਼ਰੀਰ ਨੂੰ ਕਿਸੇ ਪ੍ਰਕਾਰ ਦਾ ਕਸ਼ਟ ਨਹੀਂ ਦੇਣਾ ਚਾਹੀਦਾ। ਸਹਿਜ ਭਗਤੀ ਹੀ ਸਭ ਤੋਂ ਉੱਤਮ ਭਗਤੀ ਹੈ ਅਤੇ ਇਹ ਭਗਤੀ ਮਨੁੱਖ ਗ੍ਰਹਿਸਤ ਆਸ਼ਰਮ ਵਿਚ ਰਹਿ ਕੇ ਭਲੀ-ਭਾਂਤ ਕਰ ਸਕਦਾ ਹੈ। ਜਦ ਲਾਗਲੇ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਉਜਾੜ ਬਿਆਬਾਨ ਵਿਚ ਹੀ ਬੈਠੇ ਜੰਗਲ ਨੂੰ ਮੰਗਲ ਬਣਾ ਰਹੇ ਹਨ ਤਾਂ ਉਹ ਵੀ ਵਿੱਤ ਮੂਜਬ ਭੇਟਾਵਾਂ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਇਸ ਤਰ੍ਹਾਂ ਉਸ ਉਜਾੜ ਬੀਆਬਾਨ ਵਿਚ ਹੀ ਚੌਵੀ ਘੰਟੇ ਲੰਗਰ ਚਲਦਾ ਅਤੇ ਸੰਗਤਾਂ ਕੀਰਤਨ ਦੇ ਪ੍ਰਵਾਹ ਦਾ ਆਨੰਦ ਮਾਣਦੀਆਂ।



# ਨਵਾਬ ਸੈਫ਼ ਖ਼ਾਨ

ਗੁਰੂ ਜੀ ਪਿੰਡਾਂ ਵਿਚ ਸਿੱਖੀ ਦਾ ਨਾਮ ਦਾਨ ਦਿੰਦੇ ਹੋਏ ਸੈਫ਼ਾਬਾਦ ਪੁੱਜੇ। ਇਸ ਸਥਾਨ ਨੂੰ ਅੱਜ-ਕੱਲ ਬਹਾਦਰ ਗੜ੍ਹ ਦਾ ਕਿਲ੍ਹਾ ਕਹਿੰਦੇ ਹਨ। ਇਹ ਸਥਾਨ ਪਟਿਆਲੇ ਤੋਂ ਚੰਡੀਗੜ੍ਹ ਨੂੰ ਜਾਣ ਵਾਲੀ ਸੜਕ ਤੇ ਸਥਿਤ ਹੈ ਅਤੇ ਪਟਿਆਲੇ ਤੋਂ ਅੱਠ ਕਿਲੋਮੀਟਰ ਦੇ ਫਾਸਲੇ 'ਤੇ ਹੈ। ਇਸ ਨਗਰ ਨੂੰ ਸੈਫ਼ਾਬਾਦ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਇਸ ਨੂੰ ਵਸਾਉਣ ਵਾਲਾ ਨਵਾਬ ਸੈਫ ਖਾਂ ਸੀ। ਨਵਾਬ ਸੈਫ ਖ਼ਾਂ ਬਾਦਸ਼ਾਹ ਸ਼ਾਹਜਹਾਨ ਦਾ ਸਾਂਢੂ, ਤਰਬੀਅਤ ਖ਼ਾਂ ਬਖ਼ਸ਼ੀ ਸ਼ਾਹ ਜਹਾਨੀ ਦਾ ਪੁੱਤਰ ਅਤੇ ਫ਼ਿਦਾਈ ਖ਼ਾਂ ਦਾ ਭਰਾ ਸੀ। ਨਵਾਬ ਸੈਫ ਖ਼ਾਂ ਨੇ ਮੁਗ਼ਲ ਸਰਕਾਰ ਦੇ ਕਈ ਮਹੱਤਵਪੂਰਨ ਅਹੁਦਿਆਂ ਤੇ ਕੰਮ ਕੀਤਾ ਸੀ। ਉਹ ਆਗਰੇ ਅਤੇ ਕਸ਼ਮੀਰ ਦਾ ਸੂਬੇਦਾਰ ਰਹਿ ਚੁਕਾ ਸੀ। ਪਰ ਕੁਝ ਸਮੇਂ ਬਾਅਦ ਉਸ ਨੇ ਫ਼ਕੀਰੀ ਪਹਿਰਾਵਾ ਧਾਰਨ ਕਰ ਲਿਆ ਸੀ। ਉਹ ਪੀਰ ਭੀਖਣ ਸ਼ਾਹ ਦਾ ਸ਼ਰਧਾਲੂ ਬਣ ਗਿਆ ਅਤੇ ਉਨ੍ਹਾਂ ਦੀ ਸਿੱਖਿਆ ਕਰਕੇ ਹੀ ਉਹ ਗੁਰੂ ਨਾਨਕ ਦੇਵ ਜੀ ਵਾਸਤੇ ਵੀ ਬੜੀ ਸ਼ਰਧਾ ਰਖਦਾ ਸੀ।

ਜਦ ਗੁਰੂ ਤੇਗ਼ ਬਹਾਦਰ ਜੀ ਉਸਨੂੰ ਮਿਲਣ ਵਾਸਤੇ ਸੈਫ਼ਾਬਾਦ ਪੁੱਜੇ ਤਾਂ ਨਵਾਬ ਸੈਫ਼ ਖ਼ਾਂ ਆਪ ਗੁਰੂ ਜੀ ਨੂੰ ਮਿਲਣ ਵਾਸਤੇ ਬਾਹਰ ਆਇਆ। ਗੁਰੂ ਜੀ ਨੇ ਉਸ ਦੇ ਬਾਗ਼ ਵਿਚ ਡੇਰਾ ਲਾਇਆ। ਸੈਫ਼ ਖ਼ਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਕੁਝ ਦਿਨ ਤਾਂ ਗੁਰੂ ਜੀ ਬਾਹਰ ਬਾਗ਼ ਵਿਚ ਠਹਿਰੇ, ਪਰ ਫਿਰ ਸੈਫ਼ ਖ਼ਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਸ ਦੀਆਂ ਬੇਗਮਾਂ ਉਨ੍ਹਾਂ ਦੇ ਦਰਸ਼ਨ ਕਰਨਾ ਚਾਹੁੰਦੀਆਂ ਹਨ ਇਸ ਲਈ ਮੇਰੇ ਮਹਿਲਾਂ ਵਿਚ ਨਿਵਾਸ ਕਰੋ। ਗੁਰੂ ਜੀ ਨੇ ਅੰਦਰ ਜਾਣਾ ਪਰਵਾਨ ਕਰ ਲਿਆ। ਉਹ ਗੁਰੂ ਜੀ ਨੂੰ ਘੋੜੇ ਉਤੇ ਚੜ੍ਹੇ ਹੀ ਅੰਦਰ ਲੈ ਗਿਆ ਅਤੇ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਵੀ ਪਾਲਕੀ ਵਿਚ ਹੀ ਅੰਦਰ ਗਈਆਂ। ਉਸ ਦੀਆਂ ਬੇਗ਼ਮਾਂ ਨੇ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਨੂੰ ਮੱਥਾ ਟੇਕਿਆ ਅਤੇ ਕੀਮਤੀ ਗਹਿਣੇ ਭੇਂਟ ਕੀਤੇ। ਸੈਫ਼ ਖ਼ਾਂ ਨੇ ਗੁਰੂ ਜੀ ਨੂੰ ਇਕ ਸੁੰਦਰ ਮਕਾਨ ਵਿਚ ਠਹਿਰਾਇਆ। ਗੁਰੂ ਜੀ ਦੇ ਮਕਾਨ ਦੇ ਸਾਹਮਣੇ ਇਕ ਸੁੰਦਰ ਮਸੀਤ ਬਣੀ ਹੋਈ ਸੀ। ਜਦ ਗੁਰੂ ਸਾਹਿਬ ਨੇ ਉਸ ਮਸੀਤ ਨੂੰ ਵੇਖਿਆ ਤਾਂ ਕਹਿਣ ਲੱਗੇ, "ਜਿਥੇ ਏਨੀ ਸੁੰਦਰ ਮਸੀਤ ਬਣੀ ਹੋਈ ਸੀ ਉਥੇ ਮਕਾਨ ਦੀ ਕੀ ਲੋੜ ਸੀ। ਅਸੀਂ ਮਸੀਤ ਵਿਚ ਹੀ ਬੈਠ ਜਾਇਆ ਕਰਦੇ।" ਸੈਫ਼ ਖ਼ਾਂ ਨੇ ਕਿਹਾ ਇਹ ਮੁਸਲਮਾਨਾਂ ਵਾਸਤੇ ਹੈ, ਤੁਸੀਂ ਨਵਾਂ ਧਰਮ ਚਲਾਇਆ ਹੈ। ਸ਼ਾਇਦ ਤੁਸੀਂ ਇਸ ਨੂੰ ਯੋਗ ਨਾ ਸਮਝਦੇ। ਗੁਰੂ ਜੀ ਨੇ ਫ਼ੁਰਮਾਇਆ ਕਿ ਉਹ ਕਿਸੇ ਧਰਮ ਨਾਲ ਵਿਤਕਰਾ ਨਹੀਂ ਕਰਦੇ। ਮ ਾਡੇ ਵਾਸਤੇ ਮਸੀਤਾਂ ਅਤੇ ਮੰਦਰ ਸਭ ਬਰਾਬਰ ਹਨ। ਗੁਰੂ ਜੀ ਨੇ ਮਹਿਲ ਦੇ ਦੁਆਲੇ ਬਣੀ ਦੀਵਾਰ ਨੂੰ ਵੇਖਕੇ ਕਿਹਾ ਕਿ ਇਹ ਕੰਧਾਂ ਏਨੀਆਂ ਮਜ਼ਬੂਤ ਨਹੀਂ ਹਨ। ਸੈਫ਼ ਖ਼ਾਂ ਨੇ ਕਿਹਾ ਕਿ ਉਹ ਦੁਬਾਰਾ ਮਜ਼ਬੂਤ ਕੰਧਾਂ ਬਣਾ ਦੇਣਗੇ। ਗੁਰੂ ਜੀ ਨੇ ਕਿਹਾ ਕਿ ਤੁਹਾਨੂੰ ਹੁਣ ਹੋਰ ਕੰਧਾਂ ਬਣਾਉਣ ਦੀ ਲੋੜ ਨਹੀਂ ਕੋਈ ਸਮਾਂ ਆਵੇਗਾ

ਕਿ ਇਹ ਕੰਧਾਂ ਇਕ ਮਜ਼ਬੂਤ ਕਿਲ੍ਹੇ ਦਾ ਰੂਪ ਧਾਰਨ ਕਰ ਜਾਣਗੀਆਂ। ਗੁਰੂ ਜੀ ਦੇ ਬਚਨਾਂ ਅਨੁਸਾਰ ਬਾਅਦ ਵਿਚ ਮਹਾਰਾਜਾ ਪਟਿਆਲਾ ਨੇ ਉਨ੍ਹਾਂ ਕੰਧਾਂ ਨੂੰ ਮਜ਼ਬੂਤ ਕਰਕੇ ਇਕ ਮਜ਼ਬੂਤ ਕਿਲ੍ਹਾ ਬਣਾ ਦਿੱਤਾ ਅਤੇ ਉਸ ਕਿਲ੍ਹੇ ਦਾ ਨਾਂ 'ਬਹਾਦਰ ਗੜ੍ਹ' ਰਖਿਆ। ਇਹ ਕਿਲ੍ਹਾ ਅੱਜ-ਕੱਲ ਪੰਜਾਬ ਪੁਲੀਸ ਦਾ ਸਿਖਲਾਈ ਕੇਂਦਰ ਹੈ।

ਸੈਫ਼ ਖ਼ਾਂ ਨੇ ਗੁਰੂ ਜੀ ਦੀ ਸਵਾਰੀ ਲਈ ਇਕ ਸੁੰਦਰ ਘੋੜਾ ਭੇਟ ਕੀਤਾ। ਮਾਤਾ ਗੁਜਰੀ ਅਤੇ ਮਾਤਾ ਨਾਨਕੀ ਜੀ ਦੀ ਸਵਾਰੀ ਵਾਸਤੇ ਇਕ ਸੁੰਦਰ ਰੱਥ ਬਣਵਾਇਆ। ਗੁਰੂ ਜੀ ਉਸ ਪਾਸ ਨੌਂ ਦਿਨ ਠਹਿਰੇ। ਨਵਾਬ ਸੈਫ਼ ਖ਼ਾਂ ਹਰ ਵੇਲੇ ਗੁਰੂ ਜੀ ਪਾਸ ਬੈਠਾ ਰਹਿੰਦਾ ਅਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਦਾ ਰਹਿੰਦਾ।



# ਦੂਖ ਨਿਵਾਰਨ

ਗੁਰੂ ਤੇਗ ਬਹਾਦਰ ਜੀ ਸੈਫ਼ ਖ਼ਾਂ ਪਾਸ ਠਹਿਰਨ ਤੋਂ ਬਾਅਦ ਪਟਿਆਲੇ ਸ਼ਹਿਰ ਵਾਲੀ ਥਾਂ ਜਾ ਪੁੱਜੇ। ਇਕ ਬੋਹੜ ਦੇ ਦਰਖੱਤ ਦੇ ਹੇਠ ਆਪ ਜੀ ਨੇ ਜਾ ਡੇਰਾ ਲਾਇਆ। ਉਸ ਸਮੇਂ ਪਟਿਆਲਾ ਸ਼ਹਿਰ ਨਹੀਂ ਸੀ ਹੁੰਦਾ। ਜਿਸ ਜਗ੍ਹਾ 'ਤੇ ਅੱਜ-ਕੱਲ ਲਹਿਲ ਦੀ ਵਸਤੀ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਹਨ, ਉਸ ਸਮੇਂ ਉਸ ਥਾਂ ਤੇ ਲਹਿਲ ਨਾਮੀਂ ਪਿੰਡ ਵਸਦਾ ਸੀ। ਉਸ ਪਿੰਡ ਦੇ ਦੁਆਲੇ ਇਕ ਮੋਟੀ ਕੰਧ ਹੁੰਦੀ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਗੁਰੂ ਜੀ ਸੈਫ਼ਾਬਾਦ ਤੋਂ ਇਥੇ ਆਏ ਤਾਂ ਉਸ ਪਿੰਡ ਦੇ ਇਕ ਝੀਵਰ ਸਿੱਖ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਨ੍ਹਾਂ ਦੇ ਪਿੰਡ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ ਅਤੇ ਉਨ੍ਹਾਂ ਦੇ ਦੁੱਖ ਦੂਰ ਕਰਨ। ਗੁਰੂ ਜੀ ਨੇ ਉਨ੍ਹਾਂ ਦੇ ਪਿਆਰ ਨੂੰ ਵੇਖ ਉਨ੍ਹਾਂ ਦੀ ਬੇਨਤੀ ਮੰਨ ਲਈ ਤੇ ਮੌਜੂਦਾ ਗੁਰਦੁਆਰਾ ਦੂਖ ਨਿਵਾਰਨ ਵਾਲੀ ਥਾਂ ਤੇ ਜਾ ਬਿਰਾਜਮਾਨ ਹੋਏ। ਉਸ ਬੋਹੜ ਦੀ ਨਿਸ਼ਾਨੀ ਹਾਲੇ ਤੱਕ ਮੌਜੂਦ ਹੈ ਅਤੇ ਉਸ ਦੀ ਜੜ੍ਹ ਲਾਗੇ ਇਕ ਛੋਟੀ ਜਹੀ ਬੁਰਜੀ ਵਿਚ ਇਕ ਹੁਕਮਨਾਮਾ ਸੰਭਾਲ ਕੇ ਰਖਿਆ ਹੋਇਆ ਹੈ। ਇਸ ਹੁਕਮ ਨਾਮੇ ਦੇ ਆਧਾਰ ਤੇ ਹੀ ਗੁਰਦੁਆਰਾ ਪਰਗਟ ਕੀਤਾ ਗਿਆ ਸੀ। ਇਸ ਹੁਕਮਨਾਮੇ ਦੇ ਨੇੜੇ ਅੱਠੇ ਪਹਿਰ ਦੇਸੀ ਘਿਉ ਦੀ ਜੋਤ ਜਗਦੀ ਰਹਿੰਦੀ ਹੈ। ਸੰਗਤਾਂ ਇਸ ਜੋਤ ਦੇ ਕੱਜਲ ਨੂੰ ਆਪਣੀਆਂ ਅੱਖਾਂ ਨੂੰ ਲਾਉਂਦੀਆਂ ਹਨ ਅਤੇ ਦੋਹਾਂ ਹੱਥਾਂ ਨਾਲ ਨਮਸਕਾਰ ਕਰਦੀਆਂ ਹਨ। ਜਿਥੇ ਹੁਣ ਸਰੋਵਰ ਸਾਹਿਬ ਹੈ, ਉਥੇ ਇਕ ਛੱਪੜੀ ਸੀ। ਜਦ ਗੁਰੂ ਜੀ ਉਸ ਅਸਥਾਨ ਤੇ ਬੈਠ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਤਾਂ ਇਕ ਮਾਈ ਇਕ ਸੋਕੇ ਦੇ ਮਰੀਜ਼ ਬੱਚੇ ਨੂੰ ਗੁਰੂ ਜੀ ਪਾਸ ਲਿਆਈ। ਉਸ ਨੇ ਬੱਚੇ ਨੂੰ ਅਰੋਗ ਕਰਨ ਬਾਰੇ ਗੁਰੂ ਜੀ ਪਾਸ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ ਕਿ ਇਸ ਬੱਚੇ ਨੂੰ ਵਾਹਿਗੁਰੂ ਦਾ ਨਾਂ ਲੈ ਕੇ ਛੱਪੜੀ ਵਿਚ ਇਸ਼ਨਾਨ ਕਰਵਾਓ। ਜਦ ਬੱਚੇ ਨੂੰ ਛੱਪੜੀ ਵਿਚ ਇਸ਼ਨਾਨ ਕਰਵਾਇਆ ਗਿਆ ਤਾਂ ਬੱਚਾ ਬਿਲਕੁਲ ਤੰਦਰੁਸਤ ਹੋ ਗਿਆ। ਜਦ ਲੋਕਾਂ ਨੇ ਗੁਰੂ ਜੀ ਦੀ ਇਹ ਸ਼ਕਤੀ ਵੇਖੀ ਤਾਂ ਇਲਾਕੇ ਦੇ ਕੁਲ ਸੋਕੇ ਦੇ ਮਰੀਜ਼ ਇਥੇ ਆਉਣ ਲੱਗੇ ਅਤੇ ਗੁਰੂ ਜੀ ਦੀ ਆਗਿਆ ਨਾਲ ਇਸ਼ਨਾਨ ਕਰਕੇ ਠੀਕ ਹੁੰਦੇ ਗਏ।

ਇਕ ਦਿਨ ਇਕ ਮਾਈ ਜਿਸ ਦਾ ਨਾਂ ਕਰਮੋ ਦਸਿਆ ਜਾਂਦਾ ਹੈ, ਚੀਚਕ ਤੋਂ ਦੁਖੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਈ। ਉਸ ਮਾਈ ਦੇ ਪਿੰਡ ਵਿਚ ਚੀਚਕ ਦਾ ਭਰਪੂਰ ਹਮਲਾ ਹੋਇਆ ਸੀ। ਉਸ ਮਾਈ ਨੇ ਗੁਰੂ ਜੀ ਨੂੰ ਮਿਹਰ ਕਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, "ਸਤਿਨਾਮ ਵਾਹਿਗੁਰੂ ਦਾ ਜਾਪ ਕਰਕੇ ਇਸ ਛੱਪੜੀ ਵਿਚ ਇਸ਼ਨਾਨ ਕਰੋ ਸਭ ਦੁਖ ਦੂਰ ਹੋ ਜਾਣਗੇ।" ਮਾਈ ਦਾ ਰੋਗ ਦੂਰ ਹੋ ਗਿਆ। ਉਸ ਨੂੰ ਵੇਖਕੇ ਬਾਕੀ ਸਾਰੇ ਪਿੰਡ ਦੇ ਲੋਕਾਂ ਨੇ ਵੀ ਗੁਰੂ ਸਾਹਿਬ ਦੇ ਚਰਨੀਂ ਹੱਥ ਲਾ ਕੇ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਕੇ ਉਸ ਛੱਪੜੀ ਵਿਚ ਇਸ਼ਨਾਨ ਕੀਤਾ ਅਤੇ ਹਰ ਪ੍ਰਕਾਰ ਦੇ ਰੋਗਾਂ ਤੋਂ ਖਲਾਸੀ ਪਾਈ। ਇਹ ਛੱਪੜੀ ਕਿਉਂਕਿ ਲੋਕਾਂ ਦਾ ਦੁੱਖ ਦੂਰ ਕਰਦੀ ਸੀ ਇਸ ਲਈ ਬਾਅਦ ਵਿਚ

ਇਸ ਦਾ ਨਾਂ ਹੀ ਦੂਖ ਨਿਵਾਰਨ ਪੈ ਗਿਆ। ਇਸ ਤੋਂ ਬਾਅਦ ਗੁਰੂ ਜੀ ਉਸ ਥਾਂ ਜਾ ਡੇਰਾ ਲਾਇਆ ਜਿਥੇ ਅੱਜ-ਕੱਲ ਮੋਤੀ ਬਾਗ਼ ਹੈ। ਇਥੇ ਵੀ ਲਾਗਲੇ ਪਿੰਡਾਂ ਦੀਆਂ ਸੰਗਤਾਂ ਇਕੱਠੀਆਂ ਹੋਣ ਲੱਗੀਆਂ। ਹੁਣ ਗੁਰੂ ਜੀ ਦਾ ਜੱਸ ਦੂਰ ਦੂਰ ਤੱਕ ਫੈਲ ਗਿਆ ਅਤੇ ਸੰਗਤਾਂ ਦਾ ਇਕੱਠ ਏਨਾ ਵੱਧ ਗਿਆ ਸੀ ਕਿ ਗੁਰੂ ਜੀ ਪਿੰਡ ਤੋਂ ਬਾਹਰ ਖੁਲ੍ਹੇ ਥਾਂ 'ਤੇ ਹੀ ਡੇਰਾ ਲਾਉਂਦੇ ਸਨ। ਉਨ੍ਹਾਂ ਦੇ ਪਾਸ ਕਈ ਘੋੜੇ ਅਤੇ ਰੱਥ ਵੀ ਸਨ ਜਿਸ ਕਰਕੇ ਬਾਹਰ ਸੁੰਨਸਾਨ ਵਿਚ ਰਹਿਣਾ ਹੀ ਠੀਕ ਸਮਝਦੇ। ਜਦ ਬਾਬਾ ਆਲਾ ਸਿੰਘ ਨੇ ਪਟਿਆਲਾ ਸ਼ਹਿਰ ਨੂੰ ਵਸਾਇਆ ਸੀ ਤਾਂ ਉਨ੍ਹਾਂ ਆਪਣੀ ਰਿਆਸਤ ਦਾ ਹੈਡਕੁਆਟਰ ਉਥੇ ਹੀ ਬਣਾਇਆ ਜਿਥੇ ਕਿ ਗੁਰੂ ਜੀ ਕਈ ਦਿਨ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਸਨ। ਬਾਬਾ ਆਲਾ ਸਿੰਘ ਦੇ ਉਤਰਾਧਿਕਾਰੀ ਨੇ ਗੁਰੂ ਸਾਹਿਬ ਦੇ ਠਹਿਰਨ ਵਾਲੀਆਂ ਥਾਵਾਂ 'ਤੇ ਯਾਦਗਾਰਾਂ ਬਣਾਈਆਂ ਸਨ। ਉਨ੍ਹਾਂ ਨੇ ਹੀ ਗੁਰਦੁਆਰਾ ਮੋਤੀ ਬਾਗ਼ ਬਣਾਇਆ।



ਗੁਰੂ ਜੀ ਜਦ ਪਟਿਆਲੇ ਵਾਲੇ ਸਥਾਨ 'ਤੇ ਰਹਿੰਦੇ ਸਨ ਤਾਂ ਉਹ ਉਥੇ ਲਾਗਲੇ ਲਾਗਲੇ ਪਿੰਡਾਂ ਵਿਚ ਵੀ ਜਾਂਦੇ ਸਨ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਜਿਥੇ ਅੱਜ-ਕੱਲ ਪੰਜਾਬੀ ਯੂਨੀਵਰਸਿਟੀ ਹੈ, ਉਥੇ ਵੀ ਗੁਰੂ ਸਾਹਿਬ ਗਏ ਸਨ। ਲਾਗਲੇ ਕਈ ਪਿੰਡਾਂ ਵਿਚ ਵੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰੇ ਬਣੇ ਹਨ। ਇਨ੍ਹਾਂ ਪਿੰਡਾਂ ਦੇ ਨਾਂ ਹਨ; ਟਹਿਲ ਪੁਰ, ਆਕੜ, ਲੰਮਾਂ, ਸੀਭੜ ਰੋਹਟਾ, ਜੰਡ ਮਘੋਲੀ ਆਦਿ।

ਪਿੰਡ ਲਹਿਲ ਕੁਝ ਦਿਨ ਠਹਿਰਨ ਤੋਂ ਬਾਅਦ ਗੁਰੂ ਜੀ ਸਮਾਣੇ ਚਲੇ ਗਏ। ਗੁਰੂ ਜੀ ਨੇ ਆਪਣਾ ਡੇਰਾ ਪਿੰਡ ਤੋਂ ਬਾਹਰ ਹੀ ਲਾ ਲਿਆ। ਏਥੇ ਹੀ ਪਿੰਡ ਦੀਆਂ ਸਭ ਸੰਗਤਾਂ ਦਰਸ਼ਨਾਂ ਨੂੰ ਆਈਆਂ। ਇਹ ਵੀ ਦਸਿਆ ਜਾਂਦਾ ਹੈ ਕਿ ਜਿਸ ਜਲਾਦ ਜਲਾਲ ਦੀਨ ਨੇ ਗੁਰੂ ਜੀ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਸੀ, ਉਹ ਸਮਾਣਾ ਦਾ ਹੀ ਰਹਿਣ ਵਾਲਾ ਸੀ। ਗੁਰੂ ਜੀ ਦੇ ਪੋਤਰਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਵੀ ਇਸ ਪਿੰਡ ਦੇ ਜਲਾਦਾਂ ਨੇ ਹੀ ਨੀਂਹਾਂ ਵਿਚ ਚਿਣਿਆ ਸੀ। ਇਤਿਹਾਸ ਵਿਚ ਇਨ੍ਹਾਂ ਜਲਾਦਾਂ ਦੇ ਨਾਂ ਸ਼ਿਸਾਲ ਬੇਗ ਅਤੇ ਵਿਸ਼ਾਲ ਬੇਗ ਲਿਖੇ ਗਏ ਹਨ।

ਇਸ ਤੱਥ ਨੂੰ ਹੀ ਮੁੱਖ ਰੱਖਦਿਆਂ ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ 'ਤੇ ਧਾਵਾ ਕੀਤਾ ਸੀ ਤਾਂ ਪਹਿਲਾਂ ਇਸ ਨਗਰ ਨੂੰ ਸੋਧਿਆ ਜਿਸ ਨੇ ਐਸੇ ਬੇਦਰਦ ਜਲਾਦ ਪੈਦਾ ਕੀਤੇ ਸਨ। ਸਮਾਣਾ ਵਿਖੇ ਕੁਝ ਦਿਨ ਠਹਿਰ ਕੇ ਆਪ ਜੀ ਨੇ ਭਵਾਨੀਗੜ੍ਹ ਦੀ ਜੂਹ ਵਿਚ ਨਿਵਾਸ ਕੀਤਾ। ਇਥੇ ਲਾਗਲੇ ਪਿੰਡਾਂ ਦੇ ਲੋਕ ਦਰਸ਼ਨਾਂ ਨੂੰ ਆਉਣ ਲੱਗੇ। ਜਿਸ ਥਾਂ ਗੁਰੂ ਜੀ ਨੇ ਡੇਰਾ ਲਾਇਆ ਸੀ ਉਥੇ ਬਾਅਦ ਵਿਚ ਫਗੂਵਾਲਾ ਪਿੰਡ ਆਬਾਦ ਹੋਇਆ। ਏਥੇ ਹੀ ਆਪ ਜੀ ਨੂੰ ਘਰਾਚੋਂ ਪਿੰਡ ਦੀ ਸੰਗਤ ਆ ਕੇ ਮਿਲੀ ਅਤੇ ਉਨ੍ਹਾਂ ਸ਼ਿਕਾਇਤ ਕੀਤੀ ਕਿ ਘਰਾਚੋਂ ਪਿੰਡ ਦੇ ਸੁਲਤਾਨੀਏ ਸੰਗਤ ਨੂੰ ਕੀਰਤਨ ਨਹੀਂ ਕਰਨ ਦਿੰਦੇ। ਗੁਰੂ ਜੀ ਕੁਝ ਦਿਨ ਬਾਅਦ ਘਰਾਚੋਂ ਪੁੱਜ ਗਏ ਅਤੇ ਇਕ ਵਿਸ਼ਾਲ ਦੀਵਾਨ ਸਜਾਇਆ। ਪਰ ਉਨ੍ਹਾਂ ਦੇ ਕੀਰਤਨ ਨੂੰ ਕੋਈ ਵੀ ਰੋਕਣ ਨਾ ਆਇਆ। ਉਨ੍ਹਾਂ ਹਿੰਦੂ ਮੁਸਲਮਾਨਾਂ ਸਭ ਨੂੰ ਉਪਦੇਸ਼ ਦਿੱਤਾ ਕਿ ਕਿਸੇ ਦੀ ਅਬਾਦਤ ਵਿਚ ਵਿਘਨ ਪਾਉਣਾ ਠੀਕ ਨਹੀਂ। ਅਸੀਂ ਸਾਰੇ ਇਕ ਮਾਲਕ ਦੇ ਜਾਏ ਹਾਂ। ਅਲਾਹ ਕਦੀ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਸ ਦੇ ਪੁੱਤਰਾਂ ਨੂੰ ਤੰਗ ਕੀਤਾ ਜਾਵੇ। ਘਰਾਚੋਂ ਤੋਂ ਆਪ ਜੀ ਕਾਂਝਲੇ ਗਏ। ਕਾਂਝਲੇ ਦੇ ਬਹੁਤ ਲੋਕਾਂ ਨੂੰ ਕੋਹੜ ਦੀ ਬਿਮਾਰੀ ਨੇ ਗ੍ਰਸਿਆ ਸੀ। ਗੁਰੂ ਜੀ ਨੇ ਆਪ ਉਹਨਾਂ ਕੋਹੜੀਆਂ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਨਾਮ ਵਿਚ ਜੁੜਨ ਦਾ ਉਪਦੇਸ਼ ਦਿੱਤਾ। ਘਰਾਚੋਂ ਪਿੰਡ ਦੇ ਮੁਸਲਮਾਨ ਵੀ ਗੁਰੂ ਜੀ ਦੇ ਚਰਣੀ ਆ ਲੱਗੇ ਅਤੇ ਉਹਨਾਂ ਨੇ ਗੁਰੂ ਸਾਹਿਬ ਨੂੰ ਇਹ ਭਰੋਸਾ ਦਿਵਾਇਆ ਕਿ ਅੱਗੇ ਤੋਂ ਉਹ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਦੇਣਗੇ। ਗੁਰੂ ਸਾਹਿਬ ਦੀ ਸੇਵਾ-ਭਾਵਨਾ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਹ ਗੁਰੂ ਸਾਹਿਬ ਅੱਗੇ ਕਈ ਪ੍ਰਕਾਰ ਦੇ ਤੋਹਫੇ ਲੈ ਕੇ ਹਾਜ਼ਰ ਹੋਏ। ਗੁਰੂ ਸਾਹਿਬ ਨੇ ਰੋਗੀ ਮੁਸਲਮਾਨਾਂ ਦਾ ਵੀ ਇਲਾਜ ਕੀਤਾ ਅਤੇ ਉਹ ਗੁਰੂ ਸਾਹਿਬ ਨੂੰ ਅਸੀਸਾ ਦੇ ਕੇ ਵਿਦਾ ਹੋਏ।

# ਭਾਈ ਮੀਂਹ

ਮਾਲਵੇ ਦੀਆਂ ਸੰਗਤਾਂ ਨੂੰ ਉਪਦੇਸ਼ ਕਰਕੇ ਗੁਰੂ ਜੀ ਬਾਂਗਰ ਦੇਸ਼ ਵੱਲ ਚਲ ਪਏ। ਗੁਰੂ ਜੀ ਮੂਣਕ ਆਦਿ ਨਗਰਾਂ ਦੇ ਲੋਕਾਂ ਨੂੰ ਦਰਸ਼ਨ ਦੀਦਾਰ ਅਤੇ ਖੁਸ਼ੀਆਂ ਬਖਸ਼ਦੇ ਹੋਏ ਘੱਗਰ ਨਦੀ ਤੋਂ ਮਰੋਕੜ ਦਾ ਪਤਨ ਲੰਘ ਕੇ ਧਮਧਾਣ ਪਿੰਡ ਦੇ ਕੋਲ ਇਕ ਸਰੋਵਰ ਦੇ ਕੰਢੇ ਜਾ ਬਿਰਾਜੇ। ਇਹ ਇਕ ਇਤਿਹਾਸਿਕ ਸਥਾਨ ਸੀ ਅਤੇ ਦੱਸਿਆ ਜਾਂਦਾ ਹੈ ਇਥੇ ਸ੍ਰੀ ਰਾਮ ਚੰਦਰ ਜੀ ਨੇ ਆਪਣੇ ਪੁੱਤਰਾਂ ਲਊ-ਕੁਸ਼ੂ ਨਾਲ ਯੁੱਧ ਤੋਂ ਬਾਅਦ ਇਕ ਯਗ ਕੀਤਾ ਸੀ। ਇਸ ਪਿੰਡ ਵਿਚ ਇਕ ਮਸੰਦ ਦੱਗੋ ਚੌਧਰੀ ਰਹਿੰਦਾ ਸੀ। ਭਾਈ ਦੱਗੋ ਗੁਰੂ ਜੀ ਲਈ ਇਕ ਦੁੱਧ ਦੀ ਗਾਗਰ ਭਰ ਕੇ ਲੈ ਆਇਆ। ਗੁਰੂ ਜੀ ਉਸਦਾ ਪ੍ਰੇਮ ਵੇਖਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਸ ਨੂੰ ਵਰ ਦਿੱਤਾ ਕਿ ਤੇਰੇ ਘਰ ਸਦਾ ਹੀ ਦੁੱਧ ਰਹੇਗਾ। ਏਥੇ ਹੀ ਗੁਰੂ ਜੀ ਨੂੰ ਪੋਠੋਹਾਰ ਦੀ ਸੰਗਤ ਆ ਮਿਲੀ। ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਪੰਜ ਦਿਨ ਗੁਰੂ ਜੀ ਦੀ ਹਾਜ਼ਰੀ ਭਰਦੇ ਰਹੇ। ਏਥੇ ਜਿਹੜਾ ਗੁਰਦੁਆਰਾ ਬਣਿਆ ਹੈ ਉਥੇ ਦੁੱਧ ਦਾ ਬਹੁਤ ਚੜ੍ਹਾਵਾ ਚੜ੍ਹਦਾ ਹੈ।

ਗੁਰੂ ਜੀ ਦੀ ਇਸ ਯਾਤਰਾ ਦੌਰਾਨ ਭਾਈ ਮੀਂਹ ਨੇ ਬਹੁਤ ਸੇਵਾ ਕੀਤੀ। ਗੁਰੂ ਜੀ ਜਿਥੇ ਵੀ ਡੇਰਾ ਲਾਉਂਦੇ ਭਾਈ ਮੀਂਹ ਉਥੇ ਗੁਰੂ ਜੀ ਦੇ ਇਸ਼ਨਾਨ ਵਾਸਤੇ ਪਾਣੀ ਦੀਆਂ ਗਾਗਰਾਂ ਭਰ ਕੇ ਲੈ ਆਉਂਦਾ। ਸਭ ਨੂੰ ਜਲ ਛਕਾ ਕੇ ਫ਼ਰਸ਼ ਤੇ ਛੜਕਾਅ ਵੀ ਕਰਦਾ। ਉਸ ਦੀ ਇਸ ਸੇਵਾ ਕਰਕੇ ਗੁਰੂ ਜੀ ਉਸ ਨੂੰ ਭਾਈ ਮੀਂਹ ਕਹਿੰਦੇ ਸਨ। ਭਾਈ ਮੀਂਹ ਅੱਠੇ ਪਹਿਰ ਗੁਰੂ ਜੀ ਦੀ ਸੇਵਾ ਵਿਚ ਲੱਗਾ ਰਹਿੰਦਾ ਸੀ ਅਤੇ ਕਿਸੇ ਸਮੇਂ ਵੀ ਸਿਰ ਤੋਂ ਬਿੰਨੂੰ ਨਹੀਂ ਉਤਾਰਦਾ ਸੀ। ਦਿਨ ਰਾਤ ਸਿਰ ਤੇ ਗਾਗਰ ਢੋਣ ਨਾਲ ਉਸਦੇ ਸਿਰ ਵਿਚ ਜ਼ਖ਼ਮ ਹੋ ਗਏ। ਇਕ ਦਿਨ ਜਦ ਭਾਈ ਮੀਂਹ ਦਾ ਬਿੰਨੂੰ ਡਿੱਗ ਪਿਆ ਤਾਂ ਉਸਦੇ ਸਿਰ ਵਿਚੋਂ ਕਈ ਕੀੜੇ ਵੀ ਡਿੱਗ ਪਏ। ਭਾਈ ਮੀਂਹ ਨੇ ਕੀੜਿਆਂ ਨੂੰ ਫੜਿਆ ਅਤੇ ਫਿਰ ਆਪਣੇ ਸਿਰ ਦੇ ਜ਼ਖ਼ਮਾਂ ਉੱਤੇ ਰੱਖ ਲਏ ਅਤੇ ਕੀੜਿਆਂ ਨੂੰ ਕਹਿਣ ਲੱਗਾ, "ਤੁਸੀਂ ਹੁਣ ਕਿਥੇ ਜਾਉਗੇ, ਤੁਹਾਡਾ ਜੀਵਨ ਹੁਣ ਮੇਰੇ ਸਿਰ ਵਿਚ ਹੀ ਹੈ।"

ਮਾਤਾ ਨਾਨਕੀ ਭਾਈ ਮੀਂਹ ਦੀ ਇਸ ਕਾਰਵਾਈ ਨੂੰ ਬੜੇ ਗੌਰ ਨਾਲ ਵੇਖਦੀ ਰਹੀ ਅਤੇ ਭਾਈ ਮੀਂਹ ਦੀ ਕੀੜਿਆਂ ਨੂੰ ਕਹੀ ਗੱਲ ਵੀ ਸੁਣ ਲਈ। ਮਾਤਾ ਜੀ ਦਾ ਮੰਨ ਪਸੀਜ ਗਿਆ। ਉਨ੍ਹਾਂ ਨੇ ਭਾਈ ਮੀਂਹ ਨੂੰ ਪਾਸ ਬੁਲਾਇਆ ਅਤੇ ਕਹਿਣ ਲੱਗੇ, "ਭਾਈ ਮੀਂਹ ! ਤੂੰ ਧੰਨ ਹੈਂ ! ਤੂੰ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਗੁਰੂ ਘਰ ਦੀ ਸੇਵਾ ਕੀਤੀ ਹੈ। ਤੂੰ ਆਪਣੇ ਸਰੀਰ ਦੀ ਕਦੀ ਪ੍ਰਵਾਹ ਨਹੀਂ ਕੀਤੀ। ਪੁੱਤਰ ਕਦੀ ਆਰਾਮ ਵੀ ਕਰ ਲਿਆ ਕਰ।" ਭਾਈ ਮੀਂਹ ਕਹਿਣ ਲੱਗਾ, "ਮਾਤਾ ਜੀ ! ਤੁਸੀਂ ਠੀਕ ਫ਼ੁਰਮਾਉਂਦੇ ਹੋ ਮੈਨੂੰ ਆਪਣੇ ਸਰੀਰ ਦੀ ਕੋਈ ਪ੍ਰਵਾਹ ਨਹੀਂ। ਜੇ ਮੇਰੀ ਸੇਵਾ ਪ੍ਰਵਾਨ ਹੋ ਗਈ ਤਾਂ ਇਨ੍ਹਾਂ ਕੀੜਿਆਂ ਦਾ ਵੀ ਕਲਿਆਨ ਹੋ ਜਾਵੇਗਾ।" ਇਹ ਕਹਿਕੇ ਭਾਈ ਮੀਂਹ ਗਾਗਰ ਸਿਰ 'ਤੇ ਰੱਖਕੇ ਫਿਰ ਪਾਣੀ ਲੈਣ

ਚਲਾ ਗਿਆ।

ਮਾਤਾ ਜੀ ਪਾਸੋਂ ਰਿਹਾ ਨਾ ਗਿਆ, ਉਨ੍ਹਾਂ ਸਾਰੀ ਗੱਲ ਗੁਰੂ ਜੀ ਨੂੰ ਦੱਸੀ। ਉਨ੍ਹਾਂ ਕਿਹਾ ਕਿ ਭਾਈ ਮੀਂਹ ਨੇ ਬਹੁਤ ਸੇਵਾ ਕੀਤੀ ਹੈ, ਇਸ ਦੀ ਜੋ ਵੀ ਮਨੋਕਾਮਨਾ ਹੋਵੇ ਪੂਰੀ ਕਰ ਦੇਵੋ। ਅਸੀਂ ਇਸ ਤੋਂ ਹੁਣ ਹੋਰ ਸੇਵਾ ਨਹੀਂ ਲੈ ਸਕਦੇ। ਇਸਦੀ ਸੇਵਾ ਦੀ ਹੱਦ ਹੋ ਚੁੱਕੀ ਹੈ।

ਗੁਰੂ ਜੀ ਨੇ ਓਸੇ ਵੇਲੇ ਭਾਈ ਮੀਂਹ ਨੂੰ ਆਪਣੇ ਪਾਸ ਬੁਲਾਇਆ ਅਤੇ ਬੜੇ ਪ੍ਰੇਮ ਨਾਲ ਆਪਣੇ ਪਾਸ ਬਿਠਾਇਆ। ਉਸ ਨੂੰ ਬੜੇ ਆਦਰ ਨਾਲ ਕਹਿਣ ਲੱਗੇ, "ਭਾਈ ਮੀਂਹ ! ਤੇਰੀ ਸੇਵਾ ਗੁਰੂ ਘਰ ਵਿਚ ਪ੍ਰਵਾਨ ਹੋ ਗਈ ਹੈ, ਤੂੰ ਮੰਗ ਜੋ ਕੁਝ ਵੀ ਮੰਗਣਾ ਹੈ।" ਭਾਈ ਮੀਂਹ ਕਹਿਣ ਲੱਗਾ, "ਮਹਾਰਾਜ ! ਮੈਂ ਤਾਂ ਕੇਵਲ ਆਪਦੀ ਸੇਵਾ ਹੀ ਮੰਗੀ ਸੀ ਅਤੇ ਅੱਗੇ ਤੋਂ ਵੀ ਇਹੋ ਮੰਗਦਾ ਹਾਂ ਕਿ ਗੁਰੂ ਘਰ ਦੀ ਸੇਵਾ ਕਰਦਾ ਹੀ ਅਗਲੇ ਘਰ ਚਲੇ ਜਾਵਾਂ।"

ਗੁਰੂ ਜੀ ਫੁਰਮਾਇਆ, "ਭਾਈ ਮੀਂਹ, ਅਸੀਂ ਤੈਨੂੰ ਆਪਣਾ ਮਹੰਤ ਬਣਾਉਣਾ ਚਾਹੁੰਦੇ ਹਾਂ ਤਾਂਕਿ ਤੂੰ ਸਿੱਖੀ ਦਾ ਪ੍ਰਚਾਰ ਕਰੇਂ। ਹੁਣ ਤੂੰ ਇਕ ਪੂਰਾ ਗੁਰਸਿੱਖ ਅਤੇ ਗੁਰਮੁਖ ਬਣ ਗਿਆ ਏਂ, ਤੂੰ ਜਿੱਥੇ ਵੀ ਜਾ ਕੇ ਵਸੇਬਾ ਕਰੇਂਗਾ ਉਥੋਂ ਦੇ ਹੀ ਲੋਕਾਂ ਨੂੰ ਤਾਰੇਂਗਾ। ਇਸ ਲਈ ਚੰਗਾ ਹੋਵੇ ਜੇ ਤੂੰ ਆਪਣੇ ਪਿੰਡ ਹੀ ਚਲਾ ਜਾਵੇਂ।" ਪਰ ਭਾਈ ਮੀਂਹ ਨੇ ਬੇਨਤੀ ਕੀਤੀ, "ਮੈਂ ਆਪਣੀ ਸਾਰੀ ਉਮਰ ਆਪ ਜੀ ਦੀ ਸੇਵਾ ਵਿਚ ਹੀ ਗੁਜਾਰਨੀ ਚਾਹੁੰਦਾ ਹਾਂ, ਮੈਨੂੰ ਆਪਣੇ ਤੋਂ ਦੂਰ ਨਾ ਕਰੋ, ਮੈਂ ਆਪ ਜੀ ਦੇ ਦਰਸ਼ਨਾਂ ਬਗੈਰ ਜੀ ਨਹੀਂ ਸਕਦਾ। ਮੇਰਾ ਇਹ ਹੁਣ ਸੁਭਾਅ ਹੀ ਬਣ ਗਿਆ ਹੈ ਕਿ ਮੈਨੂੰ ਆਪ ਜੀ ਦੀ ਸੇਵਾ ਵਿਚ ਹੀ ਖੁਸ਼ੀ ਮਿਲਦੀ ਹੈ! ਜੇ ਮੈਂ ਆਪਣੇ ਪਿੰਡ ਵੀ ਚਲਾ ਗਿਆ ਤਾਂ ਉਥੇ ਵੀ ਆਪ ਜੀ ਦੇ ਵੈਰਾਗ ਵਿਚ ਡੁੱਬਿਆ ਰਹਾਗਾਂ।" ਭਾਈ ਮੀਂਹ ਦੇ ਇਹ ਵਿਚਾਰ ਸੁਣ ਕੇ ਗੁਰੂ ਜੀ ਨੇ ਉਸਨੂੰ ਫਿਰ ਸਮਝਾਇਆ, "ਸਾਡੀ ਤੇਰੇ ਤੇ ਪੂਰੀ ਮਿਹਰ ਹੋ ਗਈ ਹੈ, ਹੁਣ ਤੂੰ ਪੁਰਾਣਾ ਭਾਈ ਮੀਂਹ ਨਹੀਂ ਰਿਹਾ ਬਲਕਿ ਇਕ ਗੁਰਮੁਖ ਬਣ ਗਿਆ ਹੈਂ। ਹੁਣ ਤੂੰ ਜਿਥੇ ਵੀ ਜਾਵੇਂਗਾ ਸੰਗਤਾਂ ਤੇਰੇ ਦਰਸ਼ਨਾਂ ਦੀ ਤਾਂਘ ਲੈ ਕੇ ਹਾਜ਼ਰ ਹੋਣਗੀਆਂ। ਉਹ ਤੇਰੇ ਅੱਗੇ ਕਾਰ-ਭੇਟਾ ਵੀ ਅਰਪਨ ਕਰਨਗੀਆ ਅਤੇ ਤੁਸੀਂ ਉਸ ਕਾਰ-ਭੇਟਾ ਵਿਚੋਂ ਹੀ ਗੁਰੂ ਦਾ ਲੰਗਰ ਚਲਾਉਣਾ ਹੈ।"

ਭਾਈ ਮੀਂਹ ਨੇ ਗੁਰੂ ਜੀ ਦੀ ਆਗਿਆ ਨੂੰ ਪ੍ਰਵਾਨ ਕਰ ਲਿਆ ਅਤੇ ਆਪਣੇ ਪਿੰਡ ਜਾਣਾ ਮੰਨ ਗਿਆ। ਗੁਰੂ ਜੀ ਨੇ ਕਿਉਂਕਿ ਉਸਨੂੰ ਮਹੰਤੀ ਥਾਪੀ ਸੀ ਇਸ ਲਈ ਜਦ ਚੱਲਣ ਲੱਗਾ ਤਾਂ ਉਸਨੂੰ ਇਕ ਦੱਖਣੀ ਬਲਦ, ਇਕ ਨਗਾਰਾ, ਇਕ ਭਗਵਾਂ ਝੰਡਾ ਅਤੇ ਇਕ ਘੋੜਾ ਬਖਸ਼ਿਆ। ਉਸ ਨੂੰ ਇਹ ਵੀ ਉਪਦੇਸ਼ ਦਿੱਤਾ ਕਿ ਵਾਹਿਗੁਰੂ ਦਾ ਜਾਪ ਆਪ ਜਪੇ ਅਤੇ ਹੋਰਨਾਂ ਨੂੰ ਜਪਾਵੇ। ਸਿੱਖੀ ਧਰਮ ਬਾਰੇ ਲੋਕਾਂ ਨੂੰ ਸਹੀ ਜਾਣਕਾਰੀ ਦੇਵੇ ਅਤੇ ਸੱਚੇ ਧਰਮ ਦਾ ਪ੍ਰਚਾਰ ਕਰੇ। ਇਹ ਉਪਦੇਸ਼ ਦੇ ਕੇ ਗੁਰੂ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਭਾਈ ਮੀਂਹ ਦੇ ਹਿਰਦੇ ਵਿਚ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰ ਦਿੱਤਾ। ਭਾਈ

ਮੀਂਹ ਗੁਰੂ ਜੀ ਤੋਂ ਇਹ ਬਖਸ਼ਿਸ਼ ਪ੍ਰਾਪਤ ਕਰਕੇ ਆਪਣੇ ਘਰ ਨੂੰ ਚਲਾ ਗਿਆ। ਉਸ ਨੇ ਘਰ ਜਾ ਕੇ ਆਪਣਾ ਇਕ ਡੇਰਾ ਕਾਇਮ ਕਰ ਲਿਆ ਅਤੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲੱਗਾ। ਉਸ ਦੀ ਮਹਿਮਾਂ ਸੁਣ ਕੇ ਸਿੱਖ ਸੰਗਤਾਂ ਉਸ ਪਾਸ ਆਉਣ ਲੱਗੀਆਂ। ਜੋ ਵੀ ਸੰਗਤਾਂ ਵੱਲੋਂ ਚੜ੍ਹਾਵਾ ਆਉਂਦਾ ਉਸ ਨਾਲ ਉਸਨੇ ਸਦਾ ਵਰਤ ਲਾ ਦਿੱਤਾ। ਕਿਸੇ ਗੱਲ ਦੀ ਤੋਟ ਨਾ ਰਹੀ, ਅੱਠੇ ਪਹਿਰ ਲੰਗਰ ਚਲਦਾ ਰਹਿੰਦਾ। ਭਾਈ ਮੀਂਹ ਦੇ ਸਿੱਖ ਸੇਵਕ ਉਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਹੋਰ ਪ੍ਰਾਂਤਾਂ 'ਚੋਂ ਆਉਣ ਲੱਗੇ। ਅੱਜ-ਕੱਲ ਵੀ ਉਸਦੇ ਸਿੱਖ ਮੁਰਾਦਾਬਾਦ, ਲਖਨਊ, ਬਾਰਾ ਬੰਕੀ, ਜੱਬਲਪੁਰ ਆਦਿ ਨਗਰਾਂ ਵਿਚ ਮਿਲਦੇ ਹਨ।



# ਸਾਧੂ ਮਲੂਕਾ

ਭਾਈ ਮੀਂਹ ਨੂੰ ਬਖ਼ਸ਼ਿਸ਼ਾਂ ਕਰਕੇ ਗੁਰੂ ਜੀ ਧਮਧਾਨ ਤੋਂ ਵਿਦਾਇਗੀ ਲੈ ਕੇ ਅਗਲੀ ਯਾਤਰਾ 'ਤੇ ਚੱਲ ਪਏ। ਅਗਲਾ ਪੜਾਅ ਉਨ੍ਹਾਂ ਨੇ ਪਿੰਡ ਖਟਕਰ ਦੇ ਬਾਹਰਵਾਰ ਕੀਤਾ। ਗੁਰੂ ਸਾਹਿਬ ਦੇ ਸੁੰਦਰ ਘੋੜਿਆਂ ਨੂੰ ਵੇਖ ਕੇ ਕੁਝ ਚੋਰ ਬੇਈਮਾਨ ਹੋ ਗਏ ਅਤੇ ਉਹ ਰਾਤ ਨੂੰ ਘੋੜੇ ਖੋਲ੍ਹਣ ਆ ਗਏ। ਪਰ ਜਦ ਉਹ ਘੋੜੇ ਖੋਲ੍ਹਣ ਲੱਗੇ ਤਾਂ ਉਨ੍ਹਾਂ ਨੂੰ ਕੁਝ ਦਿਸੇ ਹੀ ਨਾ। ਜਦ ਉਹ ਘੋੜੇ ਛੱਡ ਕੇ ਡੇਰੇ ਤੋਂ ਬਾਹਰ ਹੋ ਗਏ ਤਾਂ ਉਨ੍ਹਾਂ ਨੂੰ ਫਿਰ ਦਿਸਣ ਲੱਗ ਪਿਆ। ਉਹ ਦੂਸਰੀ ਵਾਰ ਫਿਰ ਘੋੜੇ ਖੋਲ੍ਹਣ ਆਏ, ਪਰ ਫਿਰ ਜਦ ਘੋੜਿਆਂ ਨੂੰ ਖੋਲ੍ਹਣ ਲੱਗੇ ਤਾਂ ਫ਼ਿਰ ਅੰਨ੍ਹੇ ਹੋ ਗਏ। ਪਰ ਜਦ ਉਹ ਫਿਰ ਘੋੜੇ ਛੱਡ ਕੇ ਚਲੇ ਗਏ ਤਾਂ ਉਨ੍ਹਾਂ ਨੂੰ ਦਿਸਣ ਲੱਗ ਗਿਆ। ਉਨ੍ਹਾਂ ਨੂੰ ਗਿਆਨ ਹੋ ਗਿਆ ਕਿ ਇਹ ਸਭ ਕੁਝ ਗੁਰੂ ਦੀ ਸ਼ਕਤੀ ਨਾਲ ਹੀ ਹੋ ਰਿਹਾ ਸੀ। ਇਸ ਲਈ ਉਹ ਸਵੇਰੇ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਢਹਿ ਪਏ ਅਤੇ ਆਪਣੀ ਗ਼ਲਤੀ ਦੀ ਮੁਆਫ਼ੀ ਮੰਗੀ। ਉਸ ਤੋਂ ਬਾਅਦ ਪਿੰਡ ਦੇ ਲੋਕਾਂ ਬੇਨਤੀ ਕੀਤੀ, "ਮਹਾਰਾਜ ! ਸਾਡੇ ਨਗਰ ਦੇ ਸਾਰੇ ਖੂਹਾਂ ਦਾ ਪਾਣੀ ਖਾਰਾ ਅਤੇ ਕੜਵਾ ਹੈ। ਕ੍ਰਿਪਾ ਕਰਕੇ ਸਾਡੇ ਖੂਹਾਂ ਦੇ ਪਾਣੀ ਨੂੰ ਵੀ ਪੀਣ ਯੋਗ ਬਣਾ ਦੇਵੋ।" ਤਦ ਗੁਰੂ ਜੀ ਨੇ ਇਕ ਤੀਰ ਚਲਾ ਕੇ ਬਚਨ ਕੀਤਾ ਕਿ ਇਸ ਤੀਰ ਦੇ ਡਿੱਗਣ ਦੀ ਹੱਦ ਦੇ ਅੰਦਰ ਪਿੰਡ ਦੇ ਚਾਰ ਚੁਫੇਰੇ ਮਿੱਠਾ ਜਲ ਨਿਕਲੇਗਾ। ਗੁਰੂ ਜੀ ਦਾ ਇਹ ਬਚਨ ਪੂਰਾ ਹੋਇਆ ਅਤੇ ਅੱਜ-ਕੱਲ ਉਸ ਹੱਦ ਦੇ ਅੰਦਰ ਪਾਣੀ ਮਿੱਠਾ ਹੈ ਅਤੇ ਬਾਹਰ ਦੇ ਖੂਹਾਂ ਦਾ ਪਾਣੀ ਕੌੜਾ ਹੈ। ਖਟਕਰ ਤੋਂ ਰਵਾਨਾ ਹੋ ਕੇ ਗੁਰੂ ਜੀ ਜੀਂਦ, ਕੈਂਥਲ ਅਤੇ ਬਾਰਨੇ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਉਸ ਸਮੇਂ ਸੂਰਜ ਗ੍ਰਹਿਣ ਦਾ ਮੇਲਾ ਲੱਗਾ ਹੋਇਆ ਸੀ। ਸਾਧੂ ਸੰਤ ਸਰੋਵਰਾਂ ਵਿਚ ਇਸ਼ਨਾਨ ਕਰ ਰਹੇ ਸਨ। ਕਿਤੇ ਦਾਨ ਦਿੱਤਾ ਜਾ ਰਿਹਾ ਸੀ। ਪਰ ਗੁਰੂ ਜੀ ਹੋਰ ਸਿੱਖ ਸੰਗਤਾਂ ਸਮੇਤ ਉਤਰ ਵਾਲੇ ਪਾਸੇ ਜਾ ਡੇਰਾ ਲਾਇਆ। ਉਨ੍ਹਾਂ ਇਸ਼ਨਾਨ ਕਰਨ ਦੀ ਥਾਂ ਖੁਲ੍ਹਾ ਲੰਗਰ ਲਾ ਦਿੱਤਾ। ਜਦ ਪਾਂਡਿਆਂ ਨੇ ਅੱਗ ਬਲ਼ਦੀ ਵੇਖੀ ਤਾਂ ਉਹ ਬਹੁਤ ਔਖੇ ਹੋਏ। ਗੁਰੂ ਨਾਨਕ ਸਾਹਿਬ ਸੂਰਜ ਗ੍ਰਹਿਣ ਦੇ ਮੌਕੇ 'ਤੇ ਏਥੇ ਆਏ ਸਨ। ਉਨ੍ਹਾਂ ਵੀ ਜਦ ਅੱਗ ਬਾਲੀ ਸੀ ਤਾਂ ਪਾਂਡੇ ਡਾਂਗਾਂ ਲੈ ਕੇ ਆ ਗਏ ਸਨ, ਪਰ ਗੁਰੂ ਸਾਹਿਬ ਨੇ ਇਕ ਸ਼ਬਦ ਪੜ੍ਹ ਕੇ ਸਭ ਨੂੰ ਠੰਡਾ ਕਰ ਦਿੱਤਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਉਨ੍ਹਾਂ ਨੂੰ ਸਮਝਾਇਆ। ਜਦ ਇਲਾਕਾ ਵਾਸੀਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਏਥੇ ਆਏ ਹਨ ਤਾਂ ਸਭ ਸੰਗਤਾਂ ਹੁਮ ਹੁਮਾ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ। ਲੰਗਰ ਵਿਚ ਪ੍ਰਸ਼ਾਦ ਛਕਿਆ ਅਤੇ ਗੁਰੂ ਜੀ ਦੇ ਉਪਦੇਸ਼ ਸਰਵਨ ਕੀਤੇ।

ਕੁਰੂਕਸ਼ੇਤਰ ਤੋਂ ਚਲ ਕੇ ਬਨੀ ਬਦਰਪੁਰ ਤੋਂ ਹੁੰਦੇ ਹੋਏ ਆਪ ਕੜਾ ਮਾਣਕਪੁਰ ਪੁੱਜੇ। ਉਥੇ ਇਕ ਵੈਸ਼ਨੌਂ ਸਾਧੂ ਮਲੂਕ ਚੰਦ ਰਹਿੰਦਾ ਸੀ। ਉਹ ਉਸ ਇਲਾਕੇ ਵਿਚ ਬਹੁਤ ਪ੍ਰਸਿੱਧ ਸੀ। ਜਦ ਉਸ ਨੂੰ ਗੁਰੂ ਜੀ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਗੁਰੂ ਜੀ ਦੇ ਦਰਸ਼ਨਾਂ ਨੂੰ

ਆਇਆ। ਪਰ ਜਦ ਗੁਰੂ ਜੀ ਦੇ ਡੇਰੇ ਆ ਕੇ ਉਸ ਗੁਰੂ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਹਥਿਆਰਬੱਧ ਵੇਖਿਆ ਤਾਂ ਉਹ ਬਹੁਤ ਹੈਰਾਨ ਹੋਇਆ। ਉਸ ਨੂੰ ਇਹ ਵੀ ਪਤਾ ਲੱਗਾ ਕਿ ਗੁਰੂ ਜੀ ਸ਼ਿਕਾਰ ਖੇਡਣ ਵੀ ਜਾਂਦੇ ਹਨ ਅਤੇ ਮਾਸਾਹਾਰੀ ਵੀ ਹਨ। ਉਹ ਉਥੋਂ ਹੀ ਵਾਪਸ ਹੋ ਗਿਆ ਅਤੇ ਗੁਰੂ ਜੀ ਦੇ ਸਨਮੁਖ ਨਾ ਹੋਇਆ। ਉਹ ਆਪਣੇ ਆਪ ਨੂੰ ਕਹਿਣ ਲੱਗਾ, "ਮੇਰਾ ਅਜਿਹੇ ਵਿਅਕਤੀਆਂ ਨਾਲ ਕੀ ਮੇਲ ਹੈ ਜਿਹੜੇ ਮਾਸ ਦਾ ਆਹਾਰ ਕਰਦੇ ਹਨ, ਸ਼ਿਕਾਰ ਖੇਡਦੇ ਹਨ, ਜੀਵ ਹੱਤਿਆ ਕਰਦੇ ਹਨ। ਮੈਨੂੰ ਆਪਣੇ ਘਰ ਜਾ ਕੇ ਹੀ ਹਰੀ ਦਾ ਸਿਮਰਨ ਕਰਨਾ ਚਾਹੀਦਾ ਹੈ।"



ਇਨ੍ਹਾਂ ਵਿਚਾਰਾਂ ਵਿਚ ਡੁੱਬਾ ਮਲੂਕਾ ਆਪਣੇ ਘਰ ਚਲਾ ਗਿਆ। ਪਰ ਜਦ ਖਾਣੇ ਦਾ ਸਮਾਂ ਹੋਇਆ ਅਤੇ ਉਸਦੇ ਘਰ ਦੇ ਖਾਣਾ ਪਰੋਸ ਕੇ ਉਸਨੂੰ ਦੇ ਗਏ ਤਾਂ ਉਹ ਥਾਲ ਨੂੰ ਲੈ ਕੇ ਠਾਕਰਾਂ ਦੀ ਮੂਰਤੀ ਨੂੰ ਭੋਗ ਲਵਾਉਣ ਗਿਆ ਪਰ ਥਾਲ ਉਤੋਂ ਕੱਪੜਾ ਉਤਾਰ ਕੇ ਜਦ ਭੋਗ ਲਵਾਉਣ ਲੱਗਾ ਤਾਂ ਉਸ ਵੇਖਿਆ ਕਿ ਦਾਲ, ਚੌਲ ਅਤੇ ਫੁਲਕਿਆਂ ਦੇ ਨਾਲ ਮਾਸ ਵੀ ਪਰੋਸਿਆ ਹੋਇਆ ਹੈ। ਇਸ ਕੌਤਕ ਨੂੰ ਵੇਖ ਕੇ ਉਹ ਬਹੁਤ ਹੈਰਾਨ ਹੋਇਆ। ਪਰ ਉਹ ਸਮਝ ਗਿਆ ਕਿ ਇਹ ਸਾਰਾ ਕੌਤਕ ਗੁਰੂ ਜੀ ਨੇ ਉਨ੍ਹਾਂ ਦੇ ਵਹਿਮ ਅਤੇ ਸ਼ੰਕੇ ਨੂੰ ਦੂਰ ਕਰਨ ਵਾਸਤੇ ਹੀ ਕੀਤਾ ਹੈ।

ਫਿਰ ਆਪਣੇ ਮਨ ਵਿਚ ਕਈ ਵਿਚਾਰ ਬਣਾਏ। ਪਰ ਉਸਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਜੇ ਉਹ ਗੁਰੂ ਜੀ ਪਾਸੋਂ ਮੁਆਫ਼ੀ ਮੰਗਦਾ ਸੀ ਤਾਂ ਉਸਦੀ ਆਪਣੀ ਮਾਣ-ਮਰਿਯਾਦਾ ਜਾਂਦੀ ਸੀ। ਉਸਨੇ ਤਾਂ ਆਪਣੇ ਸਾਰੇ ਜੀਵਨ ਵਿਚ ਕਿਸੇ ਜਾਨਵਰ ਨੂੰ ਨਾ ਮਾਰਿਆ ਸੀ ਅਤੇ ਨਾ ਹੀ ਮਾਸ ਦੇਖਿਆ ਸੀ। ਜਦ ਉਹ ਕਿਸੇ ਵਿਅਕਤੀ ਨੂੰ ਮਾਸ ਖਾਂਦਿਆਂ ਵੇਖਦਾ ਸੀ ਤਾਂ ਉਸ ਦਾ ਦਿਲ ਖਰਾਬ ਹੋ ਜਾਂਦਾ ਸੀ ਅਤੇ ਉਹ ਅਜਿਹੇ ਮਨੁੱਖ ਨੂੰ ਦੁਬਾਰਾ ਮਿਲਣ ਹੀ ਨਹੀਂ ਸੀ ਜਾਂਦਾ। ਪਰ ਹੁਣ ਤਾਂ ਉਸਦੇ ਥਾਲ ਵਿਚ ਮਾਸ ਪਰੋਸਿਆ ਪਿਆ ਸੀ ਅਤੇ ਉਸਨੇ ਦੇਵਤੇ ਨੂੰ ਭੋਗ ਲਾ ਕੇ ਉਸਦਾ ਸੇਵਨ ਕਰਨਾ ਸੀ। ਉਸਨੇ ਦੁਬਾਰਾ ਭੋਜਨ ਤਿਆਰ ਕਰਵਾਇਆ। ਪਰ ਜਦ ਉਹ ਦੇਵਤੇ ਨੂੰ ਭੋਗ ਲਵਾਉਣ ਗਿਆ ਅਤੇ ਥਾਲ ਤੋਂ ਰੁਮਾਲ ਚੁੱਕਿਆ ਤਾਂ ਉਸ ਵੇਖਿਆ ਕਿ ਥਾਲ ਵਿਚ ਫਿਰ ਮਾਸ ਪਰੋਸਿਆ ਪਿਆ ਸੀ। ਅਖ਼ੀਰ ਉਸਨੇ ਸੋਚਿਆ ਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਣਾ ਚਾਹੀਦਾ ਹੈ ਅਤੇ ਆਪਣੀ ਇਸ ਭੁਲ ਦੀ ਮੁਆਫੀ ਮੰਗਣੀ ਚਾਹੀਦੀ ਹੈ। ਉਹ ਗੁਰੂ ਜੀ ਪਾਸ ਗਿਆ ਅਤੇ ਉਨ੍ਹਾਂ ਦੇ ਸਨਮੁਖ ਹੋ ਕੇ ਇਹ ਦੋਹਰਾ ਪੜ੍ਹਿਆ:-

*'ਮਲੂਕਾ ਪਾਪੀ ਪੇਟ ਕਾ ਭਗਤਿ ਨਾ ਜਾਨੀ ਤੋਹਿ॥*
*ਭਗਤਿ ਲਿਖੀ ਥੀ ਔਰ ਕੋ ਪ੍ਰਭ ਧੋਖੇ ਦੀਨੀ ਮੋਹਿ॥'*

ਗੁਰੂ ਜੀ ਨੇ ਉਸਦੇ ਦੋਹਰੇ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਉਸਦੇ ਉੱਤਰ ਵਿਚ ਉਨ੍ਹਾਂ ਵੀ ਇਕ ਦੋਹਰਾ ਪੜ੍ਹਿਆ :-

*'ਸੁਣ ਮਲੂਕ ਹਰਿ ਕੇ ਭਗਤੁ ਨਹ ਰਾਖੋ ਮਨ ਦ੍ਰੋਹਿ॥*
*ਭਗਤਿ ਲਿਖੀ ਥੀ ਅਵਰ ਕੋ ਕਰ ਕਿਰਪਾ ਦੀਨੀ ਤੋਹਿ॥ ੪੯॥'*

ਗੁਰੂ ਜੀ ਦਾ ਇਹ ਉੱਤਰ ਸੁਣ ਕੇ ਮਲੂਕਾ ਸਾਧੂ ਬਹੁਤ ਖੁਸ਼ ਹੋਇਆ ਅਤੇ ਬੇਨਤੀ ਕੀਤੀ, "ਮਹਾਰਾਜ ! ਮੇਰੇ ਡੇਰੇ ਚਰਨ ਪਾ ਕੇ ਉਸ ਨੂੰ ਪਵਿੱਤਰ ਕਰ ਦੇਵੋ। ਮੇਰੇ ਧੰਨ ਭਾਗ ਹਨ ਜੋ ਆਪ ਜੀ ਦੇ ਦਰਸ਼ਨ ਕੀਤੇ ਹਨ।" ਗੁਰੂ ਜੀ ਉਸਦੀ ਸ਼ਰਧਾ ਵੇਖ ਕੇ ਉਸਦੇ ਡੇਰੇ ਚਲੇ ਗਏ। ਮਲੂਕੇ ਨੇ ਪੰਜ ਦਿਨ ਗੁਰੂ ਜੀ ਨੂੰ ਆਪਣੇ ਡੇਰੇ ਵਿਚ ਰੱਖਿਆ ਅਤੇ ਬਹੁਤ ਸੇਵਾ ਕੀਤੀ। ਮਲੂਕੇ ਨੇ ਗੁਰੂ ਜੀ ਪਾਸੋਂ ਪੈਰਾਂ ਦੀਆਂ ਖੜਾਵਾਂ ਅਤੇ ਕੁਝ ਹੱਥ ਲਿਖਤ ਪੋਥੀਆਂ ਲੈ ਕੇ ਯਾਦਗਾਰ ਵਜੋਂ ਆਪਣੇ ਪਾਸ ਰੱਖ ਲਈਆਂ।

# ਗੰਗਾ ਤੇਰੇ ਅੰਦਰ ਹੈ

ਦਿੱਲੀ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਗੁਰੂ ਜੀ ਮਥਰਾ ਅਤੇ ਆਗਰਾ ਪੁੱਜੇ। ਆਗਰਾ ਵਿਖੇ ਇਕ ਮਾਈ ਭਾਗੋ ਦਾ ਅਸਥਾਨ ਹੈ ਜਿਸਨੂੰ 'ਮਾਈਥਾਨ' ਕਿਹਾ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਮਾਈ ਭਾਗੋ ਦੀ ਚਿਰਾਂ ਤੋਂ ਇਹ ਖਾਹਿਸ਼ ਸੀ ਕਿ ਕਿਸੇ ਤਰ੍ਹਾਂ ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਕਰੇ। ਜਾਣੀਜਾਣ ਗੁਰੂ ਜੀ ਜਦ ਆਗਰੇ ਪੁੱਜੇ ਤਾਂ ਉਹ ਸਭ ਤੋਂ ਪਹਿਲਾਂ ਮਾਈ ਭਾਗੋ ਦੇ ਘਰ ਪੁੱਜੇ। ਮਾਈ ਭਾਗੋ ਬੇਸ਼ੱਕ ਬਹੁਤ ਬਿਰਧ ਹੋ ਚੁੱਕੀ ਸੀ ਪਰ ਉਸਨੇ ਗੁਰੂ ਪਰਵਾਰ ਤੇ ਹੋਰ ਸੰਗਤ ਦੀ ਆਪਣੇ ਹੱਥੀਂ ਸੇਵਾ ਕੀਤੀ। ਗੁਰੂ ਜੀ ਜਦ ਰਵਾਨਗੀ ਦਾ ਨਾਂ ਲੈਣ ਤਾਂ ਉਹ ਉਨ੍ਹਾਂ ਦੇ ਚਰਨ ਫੜ ਲੈਂਦੀ। ਇਸ ਤਰ੍ਹਾਂ ਗੁਰੂ ਜੀ ਇਕ ਮਹੀਨਾ ਦੋ ਦਿਨ ਉਸਦੇ ਘਰ ਠਹਿਰੇ।

ਆਗਰੇ ਤੋਂ ਚੱਲ ਕੇ ਕਈ ਪ੍ਰੇਮੀਆਂ ਦਾ ਉਧਾਰ ਕਰਦੇ ਹੋਏ ਗੁਰੂ ਜੀ ਇਟਾਵਾ ਨਦੀ ਕਿਨਾਰੇ ਜਾ ਬਿਰਾਜੇ। ਉਥੋਂ ਪ੍ਰੇਮੀ ਸੱਜਣ ਆਪ ਜੀ ਨੂੰ ਬੇਨਤੀ ਕਰਕੇ ਸ਼ਹਿਰ ਵਿਚ ਲੈ ਗਏ। ਸ਼ਹਿਰ ਵਾਸੀ ਗੁਰੂ ਜੀ ਦੇ ਦਰਸ਼ਨ ਅਤੇ ਸੇਵਾ ਕਰਕੇ ਬਹੁਤ ਨਿਹਾਲ ਹੋਏ। ਇਟਾਵੇ ਤੋਂ ਆਪ ਜੀ ਕਾਨ੍ਹਪੁਰ ਗੰਗਾ ਕਿਨਾਰੇ ਜਾ ਬਿਰਾਜੇ। ਪ੍ਰੇਮੀਆਂ ਨੇ ਬਹੁਤ ਸੇਵਾ ਕੀਤੀ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਥੋਂ ਚਲ ਕੇ ਗੁਰੂ ਜੀ ਪ੍ਰਾਗਰਾਜ ਪਹੁੰਚ ਗਏ।

ਪ੍ਰਾਗ ਰਾਜ ਵਿਖੇ ਗੁਰੂ ਜੀ ਨੇ ਅਹੀਆ ਪੁਰ ਮੁਹੱਲੇ ਵਿਚ ਉਤਾਰਾ ਕੀਤਾ। ਆਪ ਜੀ ਨੇ ਤ੍ਰਿਵੇਣੀ ਵਿਚ ਇਸ਼ਨਾਨ ਕੀਤਾ ਅਤੇ ਪਾਂਡਿਆਂ ਨੂੰ ਸਿੱਖਿਆ ਦਿੱਤੀ। ਜਦ ਇਥੋਂ ਦੇ ਲੋਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਏਥੇ ਪਧਾਰੇ ਹੋਏ ਹਨ ਤਾਂ ਅਨੇਕਾਂ ਸੰਗਤਾਂ ਭੇਟਾ ਲੈ ਕੇ ਆਪ ਜੀ ਦੇ ਦਰਸ਼ਨਾਂ ਲਈ ਹਾਜ਼ਰ ਹੋ ਗਈਆਂ। ਗੁਰੂ ਜੀ ਨੇ ਸੰਗਤਾਂ ਨੂੰ ਨਾਮ ਦਾਨ ਬਖ਼ਸ਼ਿਆ। ਪ੍ਰਾਗਰਾਜ ਵਿਚ ਆਪ ਜੀ ਦੇ ਨਿਵਾਸ ਅਸਥਾਨ 'ਤੇ ਗੁਰਦੁਆਰਾ 'ਪੱਕੀ ਸੰਗਤ' ਬਣਿਆ ਹੋਇਆ ਹੈ। ਇਨ੍ਹਾਂ ਦਿਨਾਂ ਵਿਚ ਹੀ ਦਸਮੇਸ਼ ਪਿਤਾ ਨੇ ਆਪਣੀ ਮਾਤਾ ਜੀ ਦੇ ਗਰਭ ਵਿਚ ਆਪਣੇ ਪ੍ਰਵੇਸ਼ ਹੋਣ ਬਾਰੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ :–

*ਜਬ ਹੀ ਜਾਤ ਤ੍ਰਿਬੈਣੀ ਭਏ ॥*
*ਪੁੰਨ ਦਾਨ ਦਿਨ ਕਰਤ ਬਿਤਏ॥*
*ਤਹੀ ਪ੍ਰਕਾਸ਼ ਹਮਾਰਾ ਭਯੋ॥*
*ਪਟਨਾ ਸ਼ਹਿਰ ਬਿਖੇ ਭਵ ਲਯੋ॥*

ਗੁਰੂ ਜੀ ਨੇ ਪ੍ਰਾਗ ਰਾਜ ਵਿਖੇ ਛੇ ਮਹੀਨੇ ਠਹਿਰ ਕੇ ਸੰਗਤਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ। ਫਿਰ ਆਪ ਜੀ ਨੇ ਕਾਂਸ਼ੀ ਵਿਖੇ ਜਾਣ ਦਾ ਮਨ ਬਣਾਇਆ। ਰੱਥਾਂ ਘੋੜਿਆਂ 'ਤੇ ਸਵਾਰ ਆਪ ਜੀ ਗੰਗਾ ਦੇ ਕੰਢੇ ਕੰਢੇ ਚਲਦੇ ਹੋਏ ਮਿਰਜ਼ਾਪੁਰ ਸ਼ਹਿਰ ਪਹੁੰਚੇ। ਮਿਰਜ਼ਾਪੁਰ ਤੋਂ ਆਪ ਜੀ ਕਾਂਸ਼ੀ ਸ਼ਹਿਰ ਵਿਖੇ ਪੁੱਜ ਗਏ। ਗੁਰੂ ਨਾਨਕ ਦੇਵ ਜੀ ਵੀ ਕਾਂਸ਼ੀ ਵਿਖੇ ਪਧਾਰੇ ਸਨ ਅਤੇ ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਨੇ ਭਾਈ ਗੁਰਦਾਸ ਨੂੰ ਏਥੇ ਸਿੱਖੀ ਦੇ ਪ੍ਰਚਾਰ ਲਈ ਭੇਜਿਆ ਸੀ। ਜਿੱਥੇ ਭਾਈ ਗੁਰਦਾਸ ਜੀ ਸਿੱਖੀ ਦੇ ਪ੍ਰਚਾਰ ਲਈ ਠਹਿਰੇ ਸਨ, ਉਸੇ 'ਰੇਸ਼ਮ ਮੁਹੱਲੇ' ਵਿਚ ਗੁਰੂ ਜੀ ਨੇ ਡੇਰਾ ਲਾ ਲਿਆ। ਬੇਅੰਤ ਸਿੱਖ ਸੇਵਕ ਸੰਗਤਾਂ ਆਪ ਜੀ ਦੇ ਦਰਸ਼ਨਾਂ ਨੂੰ ਆਈਆਂ। ਆਪ ਜੀ ਵਾਸਤੇ ਰੱਖੀ ਹੋਈ ਦਸਵੰਧ ਦੀ ਮਾਇਆ ਅਤੇ ਕਾਰ ਭੇਟਾ ਮਸੰਦਾਂ ਨੇ ਆ ਕੇ ਹਜ਼ੂਰ ਨੂੰ ਪੇਸ਼ ਕਰ ਦਿੱਤੀ। ਏਥੇ ਗੁਰੂ ਜੀ ਦਾ ਅਤੁੱਟ ਲੰਗਰ ਚਾਲੂ ਹੋ ਗਿਆ।

ਇਕ ਦਿਨ ਭਾਈ ਜਵੇਹਰੀ ਲਾਲ ਜੋ ਕਿ ਇਸ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ, ਅੰਮ੍ਰਿਤ ਵੇਲੇ ਹੀ ਗੁਰੂ ਜੀ ਪਾਸ ਆਇਆ ਅਤੇ ਬਾਹਰ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੁਛਿਆ, "ਇਸ ਵੇਲੇ ਪਰਨਾਂ ਮੋਢੇ ਤੇ ਰੱਖ ਕੇ ਕਿਧਰ ਜਾ ਰਿਹਾ ਏਂ।" ਭਾਈ ਜਵੇਹਰੀ ਲਾਲ ਨੇ ਉੱਤਰ ਦਿੱਤਾ ਕਿ ਉਹ ਗੰਗਾ ਇਸ਼ਨਾਨ ਕਰਨ ਜਾ ਰਹੇ ਹਨ।

ਉਸਦੀ ਇਹ ਗੱਲ ਸੁਣਕੇ ਗੁਰੂ ਜੀ ਨੇ ਫ਼ੁਰਮਾਇਆ, "ਸਿੱਖ ਗੰਗਾ ਕੋਲ ਨਹੀਂ ਜਾਂਦੇ, ਗੰਗਾ ਸਿੱਖਾਂ ਪਾਸ ਆਉਂਦੀ ਹੈ, ਇਹ ਗੰਗਾ ਤਾਂ ਤੇਰੇ ਅੰਦਰ ਹੈ।"

ਭਾਈ ਜੀ ਗੁਰੂ ਸਾਹਿਬ ਦੀ ਇਹ ਗੱਲ ਸੁਣਕੇ ਰੁਕ ਗਏ ਅਤੇ ਉਨ੍ਹਾਂ ਕਮਰੇ ਵਿਚ ਇਕ ਇੱਟ ਪੁੱਟੀ ਤਾਂ ਗੰਗਾ ਜਲ ਵਹਿ ਤੁਰਿਆ ਜਿਹੜਾ ਕਿ ਹੁਣ ਤੱਕ ਵਗਦਾ ਹੈ। ਸਾਰੇ ਸਿੱਖ ਇਹ ਕੌਤਕ ਵੇਖ ਕੇ ਬਹੁਤ ਹੈਰਾਨ ਹੋਏ ਅਤੇ ਗੰਗਾ ਨਦੀ ਬਾਰੇ ਉਨ੍ਹਾਂ ਦੀ ਸ਼ਰਧਾ ਜਾਂਦੀ ਰਹੀ। ਉਹ ਸਾਰੇ ਉਸ ਵਗਦੇ ਜਲ ਵਿਚ ਹੀ ਇਸ਼ਨਾਨ ਕਰਨ ਲੱਗੇ।

ਇਥੇ ਹੀ ਇਕ ਹੋਰ ਅਲੌਕਿਕ ਘਟਨਾ ਘਟੀ। ਇਕ ਦਿਨ ਜਦ ਕੀਰਤਨੀਏ ਦਰਬਾਰ ਵਿਚ ਬੈਠੇ ਕੀਰਤਨ ਕਰ ਰਹੇ ਸਨ ਤਾਂ ਇਕ ਕੋਹੜੀ ਰਿੜ੍ਹਦਾ ਰਿੜ੍ਹਦਾ ਅੰਦਰ ਆ ਗਿਆ। ਉਸ ਨੇ ਆ ਕੇ ਗੁਰੂ ਜੀ ਅੱਗੇ ਮੱਥਾ ਟੇਕਿਆ ਅਤੇ ਕਹਿਣ ਲੱਗਾ, "ਮਹਾਰਾਜ ! ਮੈਂ ਕੁਸ਼ਟ ਰੋਗ ਨਾਲ ਗ੍ਰੱਸਿਆ ਹੋਇਆ ਹਾਂ। ਇਹ ਰੋਗ ਬਹੁਤ ਦੁਖਦਾਈ ਹੈ ਤੇ ਮੈਂ ਹਰ ਵੇਲੇ ਕੁਰਲਾਉਂਦਾ ਰਹਿੰਦਾ ਹਾਂ। ਮੇਰੀ ਰਿਹਾਇਸ਼ ਲਈ ਕੋਈ ਟਿਕਾਣਾ ਨਹੀਂ। ਜਿਥੇ ਵੀ ਕੋਈ ਛੱਪਰ ਆਦਿ ਵੇਖਦਾ ਹਾਂ ਉਥੇ ਰਾਤ ਕੱਟ ਲੈਂਦਾ ਹਾਂ। ਕਿਉਂਕਿ ਮੈਂ ਤੁਰ ਫਿਰ ਨਹੀਂ ਸਕਦਾ, ਇਸ ਲਈ ਮੈਂ ਕਿਸੇ ਪਾਸੋਂ ਕੁਝ ਮੰਗਣ ਵੀ ਨਹੀਂ ਜਾਂਦਾ। ਜੇ ਕਿਸੇ ਨੂੰ ਕੁਝ ਤਰਸ ਆਵੇ ਤਾਂ ਰੋਟੀ ਸੁੱਟ ਜਾਂਦਾ ਹੈ ਨਹੀਂ ਤਾਂ ਭੁੱਖਾ ਹੀ ਕੁਰਲਾਉਂਦਾ ਰਹਿੰਦਾ ਹਾਂ। ਇਸ ਲਈ ਭਗਵਾਨ ਰੂਪ ਮਹਾਰਾਜ ! ਮੇਰੇ ਤੇ ਕ੍ਰਿਪਾ ਕਰੋ।" ਗੁਰੂ ਜੀ ਨੇ ਉਸਦੀ ਬੇਨਤੀ ਨੂੰ ਧਿਆਨ ਨਾਲ ਸੁਣਿਆ ਅਤੇ ਉਸ ਨੂੰ ਅੰਤਰ ਧਿਆਨ ਹੋ ਕੇ ਕੀਰਤਨ ਸੁਣਨ ਵਾਸਤੇ ਕਿਹਾ। ਜਦ ਕੀਰਤਨੀਆਂ ਸ਼ਬਦ ਦਾ ਭੋਗ ਪਾਇਆ ਅਤੇ ਕੋਹੜੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਉਸ ਵੇਖਿਆ ਕਿ ਉਸਦਾ ਦਰਦ ਦੂਰ ਹੋ ਗਿਆ ਸ਼ੀ। ਗੁਰੂ ਜੀ ਨੇ ਉਸ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ। ਬਾਅਦ ਵਿਚ ਗੁਰੂ ਜੀ ਨੇ ਉਸਦਾ ਹੱਥੀਂ ਇਲਾਜ ਵੀ ਕੀਤਾ ਤੇ ਨਾਮ ਦੀ ਬਰਕਤ ਨਾਲ ਉਹ ਬਿਲਕੁਲ ਅਰੋਗ ਹੋ ਗਿਆ

ਅਤੇ ਚੱਲਣ ਫਿਰਨ ਵੀ ਲੱਗ ਗਿਆ।

ਨਾਮ ਸਿਮਰਨ ਦੀ ਮਹਿਮਾ ਸੁਣ ਕੇ ਬੜੀ ਦੂਰ ਦੂਰ ਤੋਂ ਪੰਡਿਤ, ਸੰਨਿਆਸੀ, ਵੈਰਾਗੀ ਆਦਿ ਗੁਰੂ ਜੀ ਪਾਸ ਆਉਣ ਲੱਗੇ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਸਭ ਨਿਹਾਲ ਹੁੰਦੇ। ਹੁਣ ਕੋਈ ਵੀ ਸਿੱਖ ਗੰਗਾ ਵਿਚ ਇਸ਼ਨਾਨ ਕਰਨ ਨਹੀਂ ਸੀ ਜਾਂਦਾ ਅਤੇ ਜਿਹੜੀ ਘਰ ਵਿਚ ਗੰਗਾ ਪ੍ਰਗਟ ਹੋਈ ਸੀ ਉਸਦੇ ਜਲ ਨਾਲ ਹੀ ਇਸ਼ਨਾਨ ਕਰ ਲੈਂਦੇ ਸਨ। ਬਨਾਰਸ ਦੇ ਵਿਦਵਾਨ ਪੰਡਿਤ ਵੀ ਇਸ ਜਲ ਧਾਰਾ ਨੂੰ ਵੇਖਣ ਆਉਂਦੇ ਅਤੇ ਉਹਨਾਂ ਦੀ ਸਮਝ ਵਿਚ ਕੁਝ ਨਾ ਆਉਂਦਾ ਕਿ ਇਹ ਜਲ–ਧਾਰਾ ਕਿਵੇਂ ਚਲ ਰਹੀ ਸੀ।



# ਭਾਈ ਫੱਗੂ

ਬਨਾਰਸ ਸੰਗਤ ਤੋਂ ਵਿਦਾਇਗੀ ਲੈ ਕੇ ਗੁਰੂ ਜੀ ਸ਼ਹਿਰ ਸਸਰਾਮ ਚਲੇ ਗਏ। ਇਤਿਹਾਸਕਾਰ ਲਿਖਦੇ ਹਨ ਕਿ ਸ਼ਹਿਰ ਸਸਰਾਮ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦਾ ਜਨਮ ਅਸਥਾਨ ਸੀ। ਸਸਰਾਮ ਵਿਖੇ ਫੱਗੂ ਨਾਂ ਦਾ ਇਕ ਸਿੱਖ ਰਹਿੰਦਾ ਸੀ। ਉਹ ਇਕ ਪਿਆਰੀ ਸਖਸ਼ੀਅਤ ਦਾ ਮਾਲਕ ਸੀ। ਇਸ ਸ਼ਹਿਰ ਦੇ ਸਾਰੇ ਲੋਕ ਉਸ ਨੂੰ ਪਿਆਰ ਨਾਲ ਚਾਚਾ ਫੱਗੂ ਕਹਿੰਦੇ ਸਨ। ਉਸਦਾ ਚਿਹਰਾ ਹਰ ਵੇਲੇ ਗੁਲਾਬ ਦੇ ਫੁੱਲ ਵਾਂਗੂੰ ਖਿੜਿਆ ਰਹਿੰਦਾ ਸੀ ਅਤੇ ਮਿਲਾਪੜਾ ਏਨਾ ਸੀ ਕਿ ਸ਼ਹਿਰ ਦਾ ਹਰ ਵਿਅਕਤੀ ਹੀ ਉਸਨੂੰ ਆਪਣਾ ਸਮਝਦਾ ਸੀ। ਇਕ ਵਾਰ ਜ਼ਿਆਦਾ ਬਾਰਸ਼ ਹੋਣ ਨਾਲ ਉਸਦਾ ਮਕਾਨ ਢਹਿ ਗਿਆ ਤਾਂ ਉਸ ਇਕ ਨਵਾਂ ਮਕਾਨ ਬਣਾਇਆ। ਇਸ ਮਕਾਨ ਦਾ ਦਰਵਾਜ਼ਾ ਉਸ ਬਹੁਤ ਵੱਡਾ ਲਾਇਆ। ਉਨ੍ਹਾਂ ਜ਼ਮਾਨਿਆਂ ਵਿਚ ਆਮ ਘਰਾਂ ਨੂੰ ਵੱਡੇ ਗੇਟ ਲਾਉਣ ਦਾ ਰਿਵਾਜ਼ ਨਹੀਂ ਸੀ। ਇਸ ਲਈ ਆਮ ਲੋਕਾਂ ਨੂੰ ਇਹ ਬੜੀ ਹੈਰਾਨੀ ਹੋਈ ਕਿ ਚਾਚੇ ਫੱਗੂ ਨੇ ਏਡਾ ਵੱਡਾ ਦਰਵਾਜ਼ਾ ਕਿਉਂ ਲਾਇਆ ਹੈ। ਉਹ ਇਸ ਗੱਲੋਂ ਵੀ ਹੈਰਾਨ ਸਨ ਕਿ ਚਾਚੇ ਫੱਗੂ ਪਾਸ ਨਾ ਰੱਥ ਘੋੜੇ ਸਨ ਅਤੇ ਨਾ ਹੀ ਊਠ ਗੱਡੀਆਂ ਸਨ। ਲੋਕਾਂ ਤੋਂ ਰਿਹਾ ਨਾ ਗਿਆ ਤੇ ਉਹ ਚਾਚੇ ਨੂੰ ਆ ਪੁੱਛਣ ਲੱਗੇ, "ਚਾਚਾ ਜੀ ਇਸ ਨਵੇਂ ਮਕਾਨ ਦਾ ਦਰਵਾਜ਼ਾ ਏਨਾ ਵੱਡਾ, ਉੱਚਾ ਅਤੇ ਚੌੜਾ ਕਿਉਂ ਰੱਖਿਆ ਹੈ। ਕੋਈ ਊਠ ਘੋੜੇ ਜਾਂ ਰੱਥ ਲਿਆਉਣ ਵਾਲੇ ਹੋ।" ਚਾਚੇ ਨੇ ਹੱਸ ਕੇ ਜਵਾਬ ਦਿੱਤਾ, "ਭੋਲੇ ਪਾਤਸ਼ਾਹੋ ! ਜੇ ਦਰਵਾਜ਼ੇ ਖੁੱਲ੍ਹੇ, ਉੱਚੇ ਅਤੇ ਵੱਡੇ ਰੱਖਾਂਗੇ ਤਦ ਹੀ ਊਠ, ਘੋੜੇ ਅਤੇ ਰੱਥ ਸਿੱਧੇ ਹੀ ਅੰਦਰ ਜਾ ਸਕਣਗੇ। ਮੇਰੇ ਹਜ਼ੂਰ ਗੁਰੂ ਤੇਗ ਬਹਾਦਰ ਜੀ ਜਦ ਮੇਰੇ ਘਰ ਆਉਣਗੇ ਤਾਂ ਕੀ ਮੈਂ ਉਨ੍ਹਾਂ ਦੇ ਰੱਥਾਂ ਅਤੇ ਘੋੜਿਆਂ ਨੂੰ ਦਰਵਾਜ਼ੇ ਦੇ ਬਾਹਰ ਹੀ ਰੋਕ ਲਵਾਂਗਾ, ਇਹ ਮੈਂ ਉਨ੍ਹਾਂ ਦੇ ਆਉਣ ਕਰਕੇ ਹੀ ਏਨੇ ਵਿਸ਼ਾਲ ਰੱਖੇ ਹਨ ਤਾਂਕਿ ਉਨ੍ਹਾਂ ਨੂੰ ਬਾਹਰ ਹੀ ਨਾ ਉਤਰਨਾ ਪਵੇ। ਘੋੜਿਆਂ ਅਤੇ ਰੱਥਾਂ ਉੱਤੇ ਚੜ੍ਹੇ ਸਿੱਧੇ ਹੀ ਅੰਦਰ ਆ ਜਾਣ।" ਗੁਰੂ ਜੀ ਵੀ ਜਾਣੀਜਾਣ ਸਨ। ਜਦ ਗੁਰੂ ਜੀ ਪਰਵਾਰ ਸਹਿਤ ਸਸਰਾਮ ਪੁੱਜੇ ਤਾਂ ਫੱਗੂ ਦੀ ਬੇਨਤੀ ਮੰਨ ਕੇ ਉਨ੍ਹਾਂ ਸਿੱਧੇ ਹੀ ਉਸਦੇ ਘਰ ਜਾ ਉਤਾਰਾ ਕੀਤਾ। ਕਿਸੇ ਨੂੰ ਵੀ ਬਾਹਰ ਉਤਰਨਾ ਨਾ ਪਿਆ। ਸਾਰੀ ਸੰਗਤ ਰੱਥਾਂ ਸਮੇਤ ਅੰਦਰ ਪਹੁੰਚ ਗਈ। ਫੱਗੂ ਨੇ ਵਿਹੜਾ ਵੀ ਬਹੁਤ ਵੱਡਾ ਬਣਾਇਆ ਸੀ, ਇਸ ਲਈ ਕੀਰਤਨੀਆਂ ਨੇ ਉਥੇ ਜਾ ਦੀਵਾਨ ਲਾਇਆ। ਸਿੱਖ ਸੰਗਤਾਂ ਬੜੇ ਚਾਅ ਨਾਲ ਫੱਗੂ ਦੇ ਘਰ ਪੁੱਜ ਗਈਆਂ ਅਤੇ ਕੀਰਤਨ ਦਾ ਆਨੰਦ ਮਾਣਿਆ। ਫੱਗੂ ਬੜਾ ਪ੍ਰਸੰਨ ਸੀ। ਉਸਦੀ ਮਨੋਕਾਮਨਾ ਪੂਰੀ ਹੋਈ ਸੀ।

ਫੱਗੂ ਦੀ ਲਗਨ ਅਤੇ ਸੇਵਾ ਨੂੰ ਮੁਖ ਰੱਖਦਿਆਂ ਗੁਰੂ ਸਾਹਿਬ ਨੇ ਉਸ ਨੂੰ 'ਗੁਰਮੁਖ' ਦੀ ਪਦਵੀ ਬਖਸ਼ੀ।

ਫੱਗੂ ਗੁਰੂ ਜੀ ਦਾ ਮਸੰਦ ਵੀ ਸੀ। ਜਦ ਦੀਵਾਨ ਲੱਗਾ ਹੋਇਆ ਸੀ ਤੇ ਸਭ ਸਿੱਖ ਸੰਗਤ ਜੁੜੀ

ਹੋਈ ਸੀ ਤਾਂ ਗੁਰੂ ਜੀ ਨੇ ਫੱਗੂ ਨੂੰ ਕਿਹਾ ਕਿ ਉਹ ਗੁਰੂ ਕੀ ਭੇਟਾ ਉਨ੍ਹਾਂ ਦੇ ਸਨਮੁਖ ਅਰਪਣ ਕਰੇ।

ਭਾਈ ਫੱਗੂ ਇਕ ਬੜਾ ਈਮਾਨਦਾਰ ਅਤੇ ਕਿਰਤੀ ਸਿੱਖ ਸੀ। ਉਸਨੇ ਗੁਰੂ ਦਾ ਹੁਕਮ ਮੰਨਦੇ ਹੋਏ ਉਸੇ ਵੇਲੇ ਸਾਰੀ ਇਕੱਠੀ ਹੋਈ ਕਾਰ ਭੇਟਾ ਗੁਰੂ ਜੀ ਦੇ ਸਨਮੁਖ ਰੱਖ ਦਿੱਤੀ ਅਤੇ ਬੜੇ ਆਦਰ ਨਾਲ ਮੱਥਾ ਟੇਕਿਆ। ਗੁਰੂ ਜੀ ਨੇ ਕਾਰ ਭੇਟ ਨੂੰ ਵੇਖ ਕੇ ਕਿਹਾ, "ਭਾਈ ਫੱਗੂ ਇਹ ਪੂਰੀ ਕਾਰ ਭੇਟਾ ਨਹੀਂ, ਤੂੰ ਕੁਝ ਭੁਲ ਗਿਆ ਏਂ, ਜਾਂ ਵਿਸਰ ਗਿਆ ਏਂ, ਇਸ ਲਈ ਦੁਬਾਰਾ ਯਾਦ ਕਰ ਕਿ ਕਿਹੜੀ ਐਸੀ ਅਮੁਲ ਵਸਤੂ ਰਹਿ ਗਈ ਹੈ।" ਚਾਚਾ ਫੱਗੂ ਗੁਰੂ ਜੀ ਦੀ ਇਹ ਗੱਲ ਸੁਣ ਕੇ ਬੜਾ ਹੈਰਾਨ ਹੋਇਆ ਅਤੇ ਉਸਦਾ ਖੇੜੇ ਭਰਿਆ ਚਿਹਰਾ ਮੁਰਝਾ ਗਿਆ। ਉਹ ਸਾਰੀ ਸੰਗਤ ਸਾਹਮਣੇ ਇਕ ਦੋਸ਼ੀ ਵਾਂਗ ਸ਼ਰਮਸਾਰ ਖੜ੍ਹਾ ਸੀ। ਗੁਰੂ ਜੀ ਨੇ ਕਿਹਾ, "ਭਾਈ ਫੱਗੂ ! ਘਬਰਾਉਣ ਦੀ ਕੋਈ ਲੋੜ ਨਹੀਂ ਜੇ ਉਹ ਸੁਗਾਤ ਤੇਰੀ ਯਾਦ ਵਿਚੋਂ ਵਿਸਰ ਗਈ ਹੈ ਤਾਂ ਅਸੀਂ ਤੈਨੂੰ ਯਾਦ ਕਰਵਾ ਦਿੰਦੇ ਹਾਂ। ਤੇਰੇ ਵਿਹੜੇ ਵਿਚ ਜਿਹੜਾ ਬੇਰੀ ਦਾ ਬੂਟਾ ਖੜ੍ਹਾ ਹੈ, ਉਸਦੇ ਬੇਰ ਕਾਰ ਭੇਟਾ ਵਿਚ ਨਹੀਂ ਦੇਣੇ।"



ਇਹ ਗੱਲ ਸੁਣ ਕੇ ਚਾਚੇ ਫੱਗੂ ਦਾ ਚਿਹਰਾ ਖਿੜ ਗਿਆ ਅਤੇ ਉਹ ਗੁਰੂ ਜੀ ਦੀ ਚਰਨੀਂ ਢਿਹ ਪਿਆ। ਉਹ ਕਹਿਣ ਲੱਗਾ, "ਮਹਾਰਾਜ ! ਤੁਸੀਂ ਤਾਂ ਜਾਣੀਜਾਣ ਹੋ। ਤੁਹਾਨੂੰ ਹਰ ਗੱਲ ਦਾ ਗਿਆਨ ਹੈ।" ਤਦ ਗੁਰੂ ਜੀ ਨੇ ਭਾਈ ਫੱਗੂ ਨੂੰ ਕਿਹਾ ਕਿ ਉਹ ਸੰਗਤਾਂ ਨੂੰ ਉਸ ਬੇਰੀ ਦੀ ਸਾਰੀ ਕਹਾਣੀ ਸੁਣਾਵੇ ਤਾਂਕਿ ਉਨ੍ਹਾਂ ਦੇ ਵੀ ਸ਼ੰਕੇ ਨਵਿਰਤ ਹੋ ਜਾਣ।

ਭਾਈ ਫੱਗੂ ਸਾਰੀ ਸੰਗਤ ਨੂੰ ਸੰਬੋਧਤ ਕਰਕੇ ਬੋਲਿਆ, "ਪਿਆਰੀ ਸਾਧ ਸੰਗਤ ਜੀ ! ਇਹ ਬੇਰੀ ਵਾਲੀ ਵਿਥਿਆ ਮੈਂ ਤੁਹਾਨੂੰ ਸੁਣਾਉਂਦਾ ਹਾਂ। ਮੈਂ ਆਮ ਤੌਰ ਤੇ ਕਾਰ ਭੇਟ ਇਕੱਠੀ ਕਰਨ ਵਾਸਤੇ ਹਰ ਸਿੱਖ ਦੇ ਘਰ ਆਪ ਜਾਇਆ ਕਰਦਾ ਹਾਂ ਅਤੇ ਜੋ ਵੀ ਉਸ ਪਾਸੋਂ ਮਿਲ ਜਾਵੇ ਗੁਰੂ ਜੀ ਦੀ ਅਸੀਸ ਦੇ ਕੇ ਲੈ ਆਉਂਦਾ ਹਾਂ। ਮੈਂ ਅੱਜ ਤੱਕ ਕਦੇ ਕਿਸੇ ਨੂੰ ਨਹੀਂ ਕਿਹਾ ਕਿ ਤੁਹਾਡੀ ਭੇਟਾ ਘੱਟ ਹੈ ਜਾਂ ਇਹ ਵਧੀਆ ਨਹੀਂ ਜਾਂ ਗੁਰੂ ਜੀ ਨੂੰ ਅਰਪਣ ਕਰਨ ਦੇ ਲਾਇਕ ਨਹੀਂ। ਮੈਂ ਇਕ ਦਿਨ ਕਾਰ ਭੇਟਾ ਇਕੱਠੀ ਕਰ ਰਿਹਾ ਸੀ ਤਾਂ ਮੈਂ ਇਕ ਸਿੱਖ ਦੇ ਘਰ ਗਿਆ ਅਤੇ ਕਾਰ ਭੇਟ ਬਾਰੇ ਬੇਨਤੀ ਕੀਤੀ। ਉਸ ਸਮੇਂ ਸਿੱਖ ਤਾਂ ਘਰ ਨਹੀਂ ਸੀ, ਉਸਦੀ ਪਤਨੀ ਕਹਿਣ ਲੱਗੀ, "ਸਿੱਖ ਅੱਜ ਘਰ ਨਹੀਂ ਹੈ ਅਤੇ ਦੇਣ ਵਾਸਤੇ ਵੀ ਘਰ ਕੁਝ ਨਹੀਂ ਹੈ।" ਮੈਂ ਕਿਹਾ, "ਜੋ ਕੁਝ ਵੀ ਹੈ, ਉਹੋ ਕੁਝ ਦੇ ਦੇਵੋ।" ਉਹ ਕਹਿਣ ਲੱਗੀ, "ਇਸ ਸਮੇਂ ਤਾਂ ਮੇਰੇ ਪਾਸ ਘਰ ਦਾ ਕੂੜਾ ਹੀ ਹੈ ਜੋ ਝਾੜੂ ਨਾਲ ਹੁਣੇ ਇਕੱਠਾ ਕਰ ਕੇ ਹਟੀ ਹਾਂ।" ਮੈਂ ਬੇਨਤੀ ਕੀਤੀ, "ਇਹ ਕੂੜਾ ਹੀ ਮੇਰੀ ਝੋਲੀ ਵਿਚ ਪਾ ਦੇਵੋ।" ਉਸਨੇ ਕੂੜਾ ਮੇਰੀ ਝੋਲੀ ਵਿਚ ਪਾ ਦਿੱਤਾ ਅਤੇ ਮੈਂ ਉਸਨੂੰ ਆਸ਼ੀਰਵਾਦ ਦੇ ਕੇ ਘਰ ਆ ਗਿਆ। ਘਰ ਆ ਕੇ ਮੈਂ ਉਸ ਕੂੜੇ ਨੂੰ ਧੋਤਾ ਅਤੇ ਛਾਣਿਆ ਤਾਂ ਉਸ ਕੂੜੇ ਵਿਚੋਂ ਬੇਰ ਦੀ ਇਕ ਗਿਟਕ ਨਿਕਲੀ ਜਿਸਨੂੰ ਮੈਂ ਵਿਹੜੇ ਵਿਚ ਥਾਂ ਗੋਡ ਕੇ ਨੱਪ ਦਿੱਤਾ। ਅੱਜ ਉਹ ਗਿਟਕ ਇਕ ਵੱਡੀ ਬੇਰੀ ਬਣ ਗਈ ਹੈ ਅਤੇ ਇਸਨੂੰ ਬੇਰ ਵੀ ਲੱਗ ਗਏ ਹਨ। ਇਸ ਲਈ ਮੈਂ ਗੁਰੂ ਜੀ ਨੂੰ ਉਸ ਸਿੱਖ ਦੀ ਭੇਟ ਦੇਣੀ ਭੁਲ ਗਿਆ ਸੀ। ਹੁਣੇ ਹੀ ਮੈਂ ਉਸ ਬੇਰੀ ਦੇ ਕੁਝ ਮਿੱਠੇ ਬੇਰ ਤੋੜ ਕੇ ਗੁਰੂ ਜੀ ਨੂੰ ਭੇਂਟ ਕਰਦਾ ਹਾਂ।"

ਸੰਗਤ ਭਾਈ ਫੱਗੂ ਦੀ ਇਹ ਵਿਥਿਆ ਸੁਣ ਕੇ ਬਹੁਤ ਹੈਰਾਨ ਹੋਈ ਅਤੇ ਸਾਰੀ ਸਾਧ ਸੰਗਤ 'ਧੰਨ ਗੁਰੂ ਤੇਗ਼ ਬਹਾਦਰ ਜੀ, ਅਤੇ ਧੰਨ ਚਾਚਾ ਫੱਗੂ' ਪੁਕਾਰ ਉੱਠੀ।

ਫਿਰ ਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, "ਭਾਈ ਫੱਗੂ ਵਰਗੇ ਸਿੱਖ ਸਿੱਖੀ ਦਾ ਥੰਮ੍ਹ ਹਨ। ਗੁਰਮੁਖ ਸਿੱਖ ਦੀ ਇਹੋ ਪਹਿਚਾਣ ਹੈ ਅਤੇ ਭਾਈ ਫੱਗੂ ਵਾਂਗੂੰ ਜੀਵਨ ਜਾਚ ਸਿੱਖਣੀ ਚਾਹੀਦੀ ਹੈ। ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਗੁਰੂ ਘਰ ਵਲੋਂ ਕਈ ਮਸੰਦਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ ਕਿ ਉਹ ਈਮਾਨਦਾਰੀ ਵਿਚ ਰਹਿੰਦੇ ਹੋਏ ਸਿੱਖੀ ਦੇ ਪ੍ਰਚਾਰ ਦੇ ਨਾਲ–ਨਾਲ ਸਿੱਖ ਸੰਗਤਾਂ ਪਾਸੋਂ ਕਾਰ–ਭੇਟ ਲੈ ਕੇ ਗੁਰੂ ਘਰ ਪਹੁੰਚਾਇਆ ਕਰਨ ਤਾਂਕਿ ਗੁਰੂ ਦਾ ਅਤੁੱਟ ਲੰਗਰ ਚਲਦਾ ਰਹੇ ਅਤੇ ਗਰੀਬਾਂ ਦੀ ਸਹਾਇਤਾ ਵੀ ਹੁੰਦੀ ਰਹੇ। ਪਰ ਅਸੀਂ ਇਹ ਵੇਖਿਆ ਹੈ ਕਿ ਕਈ ਮਸੰਦ ਆਪ ਹੀ ਕਾਰ–ਭੇਟ ਹੜੱਪ ਜਾਂਦੇ ਹਨ। ਇਹਨਾਂ ਮਸੰਦਾਂ ਨੂੰ ਭਾਈ ਫੱਗੂ ਤੋਂ ਸਿੱਖਿਆ ਲੈਣੀ ਚਾਹੀਦੀ ਹੈ।"

# ਪਟਨਾ ਸਾਹਿਬ

ਸਸਰਾਮ ਸ਼ਹਿਰ ਤੋਂ ਚਲ ਕੇ ਗੁਰੂ ਜੀ ਗਯਾ ਰਾਹੀਂ ਹੁੰਦੇ ਹੋਏ ਪਟਨਾ ਸ਼ਹਿਰ ਵਿਖੇ ਪੁੱਜੇ। ਪਟਨੇ ਵਿਖੇ ਗੁਰੂ ਨਾਨਕ ਜੀ ਵੀ ਆਏ ਸਨ ਅਤੇ ਸਾਲਸ ਰਾਇ ਜੌਹਰੀ ਉਨ੍ਹਾਂ ਦਾ ਸਿੱਖ ਬਣਿਆ ਸੀ। ਇਨ੍ਹਾਂ ਦਿਨਾਂ ਵਿਚ ਸਾਲਸ ਰਾਇ ਜੌਹਰੀ ਦਾ ਪੋਤਰਾ ਰਾਜਾ ਫ਼ਤਹਿ ਚੰਦ ਸੈਣੀ ਰਹਿੰਦਾ ਸੀ। ਪਟਨੇ ਦਾ ਹਾਕਮ ਉਸ ਸਮੇਂ ਨਵਾਬ ਰਹੀਮ ਬਖਸ਼ ਸੀ। ਪਟਨਾ ਸਾਹਿਬ ਪੁੱਜ ਕੇ ਗੁਰੂ ਜੀ ਨੇ ਪਟਨੇ ਤੋਂ ਬਾਹਰ ਇਕ ਬਾਗ਼ ਵਿਚ ਇਕ ਇਮਲੀ ਦੇ ਦਰੱਖਤ ਹੇਠ ਜਾ ਡੇਰਾ ਲਾਇਆ। ਪਟਨੇ ਵਿਖੇ ਇਕ ਗੁਰੂ ਦਾ ਸਿੱਖ ਭਾਈ ਜਗਤਾ ਵੀ ਰਹਿੰਦਾ ਸੀ। ਜਦ ਉਸ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਗੁਰੂ ਜੀ ਪਾਸ ਪੁਜਾ, ਕਾਰ ਭੇਟਾ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਫਿਰ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਉਸਦੇ ਨਿਵਾਸ ਸਥਾਨ ਆਲਮਗੰਜ ਵਿਚ ਆ ਕੇ ਠਹਿਰਨ। ਗੁਰੂ ਜੀ ਨੇ ਉਸਦੇ ਪਿਆਰ ਨੂੰ ਵੇਖ ਕੇ ਉਸਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਅਤੇ ਪਰਵਾਰ ਸਹਿਤ ਉਸਦੀ ਹਵੇਲੀ ਵਿਚ ਆ ਠਹਿਰੇ। ਜਗਤਾ ਸੇਠ ਕਾਫੀ ਧਨੀ ਆਦਮੀ ਸੀ। ਪਰ ਉਹ ਧਰਮ ਦੀ ਕਮਾਈ ਕਰਦਾ ਸੀ। ਏਡੇ ਧਨਾਢ ਵਿਅਕਤੀ ਨੂੰ ਹਰ ਵੇਲੇ ਸੇਵਾ ਅਤੇ ਕਿਰਤ ਵਿਚ ਲੱਗਾ ਵੇਖ ਕੇ ਲੋਕ ਹੈਰਾਨ ਹੁੰਦੇ। ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਜਗਤਾ ਸੇਠ ਆਪਣੇ ਆਪ ਨੂੰ ਸਿੱਖ ਕਹਾਉਂਦਾ ਹੈ, ਅਤੇ ਕਹਿੰਦਾ ਹੈ ਕਿ ਉਹ ਨੇਮ ਨਾਲ ਗੁਰਬਾਣੀ ਦਾ ਪਾਠ ਵੀ ਕਰਦਾ ਹੈ। ਪਰ ਉਸਦੇ ਗੰਦੇ ਕੱਪੜੇ ਵੇਖ ਕੇ ਤਾਂ ਇੰਝ ਲਗਦਾ ਹੈ ਕਿ ਉਹ ਕਦੇ ਨਹਾਉਂਦਾ ਵੀ ਨਹੀਂ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਤੁਹਾਡਾ ਇਹ ਭੁਲੇਖਾ ਹੀ ਹੈ। ਉਹ ਨਿਤ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਾਠ ਕਰਦਾ ਹੈ। ਗੁਰੂ ਜੀ ਨੇ ਸਿੱਖਾਂ ਦਾ ਸੰਸਾ ਦੂਰ ਕਰਨ ਵਾਸਤੇ ਦੋ ਸਿੱਖਾਂ ਨੂੰ ਉਸਦੇ ਘਰ ਠਹਿਰਨ ਵਾਸਤੇ ਭੇਜ ਦਿੱਤਾ। ਜਗਤੇ ਸੇਠ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਉਹ ਸਿੱਖ ਰਾਤ ਉਸ ਦੇ ਘਰ ਹੀ ਠਹਿਰ ਗਏ। ਉਨ੍ਹਾਂ ਵੇਖਿਆ ਕਿ ਜਗਤੇ ਨੇ ਘਰ ਜਾ ਕੇ ਮੈਲੇ ਕੱਪੜੇ ਲਾਹ ਕੇ ਰੱਖ ਦਿੱਤੇ ਤੇ ਨਵੇਂ ਧੋਤੇ ਹੋਏ ਕੱਪੜੇ ਪਾ ਕੇ ਸੌਂ ਗਿਆ। ਸਵੇਰੇ ਉਹ ਅੰਮ੍ਰਿਤ ਵੇਲੇ ਉਠਿਆ, ਉਸ ਇਸ਼ਨਾਨ ਕੀਤਾ ਅਤੇ ਫਿਰ ਗੁਰਬਾਣੀ ਦਾ ਪਾਠ ਕਰਨ ਲੱਗ ਗਿਆ। ਉਹ ਸਿੱਖ ਇਹ ਸਭ ਕੁਝ ਵੇਖ ਕੇ ਬਹੁਤ ਹੈਰਾਨ ਹੋਏ। ਜਗਤਾ ਸੇਠ ਜਦ ਫਿਰ ਆਪਣੀ ਦੁਕਾਨ ਨੂੰ ਆਉਣ ਲੱਗਾ ਤਾਂ ਉਸ ਫਿਰ ਮੈਲੇ ਕੱਪੜੇ ਪਾ ਲਏ।

ਸਿੱਖਾਂ ਵਿਚ ਫਿਰ ਜਗਤੇ ਸੇਠ ਦਾ ਆਦਰ ਬਹੁਤ ਵਧ ਗਿਆ। ਉਨ੍ਹਾਂ ਨੇ ਗੁਰੂ ਜੀ ਅਤੇ ਸੰਗਤ ਨੂੰ ਉਹ ਸਭ ਕੁਝ ਦੱਸ ਦਿੱਤਾ ਜੋ ਕੁਝ ਉਨ੍ਹਾਂ ਅੱਖੀਂ ਵੇਖਿਆ ਸੀ।

ਕੁਝ ਸਮਾਂ ਗੁਰੂ ਜੀ ਜਗਤੇ ਸੇਠ ਦੀ ਹਵੇਲੀ ਵਿਚ ਠਹਿਰੇ। ਫਿਰ ਜਦ ਸੰਗਤਾਂ ਬਹੁਤ ਆਉਣ ਲੱਗ ਗਈਆਂ ਤਾਂ ਆਪ ਜੀ ਨੇ ਫਿਰ ਹਵੇਲੀ ਵੈਸਾਖੀ ਰਾਮ ਵਿਚ ਨਿਵਾਸ ਕਰ ਲਿਆ। ਇਹ ਬੜੀ ਵੱਡੀ ਹਵੇਲੀ ਸੀ ਅਤੇ ਸੁਰੱਖਿਅਤ ਵੀ ਸੀ। ਇਸ ਹਵੇਲੀ ਵਿਚ ਇਕ ਖੂਹ ਵੀ ਸੀ ਜਿਸਦਾ ਪਾਣੀ ਗੁਰੂ ਜੀ

ਦੀ ਕ੍ਰਿਪਾ ਨਾਲ ਮਿੱਠਾ ਹੋ ਗਿਆ। ਲਾਗਲੇ ਘਰਾਂ ਵਾਲੇ ਸਾਰੇ ਇਸ ਖੂਹ ਤੋਂ ਪਾਣੀ ਖੜਦੇ।

ਗੁਰੂ ਜੀ ਚਾਰ ਮਹੀਨੇ ਪਟਨਾ ਵਿਚ ਠਹਿਰੇ। ਉਹ ਚਾਰ ਮਹੀਨੇ ਬਰਸਾਤ ਦੇ ਸਨ ਤੇ ਉਨ੍ਹਾਂ ਮਹੀਨਿਆਂ ਵਿਚ ਯਾਤਰਾ ਕਰਨੀ ਕਠਿਨ ਸੀ। ਗੁਰੂ ਜੀ ਦਾ ਇਥੇ ਲੰਮਾ ਨਿਵਾਸ ਕਰਨ ਕਰਕੇ ਇਲਾਕੇ ਦੀਆਂ ਸੰਗਤਾਂ ਕਾਰ ਭੇਟਾ ਲੈ ਕੇ ਪੁਜਣ ਲੱਗੀਆਂ। ਉਨ੍ਹਾਂ ਦਿਨਾਂ ਵਿਚ ਹੀ ਢਾਕੇ ਦੀ ਸੰਗਤ ਬੁਲਾਕੀ ਦਾਸ ਮਸੰਦ ਦੇ ਨਾਲ ਆਪ ਜੀ ਦੇ ਦਰਸ਼ਨਾਂ ਨੂੰ ਆਈ।

ਦਰਸ਼ਨ ਭੇਟਾ ਕਰਕੇ ਸੰਗਤ ਨੇ ਬੁਲਾਕੀ ਦਾਸ ਰਾਹੀਂ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਢਾਕੇ ਦੀਆਂ ਸੰਗਤਾਂ ਆਪ ਜੀ ਦੇ ਦਰਸ਼ਨਾਂ ਲਈ ਬਹੁਤ ਉਤਾਵਲੀਆਂ ਹਨ, ਆਪ ਕਿਰਪਾ ਕਰਕੇ ਸਾਡੇ ਨਾਲ ਚਲ ਕੇ ਢਾਕੇ ਦੀਆਂ ਸੰਗਤਾਂ ਨੂੰ ਦਰਸ਼ਨ ਦੇਵੋ। ਗੁਰੂ ਜੀ ਨੇ ਉਨ੍ਹਾਂ ਦਾ ਪ੍ਰੇਮ ਵੇਖ ਕੇ ਢਾਕੇ ਜਾਣ ਵਾਸਤੇ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ।

ਜਦ ਗੁਰੂ ਜੀ ਨੇ ਢਾਕੇ ਜਾਣ ਦੀ ਤਿਆਰੀ ਆਰੰਭ ਕੀਤੀ ਤਾਂ ਮਾਤਾ ਗੁਜਰੀ ਅਤੇ ਮਾਤਾ ਨਾਨਕੀ ਨੇ ਉਨ੍ਹਾਂ ਨੂੰ ਕੁਝ ਹੋਰ ਦੇਰ ਰੁਕਣ ਲਈ ਕਿਹਾ। ਪਰ ਗੁਰੂ ਜੀ ਨੇ ਬਚਨ ਕੀਤਾ ਕਿ ਜਿਹੜੀਆਂ ਸੰਗਤਾਂ ਪ੍ਰੇਮ ਵੱਸ ਏਨੀਆਂ ਉਤਾਵਲੀਆਂ ਹੋ ਕੇ ਉਡੀਕ ਰਹੀਆਂ ਹਨ ਉਨ੍ਹਾਂ ਨੂੰ ਮਿਲਣਾ ਜ਼ਰੂਰੀ ਹੈ। ਇਸ ਲਈ ਮੈਨੂੰ ਤਿਆਰੀ ਆਰੰਭ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਆਪਣੇ ਪਰਵਾਰ ਨੂੰ ਇਹ ਫ਼ੈਸਲਾ ਸੁਣਾਇਆ ਕਿ ਮਾਤਾ ਨਾਨਕੀ ਜੀ, ਮਹਿਲ ਗੁਜਰੀ ਜੀ, ਸ੍ਰੀ ਕ੍ਰਿਪਾਲ ਚੰਦ ਜੀ, ਭਾਈ ਦਿਆਲ ਦਾਸ ਜੀ, ਦੀਵਾਨ ਸਤੀ ਦਾਸ ਜੀ ਅਤੇ ਚਰਨ ਦਾਸ ਜੀ ਗੁਰੂ ਜੀ ਦੇ ਡੇਰੇ ਵਿਚ ਹੀ ਠਹਿਰਨਗੇ ਅਤੇ ਉਹ ਘਰ ਦੀ ਸੇਵਾ ਸੰਭਾਲ ਦਾ ਫਰਜ਼ ਨਿਭਾਉਣਗੇ।

ਅਕਤੂਬਰ 1666 ਈਸਵੀਂ ਨੂੰ ਗੁਰੂ ਤੇਗ਼ ਬਹਾਦਰ ਜੀ ਢਾਕੇ ਵੱਲ ਰਵਾਨਾ ਹੋ ਗਏ। ਗੁਰੂ ਸਾਹਿਬ ਦੇ ਕੀਰਤਨੀਏ ਅਤੇ ਹੋਰ ਸਿੱਖ ਆਪ ਜੀ ਦੇ ਨਾਲ ਗਏ। ਪਟਨੇ ਤੋਂ ਚਲ ਕੇ ਆਪ ਜੀ ਆਪਣਾ ਪਹਿਲਾ ਪੜਾਅ ਗੰਗਾ ਦੇ ਕੰਢੇ ਮੁੰਘੀਰ ਸ਼ਹਿਰ ਕੀਤਾ। ਮੁੰਘੀਰ ਦੀਆਂ ਸੰਗਤਾਂ ਨੇ ਆਪ ਜੀ ਦੀ ਬਹੁਤ ਸ਼ਰਧਾ ਨਾਲ ਸੇਵਾ ਕੀਤੀ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਏ। ਇਸ ਸਥਾਨ ਤੋਂ ਘੋੜ-ਸਵਾਰ ਹੋ ਕੇ ਆਪ ਜੀ ਭਾਗਲਪੁਰ, ਸਾਹਿਬ ਗੰਜ, ਰਾਜ ਮਹਿਲ ਅਤੇ ਮਾਲਦਾ ਆਦਿ ਸ਼ਹਿਰਾਂ ਨਗਰਾਂ ਦੀਆਂ ਸੰਗਤਾਂ ਨੂੰ ਖੁਸ਼ੀਆਂ ਬਖਸ਼ਦੇ ਹੋਏ ਮੁਰਸ਼ਦਾਬਾਦ ਜਾ ਬਿਰਾਜਮਾਨ ਹੋਏ। ਇਸ ਸ਼ਹਿਰ ਦੀਆਂ ਸੰਗਤਾਂ ਨੂੰ ਵੀ ਨਿਹਾਲ ਕਰਦੇ ਹੋਏ ਆਪ ਢਾਕਾ ਸ਼ਹਿਰ ਵਿਖੇ ਪਹੁੰਚ ਗਏ।

ਮਸੰਦ ਬਲਾਕੀ ਦਾਸ ਨੇ ਗੁਰੂ ਜੀ ਵਾਸਤੇ ਇਕ ਸੁੰਦਰ ਪਲੰਘ ਬਣਵਾ ਕੇ ਰੱਖਿਆ ਹੋਇਆ ਸੀ। ਬਲਾਕੀ ਦਾਸ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਉਸ ਪਲੰਘ ਉਤੇ ਹੀ ਗੁਰੂ ਜੀ ਦਾ ਆਸਣ ਕਰਵਾਇਆ। ਗੁਰੂ ਜੀ ਦੇ ਦੂਸਰੇ ਸਾਥੀਆਂ ਅਤੇ ਗੁਰਸਿੱਖਾਂ ਦੀ ਇਕ ਵੱਖਰੇ ਮਕਾਨ ਵਿਚ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ। ਬਲਾਕੀ ਦਾਸ ਦੀ ਮਾਤਾ ਨੇ ਆਪਣੇ ਹੱਥਾਂ ਨਾਲ ਕੱਤ ਕੇ ਗੁਰੂ ਜੀ ਵਾਸਤੇ

ਇਕ ਚੋਲਾ ਤਿਆਰ ਕੀਤਾ ਹੋਇਆ ਸੀ। ਗੁਰੂ ਜੀ ਉਨ੍ਹਾਂ ਦੇ ਘਰ ਠਹਿਰੇ ਤਾਂ ਮਾਈ ਜੀ ਨੇ ਉਨ੍ਹਾਂ ਨੂੰ ਇਹ ਚੋਲਾ ਅਰਪਣ ਕੀਤਾ। ਗੁਰੂ ਜੀ ਨੇ ਬੜੇ ਸਤਿਕਾਰ ਨਾਲ ਉਸ ਚੋਲੇ ਨੂੰ ਪਹਿਨਿਆ ਅਤੇ ਮਾਈ ਜੀ ਨੂੰ ਨਾਮ ਦਾਨ ਬਖਸ਼ਿਆ। ਗੁਰੂ ਜੀ ਕਾਫੀ ਦਿਨ ਭਾਈ ਬਲਾਕੀ ਦਾਸ ਦੇ ਘਰ ਠਹਿਰੇ। ਇਥੋਂ ਹੀ ਢਾਕੇ ਸ਼ਹਿਰ ਦੀ ਸੰਗਤ ਨੂੰ ਗੁਰੂ ਸਾਹਿਬ ਦੇ ਆਉਣ ਬਾਰੇ ਪਤਾ ਲੱਗਾ। ਸਾਰੀ ਸੰਗਤ ਰੋਜ਼ ਹੀ ਭਾਈ ਬਲਾਕੀ ਦਾਸ ਦੇ ਘਰ ਇੱਕਠੀ ਹੁੰਦੀ ਅਤੇ ਇਥੇ ਹੀ ਸਤਸੰਗ ਅਤੇ ਕੀਰਤਨ ਪ੍ਰਵਾਹ ਚਲਦਾ। ਸੰਗਤ ਜੋ ਵੀ ਭੇਟਾ ਲੈ ਕੇ ਹਾਜ਼ਰ ਹੁੰਦੀ ਗੁਰੂ ਜੀ ਉਸ ਨਾਲ ਅੱਠੋ ਪਹਿਰ ਲੰਗਰ ਲਾਈ ਰੱਖਦੇ। ਸੰਗਤਾਂ ਗੁਰੂ ਸਾਹਿਬ ਦੇ ਪ੍ਰਵਚਨ ਅਤੇ ਕੀਰਤਨ ਸੁਣ ਕੇ ਨਿਹਾਲ ਹੁੰਦੀਆਂ ਅਤੇ ਗੁਰੂ ਜੀ ਉਹਨਾਂ ਨੂੰ ਨਾਮ-ਦਾਨ ਦੀ ਵੀ ਬਖਸ਼ਿਸ਼ ਕਰਦੇ। ਭਾਈ ਬਲਾਕੀ ਦਾਸ ਦੀ ਵੀ ਮਹਿਮਾ ਅਤੇ ਸਤਿਕਾਰ ਇਲਾਕੇ ਵਿਚ ਬਹੁਤ ਵੱਧ ਗਿਆ।



# ਆਪਣੀ ਤਸਵੀਰ ਬਣਾਈ

ਗੁਰੂ ਜੀ ਦੀ ਮਹਿਮਾਂ ਸੁਣ ਕੇ ਸ਼ਰਧਾਲੂ ਸਿੱਖ ਭੇਟਾ ਲੈ ਕੇ ਦਰਸ਼ਨ ਕਰਨ ਵਾਸਤੇ ਆਉਣ ਲੱਗੇ। ਗੁਰੂ ਨਾਨਕ ਦੇਵ ਜੀ ਨੇ ਢਾਕਾ ਵਿਖੇ ਸਿੱਖ ਸੰਗਤ ਆਪਣੀ ਪਹਿਲੀ ਉਦਾਸੀ ਸਮੇਂ ਹੀ ਕਾਇਮ ਕਰ ਦਿੱਤੀ ਸੀ। ਜਿਥੇ ਨਾਨਕ ਦੇਵ ਜੀ ਠਹਿਰੇ ਸਨ ਉਹ ਸਥਾਨ ਧੰਨ ਮੰਡੀ ਰੇਅਰ ਬਜ਼ਾਰ ਵਿਚ ਹੈ। ਗੁਰੂ ਅਮਰ ਦਾਸ ਜੀ ਨੇ ਵੀ ਜਦ ਪ੍ਰਚਾਰ ਲਈ 22 ਮੰਜੀਆਂ ਕਾਇਮ ਕੀਤੀਆਂ ਸਨ ਤਾਂ ਇਥੇ ਵੀ ਇਕ ਮੰਜੀ ਕਾਇਮ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵੀ ਭਾਈ ਅਲਮਸਤ ਨੂੰ ਢਾਕਾ ਵਿਖੇ ਭੇਜਿਆ ਗਿਆ ਸੀ ਅਤੇ ਉਹ ਪ੍ਰਚਾਰ ਕੇਂਦਰ ਸਥਾਪਤ ਕਰਕੇ ਭਾਈ ਨੱਥਾ ਜੀ ਨੂੰ ਪ੍ਰਚਾਰਕ ਬਣਾ ਗਏ ਸਨ। ਜਦ ਗੁਰੂ ਜੀ ਢਾਕਾ ਪਹੁੰਚੇ ਤਾਂ ਭਾਈ ਨੱਥਾ ਜੀ ਹੀ ਉਥੇ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਕੁਝ ਸੰਗਤਾਂ ਨੇ ਭਾਈ ਨੱਥਾ ਜੀ ਬਾਰੇ ਸ਼ਿਕਾਇਤਾਂ ਕੀਤੀਆਂ। ਉਹ ਕਹਿੰਦੇ ਸਨ ਕਿ ਭਾਈ ਨੱਥਾ ਜੀ ਬੜਾ ਖਰਵਾ ਬੋਲਦੇ ਹਨ ਅਤੇ ਕਈ ਵਾਰ ਗਾਲ੍ਹਾਂ ਵੀ ਕੱਢ ਦਿੰਦੇ ਹਨ। ਗੁਰੂ ਜੀ ਨੇ ਸੰਗਤ ਨੂੰ ਸਮਝਾਇਆ ਕਿ ਭਾਈ ਨੱਥਾ ਜੀ ਦਾ ਦਿਲ ਸਾਫ਼ ਹੈ। ਉਨ੍ਹਾਂ ਦੀਆਂ ਗਾਲ੍ਹਾਂ ਵੀ ਸੁਧਾਰ ਵਾਸਤੇ ਹੀ ਹੁੰਦੀਆਂ ਹਨ। ਇਸ ਲਈ ਸੰਗਤ ਨੂੰ ਗੁੱਸਾ ਨਹੀਂ ਕਰਨਾ ਚਾਹੀਦਾ।

ਗੁਰੂ ਜੀ ਕਾਫ਼ੀ ਸਮਾਂ ਢਾਕਾ ਵਿਚ ਰਹੇ। ਢਾਕੇ ਦੀਆਂ ਸੰਗਤਾਂ ਦੇ ਪਿਆਰ 'ਤੇ ਖੁਸ਼ ਹੋ ਕੇ ਆਪ ਨੇ ਕਿਹਾ, "ਮਮ ਸਿੱਖੀ ਦਾ ਕੋਠਾ ਢਾਕਾ" ਭਾਵ ਢਾਕਾ ਗੁਰੂ ਦੀ ਸਿੱਖੀ ਦਾ ਘਰ ਹੈ।

ਢਾਕਾ ਪਹੁੰਚਣ ਤੋਂ ਲਗ ਪਗ ਦੋ ਮਹੀਨੇ ਪਿਛੋਂ ਪੋਹ ਸੁਦੀ ਸਤਵੀਂ ਸੰਮਤ 1723 ਬਿਕਰਮੀ ਅਤੇ 22 ਦਸੰਬਰ ਸੰਨ 1666 ਈਸਵੀਂ ਨੂੰ ਗੁਰੂ ਸਾਹਿਬ ਜੀ ਦੇ ਘਰ ਸਾਹਿਬਜ਼ਾਦੇ ਨੇ ਜਨਮ ਲਿਆ। ਸਾਹਿਬਜ਼ਾਦੇ ਦੇ ਅਵਤਾਰ ਧਾਰਨ ਦੀ ਖੁਸ਼ਖ਼ਬਰੀ ਗੁਰੂ ਜੀ ਨੂੰ ਢਾਕੇ ਵਿਖੇ ਹੀ ਪ੍ਰਾਪਤ ਹੋਈ। ਮਾਤਾ ਨਾਨਕੀ ਜੀ ਨੇ ਦੋ ਸਿੱਖਾਂ ਨੂੰ ਢਾਕੇ ਵਿਖੇ ਭੇਜਿਆ ਸੀ। ਗੁਰੂ ਜੀ ਨੇ ਇਹ ਖ਼ੁਸ਼ੀਆਂ ਭਰੀ ਖ਼ਬਰ ਸਾਰੀ ਸੰਗਤ ਨੂੰ ਸੁਣਾਈ। ਢਾਕੇ ਦੀ ਸਾਰੀ ਸਿੱਖ ਸੰਗਤ ਨੇ ਬਹੁਤ ਖੁਸ਼ੀਆਂ ਮਨਾਈਆਂ ਅਤੇ ਦੀਪਮਾਲਾ ਕੀਤੀ। ਦੀਵਾਨ ਸਜਾਏ ਗਏ ਅਤੇ ਕੀਰਤਨ ਦਰਬਾਰ ਲਾਏ ਗਏ। ਗੁਰੂ ਸਾਹਿਬ ਨੇ ਗ਼ਰੀਬਾਂ ਨੂੰ ਭੋਜਨ ਅਤੇ ਕੱਪੜੇ ਦਾਨ ਕੀਤੇ।

ਜਿਹੜੇ ਦੋ ਸਿੱਖ ਚਿੱਠੀ ਲੈ ਕੇ ਆਏ ਸਨ ਉਨ੍ਹਾਂ ਦੱਸਿਆ ਕਿ ਪਟਨੇ ਵਿਖੇ ਸੰਗਤਾਂ ਨੇ ਬਹੁਤ ਖਰਚਾ ਕਰਕੇ ਦੀਪਮਾਲਾਵਾਂ ਅਤੇ ਲੰਗਰ ਲਾਏ ਸਨ ਅਤੇ ਸਾਰਾ ਪਟਨਾ ਹੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਵਾਸਤੇ ਉਤਾਵਲਾ ਸੀ।

ਜਦ ਉਹ ਦੋ ਸਿੱਖ ਵਾਪਸ ਜਾਣ ਲੱਗੇ ਤਾਂ ਗੁਰੂ ਜੀ ਨੇ ਮਾਤਾ ਨਾਨਕੀ ਜੀ ਦੇ ਨਾਂ ਇਕ ਚਿੱਠੀ ਭੇਜੀ ਜਿਸ ਵਿਚ ਇਹ ਲਿਖਿਆ ਸੀ ਕਿ ਜਿਸ ਵੀ ਗੁਰੂ ਘਰ ਦੇ ਸ਼ਰਧਾਲੂ ਸਿੱਖ ਨੇ ਇਹ ਜੋ ਖਰਚ ਕੀਤਾ ਹੈ, ਉਹ ਗੁਰੂ ਘਰ ਦੀ ਦਰਗਾਹ ਵਿਚ ਪ੍ਰਵਾਨ ਹੋਵੇਗਾ, ਉਸ ਨੂੰ ਗੁਰੂ ਦੀਆਂ ਅਪਾਰ ਖੁਸ਼ੀਆਂ

ਪ੍ਰਾਪਤ ਹੋਣਗੀਆਂ। ਉਨ੍ਹਾਂ ਨੇ ਪਟਨੇ ਦੀ ਸੰਗਤ ਦੀ ਬੜੀ ਪ੍ਰਸੰਸਾ ਕੀਤੀ ਕਿ ਉਨ੍ਹਾਂ ਨੇ ਗੁਰੂ ਪਰਵਾਰ ਦੀ ਸੇਵਾ ਸੰਭਾਲ ਦਾ ਬੜਾ ਚੰਗਾ ਇੰਤਜ਼ਾਮ ਕੀਤਾ ਹੈ। ਉਨ੍ਹਾਂ ਇਹ ਵੀ ਲਿਖਿਆ ਕਿ ਸਾਹਿਬਜ਼ਾਦੇ ਦੇ ਪਾਲਣ ਪੋਸ਼ਣ ਦਾ ਵਿਸ਼ੇਸ਼ ਧਿਆਨ ਰੱਖਣ ਅਤੇ ਸਾਹਿਬਜ਼ਾਦੇ ਦਾ ਨਾਂ 'ਗੋਬਿੰਦ ਰਾਇ' ਰੱਖਣ।

ਇਕ ਵਾਰ ਬਲਾਕੀ ਦਾਸ ਮਸੰਦ ਦੇ ਮਾਤਾ ਜੀ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਨ੍ਹਾਂ ਨੇ ਗੁਰੂ ਸਾਹਿਬ ਦੀ ਇਕ ਤਸਵੀਰ ਕਲਾਕਾਰ ਤੋਂ ਬਣਵਾ ਕੇ ਆਪਣੇ ਪਾਸ ਰੱਖਣੀ ਹੈ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਗੁਰਮੰਤਰ ਦਾ ਜਾਪ ਕਰਨ ਨਾਲ ਹੀ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਪਰ ਮਾਤਾ ਜੀ ਆਪਣੀ ਜ਼ਿੱਦ 'ਤੇ ਅੜੇ ਰਹੇ। ਬਲਾਕੀ ਦਾਸ ਬੜੇ ਰਸੂਖ ਵਾਲਾ ਬੰਦਾ ਸੀ ਉਸ ਨੇ ਇਕ ਚੰਗੇ ਕਲਾਕਾਰ ਨੂੰ ਤਸਵੀਰ ਬਣਾਉਣ ਵਾਸਤੇ ਸੱਦਿਆ। ਕਲਾਕਾਰ ਆ ਕੇ ਤਸਵੀਰ ਬਣਾਉਣ ਲੱਗ



ਗਿਆ। ਉਹ ਤਸਵੀਰ ਬਣਾਉਂਦਾ ਗਿਆ। ਗੁਰੂ ਜੀ ਦੇ ਸਰੀਰ ਦੇ ਸਾਰੇ ਅੰਗ ਉਸ ਠੀਕ ਠਾਕ ਬਣਾ ਲਏ, ਪਰ ਜਦ ਗੁਰੂ ਜੀ ਦੇ ਚਿਹਰੇ ਵੱਲ ਵੇਖੇ ਤਾਂ ਉਸਦਾ ਬੁਰਸ਼ ਹੀ ਨਾ ਚੱਲੇ। ਉਹ ਗੁਰੂ ਸਾਹਿਬ ਦੇ ਚਿਹਰੇ ਦੇ ਜਲਾਲ ਦੀ ਤਾਬ ਹੀ ਨਾ ਝੱਲ ਸਕੇ। ਉਸ ਬਹੁਤ ਯਤਨ ਕੀਤੇ ਪਰ ਬੁਰਸ਼ ਉਸਦਾ ਸਾਥ ਨਾ ਦੇਵੇ। ਆਖਰ ਗੁਰੂ ਸਾਹਿਬ ਨੇ ਉਸਦੇ ਹੱਥੋਂ ਬੁਰਸ਼ ਫੜ੍ਹ ਲਿਆ ਅਤੇ ਆਪਣਾ ਚਿਹਰਾ ਆਪ ਬਣਾਇਆ। ਫਿਰ ਉਹ ਤਸਵੀਰ ਗੁਰੂ ਜੀ ਨੇ ਆਪਣੇ ਹੱਥੀਂ ਮਾਈ ਜੀ ਨੂੰ ਦੇ ਦਿੱਤੀ। ਮਾਤਾ ਜੀ ਉਹ ਤਸਵੀਰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਈ।

ਇਹ ਤਸਵੀਰ ਬਾਰੇ ਦੱਸਿਆ ਜਾਂਦਾ ਹੈ ਕਿ ਜਿਥੇ ਜਿਥੇ ਗੁਰੂ ਸਾਹਿਬ ਦੇ ਬੁਰਸ਼ ਲੱਗੇ ਓਨੀ ਤਸਵੀਰ ਹਾਲੇ ਵੀ ਉਸੇ ਤਰ੍ਹਾਂ ਚਮਕਦੀ ਹੈ ਪਰ ਬਾਕੀ ਦਾ ਭਾਗ ਬਹੁਤ ਫਿਕਾ ਪੈ ਗਿਆ ਹੈ।

ਢਾਕਾ ਵਿਖੇ ਹੀ ਇਕ ਵੱਡਾ ਸੇਠ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਭੇਟਾ ਰੱਖ ਕੇ ਮੱਥਾ ਟੇਕਿਆ ਅਤੇ ਬੜਾ ਚਿੰਤਾਤਰ ਹੋ ਕੇ ਗੁਰੂ ਜੀ ਪਾਸ ਬੈਠ ਗਿਆ। ਗੁਰੂ ਜੀ ਨੇ ਕਿਹਾ, "ਭਾਈ ਸਿੱਖਾ ! ਤੈਨੂੰ ਕੀ ਚਿੰਤਾ ਲੱਗੀ ਹੋਈ ਹੈ ? ਸਾਡੇ ਕੋਲ ਆ ਕੇ ਵੀ ਤੇਰਾ ਚਿਹਰਾ ਮੁਰਝਾਇਆ ਹੋਇਆ ਹੈ।" ਸੇਠ ਕਹਿਣ ਲੱਗਾ, "ਮਹਾਰਾਜ ! ਮੇਰੇ ਪਾਸ ਸਭ ਕੁਝ ਹੈ, ਪਰ ਮੈਨੂੰ ਹਰ ਸਮੇਂ ਇਹੋ ਚਿੰਤਾ ਖਾਈ ਜਾਂਦੀ ਹੈ ਕਿ ਇਹ ਸਭ ਕੁਝ ਮੈਥੋਂ ਖੁੱਸ ਨਾ ਜਾਵੇ। ਮੈਂ ਇਹ ਹੀ ਸੋਚਦਾ ਰਹਿੰਦਾ ਹਾਂ ਕਿ ਜੇ ਮੇਰੇ ਪਾਸ ਇਹ ਧਨ ਨਾ ਰਿਹਾ ਤਾਂ ਫਿਰ ਮੈਂ ਕੀ ਕਰਾਂਗਾ।" ਗੁਰੂ ਜੀ ਨੇ ਬਚਨ ਕੀਤਾ, "ਸੇਠ ਜੀ ਦਿਲੋਂ ਤੁਸੀਂ ਸੁੱਖ ਦੀ ਪ੍ਰਾਪਤੀ ਲੋਚਦੇ ਹੋ, ਪਰ ਇਹ ਸਾਰਾ ਸੁੱਖ, ਆਨੰਦ ਤੁਸੀਂ ਸੰਸਾਰਿਕ ਪਦਾਰਥਾਂ ਨੂੰ ਬਣਾ ਬੈਠੇ ਹੋ। ਤੁਸੀਂ ਹਰ ਵੇਲੇ ਇਸ ਚਿੰਤਾ ਵਿਚ ਡੁੱਬੇ ਰਹਿੰਦੇ ਹੋ ਕਿ ਇਹ ਸੰਸਾਰਿਕ ਪਦਾਰਥ ਤੁਹਾਡੇ ਪਾਸ ਰਹਿਣੇ ਨਹੀਂ। ਪਰ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਰੇ ਦੁਨਿਆਵੀ ਪਦਾਰਥ ਕੂੜ ਹਨ, ਝੂਠੇ ਹਨ, ਇਹ ਇਕ ਦਿਨ ਖ਼ਤਮ ਹੋ ਜਾਣੇ ਹਨ। ਇਸ ਲਈ ਇਨ੍ਹਾਂ ਪਦਾਰਥਾਂ ਦਾ ਧਿਆਨ ਛੱਡ ਕੇ ਪ੍ਰਭੂ ਨਾਲ ਚਿੱਤ ਜੋੜੋ, ਤੁਹਾਡੀਆਂ ਸਾਰੀਆਂ ਚਿੰਤਾਵਾਂ ਖ਼ਤਮ ਹੋ ਜਾਣਗੀਆਂ।" ਗੁਰੂ ਜੀ ਨੇ ਉਸ ਨੂੰ ਇਕ ਸ਼ਬਦ ਵੀ ਸੁਣਾਇਆ ਜਿਸ ਨੂੰ ਸੁਣ ਕੇ ਉਸ ਦੀ ਤਸੱਲੀ ਹੋ ਗਈ।

ਫਿਰ ਢਾਕੇ ਤੋਂ ਵਿਦਾਇਗੀ ਲੈ ਕੇ ਗੁਰੂ ਜੀ ਮਦਰਪੁਰ ਆਪਣੇ ਇਕ ਪ੍ਰੇਮੀ ਨੱਥੇ ਸ਼ਾਹ ਨੂੰ ਮਿਲੇ। ਨੱਥੇ ਸ਼ਾਹ ਨੇ ਇਕ ਖੁਲ੍ਹੇ ਥਾਂ ਤੇ ਗੁਰੂ ਜੀ ਦਾ ਡੇਰਾ ਲਵਾ ਦਿੱਤਾ। ਗੁਰੂ ਜੀ ਨੇ ਏਥੇ ਮਦਰਪੁਰ ਦੀਆਂ ਸੰਗਤਾਂ ਦਾ ਵੀ ਕਲਿਆਨ ਕੀਤਾ। ਆਪ ਜੀ ਜਿਥੇ ਵੀ ਜਾਂਦੇ ਸਨ ਉਥੋਂ ਹੀ ਕੋਈ ਨਾ ਕੋਈ ਪੱਤਰ ਪਟਨਾ ਵਿਖੇ ਵੀ ਭੇਜਦੇ ਰਹਿੰਦੇ ਸਨ ਅਤੇ ਬਾਲਾ ਪ੍ਰੀਤਮ ਗੋਬਿੰਦ ਰਾਇ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦੇ ਰਹਿੰਦੇ ਸਨ। ਉਹਨਾਂ ਨੂੰ ਇਹ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ ਕਿ ਬਾਲਕ ਗੋਬਿੰਦ ਰਾਇ ਨੂੰ ਸਾਰੇ ਪਟਨੇ ਦੇ ਲੋਕ ਬਹੁਤ ਪਿਆਰ ਕਰਦੇ ਸਨ ਅਤੇ ਉਹਨਾਂ ਦੇ ਦਰਸ਼ਨਾਂ ਵਾਸਤੇ ਲੋਕ ਰੋਜ਼ ਹੀ ਆਉਂਦੇ-ਜਾਂਦੇ ਰਹਿੰਦੇ ਸਨ। ਇਥੇ ਹੀ ਉਹਨਾਂ ਨੂੰ ਇਹ ਪਤਾ ਲੱਗਾ ਕਿ ਇਕ ਸੂਫੀ ਫਕੀਰ ਬੜੀ ਦੂਰ ਤੋਂ ਬਾਲਾ ਪ੍ਰੀਤਮ ਨੂੰ ਵੇਖਣ ਵਾਸਤੇ ਆਇਆ ਸੀ ਅਤੇ ਉਹ ਇਹ ਭਵਿੱਖਬਾਣੀ ਕਰ ਗਿਆ ਸੀ ਕਿ ਗੋਬਿੰਦ ਰਾਏ ਇਕ ਰੱਬੀ ਅਵਤਾਰ ਸਨ।

# ਧੋਬਣ ਜਾਦੂਗਰਨੀ

ਉਨ੍ਹਾਂ ਦਿਨਾਂ ਵਿਚ ਕਾਮਰੂਪ ਦਾ ਰਾਜਾ ਚਕਰਧਵਜ ਕਈ ਸਾਲਾਂ ਤੋਂ ਦਿੱਲੀ ਸਰਕਾਰ ਦੀ ਈਨ ਨੂੰ ਨਹੀਂ ਸੀ ਮੰਨ ਰਿਹਾ। ਉਸ ਰਾਜੇ ਨੂੰ ਆਪਣੇ ਅਧੀਨ ਕਰਨ ਹਿਤ ਔਰੰਗਜ਼ੇਬ ਨੇ ਮਿਰਜ਼ਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਨੂੰ ਕਾਮਰੂਪ ਉਤੇ ਹਮਲਾ ਕਰਨ ਦਾ ਆਦੇਸ਼ ਦਿੱਤਾ। ਰਾਜਾ ਰਾਮ ਸਿੰਘ ਛੇ ਹਜ਼ਾਰ ਫ਼ੌਜ ਲੈ ਕੇ ਆਸਾਮ ਵੱਲ ਚਲ ਪਿਆ।

ਕਾਮਰੂਪ ਦਾ ਦੇਸ਼ ਜਾਦੂਗਰਨੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ। ਜਾਦੂਗਰਨੀਆਂ ਤੋਂ ਆਪਣੇ ਬਚਾਅ ਲਈ ਰਾਜਾ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਮਦਦ ਲੈਣੀ ਚਾਹੀ। ਇਸ ਕਰਕੇ ਉਹ ਪਹਿਲਾਂ ਪਟਨੇ ਗਿਆ। ਉਥੇ ਉਹ ਮਾਤਾ ਨਾਨਕੀ ਜੀ ਨੂੰ ਮਿਲਿਆ ਜਿਨ੍ਹਾਂ ਪਾਸੋਂ ਉਸਨੂੰ ਗੁਰੂ ਜੀ ਦੇ ਟਿਕਾਣੇ ਦਾ ਪਤਾ ਲੱਗਾ। ਪਟਨੇ ਤੋਂ ਉਹ ਫ਼ੌਜ ਲੈ ਕੇ ਕਾਮਰੂਪ ਵੱਲ ਚਲ ਪਿਆ। ਗੁਰੂ ਜੀ ਪਾਸ ਬੇਨਤੀ ਕਰਨ ਲਈ ਉਸ ਦੋ ਪ੍ਰਮੁਖ ਅਹਿਲਕਾਰ ਢਾਕੇ ਦੇ ਗਵਰਨਰ ਸ਼ਾਇਸਤਾ ਖ਼ਾਂ ਪਾਸ ਭੇਜੇ ਅਤੇ ਉਸ ਪਾਸੋਂ ਕੁਝ ਫ਼ੌਜੀ ਸਹਾਇਤਾ ਵੀ ਮੰਗੀ। ਇਸਦੇ ਨਾਲ ਹੀ ਉਸਨੇ ਗੁਰੂ ਜੀ ਨੂੰ ਲਿਖ ਕੇ ਬੇਨਤੀ ਕੀਤੀ ਕਿ ਕਾਮਰੂਪ ਵਿਖੇ ਪਹੁੰਚ ਕੇ ਉਸ ਦੀ ਸਹਾਇਤਾ ਕਰਨ।

ਰਾਜੇ ਦੀ ਬੇਨਤੀ ਪ੍ਰਵਾਨ ਕਰਕੇ ਗੁਰੂ ਜੀ ਰਾਜੇ ਦੇ ਅਹਿਲਕਾਰਾਂ ਨਾਲ ਰਾਜਾ ਰਾਮ ਸਿੰਘ ਨੂੰ ਜਾ ਮਿਲੇ। ਗੁਰੂ ਜੀ ਨੇ ਆਪਣਾ ਡੇਰਾ ਬ੍ਰਹਮਪੁਤਰ ਨਦੀ ਦੇ ਕੰਢੇ ਉਸ ਅਸਥਾਨ 'ਤੇ ਜਾ ਕੀਤਾ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਯਾਤਰਾ ਸਮੇਂ ਇਥੇ ਪੁਜ ਕੇ ਕਾਮਰੂਪ ਦੀਆਂ ਜਾਦੂਗਰਨੀਆਂ ਨੂੰ ਸਿੱਧੇ ਰਾਹ ਪਾਇਆ ਸੀ। ਇਹ ਅਸਥਾਨ ਧੂਬੜੀ ਨਾਮ ਨਾਲ ਪ੍ਰਸਿੱਧ ਹੋਇਆ। ਬਾਅਦ ਵਿਚ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਹੋਣ ਕਰਕੇ ਬਹੁਤ ਸਾਰੇ ਸਿੱਖਾਂ ਨੇ ਇਥੇ ਨਿਵਾਸ ਕਰ ਲਿਆ। ਆਸਾਮ ਦੇ ਰਾਜੇ ਨੂੰ ਜਦ ਪਤਾ ਲੱਗਾ ਕਿ ਦਿੱਲੀ ਤੋਂ ਸ਼ਾਹੀ ਫ਼ੌਜ ਉਸਦੇ ਦੇਸ਼ ਉਤੇ ਚੜ੍ਹਾਈ ਕਰਕੇ ਬ੍ਰਹਮਪੁਤਰ ਦਰਿਆ ਤੋਂ ਪਾਰ ਆ ਉਤਰੀ ਹੈ ਤਾਂ ਉਸ ਆਪਣੀ ਇਕ ਧੋਬਣ ਨਾਮੀ ਜਾਦੂਗਰਨੀ ਮੰਗਵਾਈ। ਇਸ ਜਾਦੂਗਰਨੀ ਦਾ ਪ੍ਰਚਲਤ ਨਾਂ ਨੇਤਾ ਕਿਹਾ ਜਾਂਦਾ ਹੈ। ਇਹ ਗੋਆਲਪਾਰਾ ਦੀ ਰਹਿਣ ਵਾਲੀ ਸੀ। ਇਹ ਜਾਦੂ ਮੰਤਰਾਂ ਵਿਚ ਬਹੁਤ ਨਿਪੁੰਨ ਸੀ। ਜਦੋਂ ਉਸ ਨੂੰ ਰਾਜੇ ਨੇ ਬੁਲਾਇਆ ਤਾਂ ਇਸ ਨੇ ਆਪਣੇ ਜਾਦੂ ਦੀ ਸ਼ਕਤੀ ਨਾਲ ਸ਼ਾਹੀ ਫ਼ੌਜਾਂ ਮਾਰ ਭਜਾਉਣ ਦਾ ਪ੍ਰਣ ਲਿਆ। ਪਹਿਲਾਂ ਇਸ ਨੇ ਸ਼ਾਹੀ ਫ਼ੌਜ ਨੂੰ ਨੁਕਸਾਨ ਪਹੁੰਚਾਣ ਲਈ ਬ੍ਰਹਮਪੁਤਰ ਨਦੀ ਵਿਚ ਹੜ੍ਹ ਲੈ ਆਂਦਾ। ਪਰ ਗੁਰੂ ਸਾਹਿਬ ਨੇ ਰਾਜਾ ਰਾਮ ਸਿੰਘ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਧੋਬਣ ਜਾਦੂਗਰਨੀ ਦਰਿਆ ਦੇ ਪਾਣੀ ਦਾ ਵਹਿਣ ਬਦਲ ਕੇ ਫ਼ੌਜ ਨੂੰ ਡੋਬ ਦੇਵੇਗੀ। ਇਸ ਲਈ ਫ਼ੌਜ ਨੂੰ ਪਿਛੇ ਹਟਾ ਲੈਣਾ ਚਾਹੀਦਾ ਹੈ। ਸਾਰੀ ਫ਼ੌਜ ਬਹੁਤ ਪਿਛੇ ਹਟ ਗਈ ਅਤੇ ਉਚੇ ਅਸਥਾਨਾਂ ਤੇ ਜਾ ਡੇਰਾ ਲਾਇਆ। ਪਰ ਮੁਗਲ ਫ਼ੌਜੀਆਂ ਨੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ ਅਤੇ ਰਾਤ ਨੂੰ ਸਾਰੇ ਹੀ ਆਪਣੇ ਮਾਲ ਸਾਮਾਨ ਸਮੇਤ ਦਰਿਆ ਵਿਚ ਰੁੜ੍ਹ ਗਏ।

ਧੂਬੜੀ ਵਿਖੇ ਇਹ ਰਵਾਇਤ ਪ੍ਰਚੱਲਿਤ ਹੈ ਕਿ ਧੋਬਣ ਜਾਦੂਗਰਨੀ ਨੇ ਤਿੰਨ ਹਮਲੇ ਕੀਤੇ। ਦੂਜਾ ਹਮਲਾ ਉਸਨੇ ਇਕ ਪੱਥਰ ਦੀ ਸਿੱਲ ਜਾਦੂ ਦੀ ਸ਼ਕਤੀ ਨਾਲ ਉਡਾ ਕੇ ਗੁਰੂ ਸਾਹਿਬ ਵੱਲ ਮਾਰੀ। ਪਰ ਗੁਰੂ ਸਾਹਿਬ ਦੇ ਇਸ਼ਾਰੇ ਨਾਲ ਇਹ ਸਿੱਲ ਰਸਤੇ ਵਿਚ ਹੀ ਡਿੱਗ ਪਈ ਅਤੇ ਲਗ ਪਗ 100 ਕਿਲੋਮੀਟਰ ਦੂਰ ਹੀ ਧਰਤੀ ਵਿਚ ਬਹੁਤ ਡੂੰਘੀ ਅਤੇ ਟੇਢੀ ਗੱਡੀ ਗਈ। ਇਹ ਸਿੱਲ ਅੱਜ–ਕੱਲ ਵੀ ਧੂਬੜੀ ਵਿਚ ਸਟੇਟ ਬੈਂਕ ਆਫ ਇੰਡੀਆ ਦੀ ਬਿਲਡਿੰਗ ਦੇ ਕੋਨੇ ਵਿਚ ਸਥਿਤ ਹੈ। ਜ਼ਮੀਨ ਤੋਂ ਉਪਰ ਇਸ ਪੱਥਰ ਦੀ ਉਚਾਈ ਸਾਢੇ 10 ਫੁੱਟ ਹੈ।

ਤੀਜੀ ਵਾਰ ਧੋਬਣ ਜਾਦੂਗਰਨੀ ਨੇ ਇਕ ਵੱਡੇ ਭਾਰੀ ਪਿੱਪਲ ਦੇ ਰੁੱਖ ਨੂੰ ਜੜ੍ਹਾਂ ਸਮੇਤ ਪੁੱਟ ਕੇ ਗੁਰੂ ਜੀ ਵੱਲ ਸੁਟਿਆ। ਇਹ ਪਿੱਪਲ ਵੀ ਗੁਰੂ ਜੀ ਦੇ ਨੇੜੇ ਡਿੱਗ ਪਿਆ ਅਤੇ ਕੋਈ ਹਾਨੀ ਨਾ ਹੋਈ। ਪਿੱਪਲ ਵੀ ਜ਼ਮੀਨ ਵਿਚ ਗੱਡਿਆ ਗਿਆ ਅਤੇ ਦੁਬਾਰਾ ਹਰਾ ਭਰਾ ਹੋ ਗਿਆ। ਇਹ ਪਿੱਪਲ ਅੱਜ–ਕੱਲ ਵੀ ਉਥੇ ਕਾਇਮ ਹੈ।

ਇਹ ਸਾਰੇ ਯਤਨ ਕਰਕੇ ਜਦ ਆਸਾਮ ਦੇ ਰਾਜੇ ਚਕਰਧਵਜ ਨੇ ਇਹ ਵੇਖਿਆ ਕਿ ਧੋਬਣ ਜਾਦੂਗਰਨੀ ਗੁਰੂ ਜੀ ਅਤੇ ਫ਼ੌਜ ਦਾ ਕੁਝ ਵੀ ਵਿਗਾੜ ਨਹੀਂ ਸਕੀ ਤਾਂ ਉਸ ਧੋਬਣ ਜਾਦੂਗਰਨੀ ਨੂੰ ਗੁਰੂ ਜੀ ਦੇ ਪਾਸ ਭੇਜਿਆ ਤੇ ਉਹ ਗੁਰੂ ਜੀ ਦੇ ਚਰਨੀਂ ਆ ਲੱਗੀ। ਉਸ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਦੋਹਾਂ ਰਾਜਿਆਂ ਨੂੰ ਆਪਸ ਵਿਚ ਸੁਲਾਹ ਕਰ ਲੈਣੀ ਚਾਹੀਦੀ ਹੈ। ਜਦ ਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ ਤਾਂ ਚਕਰਧਵਜ ਰਾਜਾ ਆਪ ਗੁਰੂ ਜੀ ਪਾਸ ਆਇਆ ਅਤੇ ਬੇਨਤੀ ਪ੍ਰਵਾਨ ਕਰਨ ਦਾ ਗੁਰੂ ਜੀ ਦਾ ਧੰਨਵਾਦ ਕੀਤਾ। ਗੁਰੂ ਜੀ ਨੇ ਰਾਜਾ ਰਾਮ ਸਿੰਘ ਨੂੰ ਵੀ ਸੁਲਾਹ ਲਈ ਰਾਜ਼ੀ ਕਰ ਲਿਆ ਅਤੇ ਫਿਰ ਦੋਹਾਂ ਰਾਜਿਆਂ ਨੂੰ ਬੁਲਾ ਕੇ ਇਲਾਕਿਆਂ ਦੀ ਹੱਦ–ਬੰਦੀ ਕਰ ਦਿੱਤੀ। ਗੁਰੂ ਜੀ ਨੇ ਇਕ ਖੰਜਰ ਧਰਤੀ ਵਿਚ ਗੱਡ ਕੇ ਉਸ ਤੋਂ ਗੋਹਾਟੀ ਵਾਲਾ ਪਾਸਾ ਆਸਾਮ ਦੇ ਰਾਜੇ ਨੂੰ ਅਤੇ ਦੂਸਰਾ ਪਾਸਾ ਦਿੱਲੀ ਸਰਕਾਰ ਪਾਸ ਰਹਿਣ ਦਿੱਤਾ। ਇਸ ਖੰਜਰ ਵਾਲੇ ਸਥਾਨ 'ਤੇ ਅੱਜ–ਕੱਲ ਪਿੰਡ ਖੰਜਰਪੁਰ ਵਸਦਾ ਹੈ। ਇਸ ਪਿੰਡ ਵਿਚ ਬਹੁਤ ਸਾਰੇ ਸਿੱਖਾਂ ਨੇ ਆਪਣਾ ਨਿਵਾਸ ਕਰ ਲਿਆ।

ਦੋਹਾਂ ਰਾਜਿਆਂ ਨੇ ਇਸ ਸੁਲਾਹ ਦੀ ਖੁਸ਼ੀ ਵਿਚ ਇਕ ਬੜਾ ਵੱਡਾ ਜਸ਼ਨ ਮਨਾਇਆ ਅਤੇ ਗੁਰੂ ਜੀ ਨੂੰ ਕੀਮਤੀ ਭੇਟਾਂ ਅਰਪਨ ਕੀਤੀਆਂ।

ਜਿਸ ਧੂਬੜੀ ਦੇ ਅਸਥਾਨ ਉਤੇ ਗੁਰੂ ਜੀ ਨੇ ਡੇਰਾ ਕੀਤਾ ਸੀ ਉਥੇ ਰਾਜਾ ਰਾਮ ਸਿੰਘ ਦੇ ਸਿਪਾਹੀਆਂ ਨੇ ਲਾਲ ਮਿੱਟੀ ਲਿਆ ਕੇ ਇਕ ਉੱਚਾ ਥੜ੍ਹਾ ਬਣਾ ਦਿੱਤਾ। ਇਸ ਥੜ੍ਹੇ ਦਾ ਨਾਂ ਦਮਦਮਾ ਸਾਹਿਬ ਰੱਖਿਆ ਅਤੇ ਬਾਅਦ ਵਿਚ ਸਿੱਖ ਸ਼ਰਧਾਲੂਆਂ ਨੇ ਇਥੇ ਇਕ ਸੁੰਦਰ ਗੁਰਦੁਆਰਾ ਬਣਾ ਦਿੱਤਾ। ਇਥੋਂ ਦੇ ਰਹਿਣ ਵਾਲੇ ਸਿੱਖਾਂ ਨੂੰ ਦਮਦਮੀਏ ਸਿੱਖ ਕਿਹਾ ਜਾਂਦਾ ਹੈ।

ਆਸਾਮ ਦੇਸ਼ ਵਿਚ ਦੂਰ ਦੂਰ ਤੱਕ ਗੁਰੂ ਜੀ ਦੀ ਮਹਿਮਾਂ ਫੈਲ ਗਈ। ਬਹੁਤ ਸੰਗਤ ਇਕੱਠੀ ਹੋਣੀ

ਸ਼ੁਰੂ ਹੋ ਗਈ। ਗੁਰੂ ਜੀ ਦੀ ਮਹਿਮਾਂ ਸੁਣ ਕੇ ਰਿਆਸਤ ਗੌਰੀਪੁਰ ਦਾ ਰਾਜਾ ਰਾਮ ਰਾਇ ਆਪਣੀਆਂ ਦੋ ਰਾਣੀਆਂ ਸਹਿਤ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਉਸ ਬੇਨਤੀ ਕੀਤੀ ਕਿ ਉਸ ਨੂੰ ਪੁੱਤਰ ਦੀ ਦਾਤ ਬਖਸ਼ੀ ਜਾਏ। ਉਨ੍ਹਾਂ ਦੀ ਸ਼ਰਧਾ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਤੁਹਾਡੇ ਘਰ ਇਕ ਪ੍ਰਤਾਪੀ ਪੁੱਤਰ ਹੋਵੇਗਾ, ਤੁਸੀਂ ਉਸ ਨੂੰ ਗੁਰੂ ਘਰ ਦੀ ਸਿੱਖਿਆ ਦੇਣੀ। ਰਾਜਾ ਅਤੇ ਰਾਣੀਆਂ ਗੁਰੂ ਸਾਹਿਬ ਦਾ ਆਸ਼ੀਰਵਾਦ ਲੈ ਕੇ ਬਹੁਤ ਪ੍ਰਸੰਨ ਹੋਏ ਉਹਨਾਂ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਉਹ ਕੁਝ ਦਿਨ ਉਹਨਾਂ ਦੇ ਪਾਸ ਠਹਿਰਨ। ਗੁਰੂ ਜੀ ਨੇ ਉਹਨਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਕਈ ਦਿਨ ਰਾਜਾ ਰਾਮਰਾਇ ਪਾਸ ਠਹਿਰੇ। ਧੂਬੜੀ ਤੋਂ ਗੁਰੂ ਸਾਹਿਬ ਕਲਕੱਤਾ ਅਤੇ ਜਗਨ ਨਾਥ ਪੁਰੀ ਵੀ ਗਏ।



# ਆਨੰਦਪੁਰ ਪ੍ਰਵੇਸ਼

ਜਗਨ ਨਾਥ ਪੁਰੀ ਵਿਖੇ ਕੁਝ ਦਿਨ ਠਹਿਰ ਕੇ ਗੁਰੂ ਜੀ ਨੇ ਇਕ ਧਰਮਸ਼ਾਲਾ ਦੀ ਉਸਾਰੀ ਕਰਵਾਈ। ਉਸ ਤੋਂ ਬਾਅਦ ਆਪ ਆਪਣੇ ਪਰਵਾਰ ਨੂੰ ਮਿਲਣ ਲਈ ਪਟਨਾ ਸਾਹਿਬ ਪੁੱਜ ਗਏ। ਪਟਨਾ ਪੁੱਜਣ ਤੇ ਗੁਰੂ ਘਰ ਦੇ ਸ਼ਰਧਾਲੂ ਸਿੱਖਾਂ ਨੇ ਬਹੁਤ ਖੁਸ਼ੀਆਂ ਮਨਾਈਆਂ। ਮਾਤਾ ਨਾਨਕੀ ਸਹਿਤ ਸਾਰੇ ਪਰਵਾਰ ਨੂੰ ਬਹੁਤ ਖੁਸ਼ੀ ਹੋਈ। ਗੁਰੂ ਤੇਗ ਬਹਾਦਰ ਜੀ ਨੇ ਬਾਲ ਗੋਬਿੰਦ ਰਾਇ ਨੂੰ ਬਹੁਤ ਪਿਆਰ ਕੀਤਾ। ਉਨ੍ਹਾਂ ਨੂੰ ਯਾਤਰਾ ਸਮੇਂ ਸਾਹਿਬਜ਼ਾਦੇ ਵਾਸਤੇ ਬਹੁਤ ਸੁਗਾਤਾਂ ਭੇਟ ਹੋਈਆਂ ਸਨ, ਉਹ ਸਾਰੀਆਂ ਉਨ੍ਹਾਂ ਬਾਲਾ ਗੋਬਿੰਦ ਰਾਇ ਨੂੰ ਦੇ ਦਿੱਤੀਆਂ।

ਪਟਨੇ ਵਿਖੇ ਪਰਵਾਰ ਪਾਸ ਕੁਝ ਦਿਨ ਠਹਿਰ ਕੇ ਗੁਰੂ ਜੀ ਨੇ ਮਾਝੇ ਅਤੇ ਮਾਲਵੇ ਦੀਆਂ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਉਹ ਸੰਮਤ 1729 ਬਿਕਰਮੀ ਦੀ ਵਿਸਾਖੀ ਆਨੰਦਪੁਰ ਮਨਾ ਰਹੇ ਹਨ। ਇਸ ਲਈ ਸਭ ਸੰਗਤਾਂ ਨੂੰ ਵਿਸਾਖੀ ਦੇ ਸਮੇਂ ਆਨੰਦਪੁਰ ਪੁੱਜਣਾ ਚਾਹੀਦਾ ਹੈ।

ਉਨ੍ਹਾਂ ਪੰਜਾਬ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਮਾਤਾ ਨਾਨਕੀ ਜੀ ਨੂੰ ਸਾਰੇ ਪਰਵਾਰ ਸਹਿਤ ਕੁਝ ਸਮਾਂ ਹੋਰ ਪਟਨੇ ਵਿਖੇ ਰਹਿਣ ਦੀ ਆਗਿਆ ਕਰ ਦਿੱਤੀ। ਉਨ੍ਹਾਂ ਕਿਹਾ ਕਿ ਆਨੰਦਪੁਰ ਸਾਹਿਬ ਵਿਖੇ ਪੁਜ ਕੇ ਉਹ ਉਨ੍ਹਾਂ ਨੂੰ ਬੁਲਾਵਾ ਭੇਜਣਗੇ।

ਪਟਨੇ ਤੋਂ ਚਲ ਕੇ ਉਨ੍ਹਾਂ ਜੌਨਪੁਰ ਜਾ ਡੇਰਾ ਕੀਤਾ। ਇਥੇ ਇਕ ਗੁਰੂ ਘਰ ਦੇ ਕੀਰਤਨੀਏ ਸਿੱਖ ਭਾਈ ਗੁਰਬਖਸ਼ ਨੂੰ ਨਿਵਾਜਿਆ ਅਤੇ ਉਸ ਦੇ ਕੀਰਤਨ 'ਤੇ ਪ੍ਰਸੰਨ ਹੋ ਕੇ ਉਸ ਨੂੰ ਇਕ ਮ੍ਰਿਦੰਗ ਦਿੱਤਾ। ਬਾਅਦ ਵਿਚ ਸਿੱਖ ਸੰਗਤ ਨੇ ਇਸ ਘਰ ਨੂੰ ਗੁਰਦੁਆਰਾ ਬਣਾ ਦਿੱਤਾ ਅਤੇ ਇਥੋਂ ਦੀ ਸੰਗਤ 'ਮ੍ਰਿਦੰਗਪੁਰੀ ਸੰਗਤ' ਕਰਕੇ ਪ੍ਰਸਿੱਧ ਹੋਈ। ਗੁਰੂ ਜੀ ਦਾ ਪਵਿੱਤਰ ਮ੍ਰਿਦੰਗ ਇਸ ਮ੍ਰਿਦੰਗਪੁਰੀ ਗੁਰਦੁਆਰੇ ਵਿਚ ਰੱਖਿਆ ਦੱਸਿਆ ਜਾਂਦਾ ਹੈ। ਇਸ ਸੰਗਤ ਨੇ ਗੁਰੂ ਜੀ ਨੂੰ ਪੰਜ ਦਿਨ ਇਥੇ ਰੱਖ ਕੇ ਬੜੀ ਸੇਵਾ ਕੀਤੀ ਅਤੇ ਉਨ੍ਹਾਂ ਦੇ ਮਨੋਹਰ ਬਚਨ ਸੁਣ ਕੇ ਨਿਹਾਲ ਹੋਈ। ਇਥੋਂ ਚਲ ਕੇ ਗੁਰੂ ਜੀ ਕਾਂਸ਼ੀ ਆਏ ਅਤੇ ਚੇਤਨ ਬੱਟ ਦੇ ਅਸਥਾਨ 'ਤੇ ਡੇਰਾ ਲਾਇਆ। ਕਾਂਸ਼ੀ ਤੋਂ ਰਵਾਨਾ ਹੋ ਕੇ ਆਪ ਜੀ ਰਾਜਾ ਦਸ਼ਰਥ ਦੀ ਸਮਾਧੀ ਕੋਲ ਅਯੁੱਧਿਆ ਸੂਰਜ ਨਦੀ ਦੇ ਕੰਢੇ ਆ ਬਿਰਾਜੇ ਅਤੇ ਪ੍ਰਸਿੱਧ ਤੀਰਥ ਅਸਥਾਨਾਂ ਵਿਖੇ ਪ੍ਰਚਾਰ ਕਰਦੇ ਹੋਏ ਰੋਪੜ ਰਾਹੀਂ ਫਰਵਰੀ ਸੰਨ 1671 ਨੂੰ ਆਨੰਦਪੁਰ ਸਾਹਿਬ ਪਹੁੰਚ ਗਏ।

ਜਦ ਪੰਜਾਬ ਦੇ ਸਿੱਖਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਯਾਤਰਾ ਕਰਕੇ ਵਾਪਸ ਅਨੰਦਪੁਰ (ਨਾਨਕੀ ਚੱਕ) ਆ ਗਏ ਹਨ ਤਾਂ ਉਹ ਹੁਮ ਹੁਮਾ ਕੇ ਆਨੰਦਪੁਰ ਸਾਹਿਬ ਆਉਣ ਲੱਗੇ। ਆਨੰਦਪੁਰ ਵਿਖੇ ਮਕਾਨਾਂ ਦੀ ਉਸਾਰੀ ਦਾ ਕੰਮ ਓਸੇ ਤਰ੍ਹਾਂ ਚੱਲ ਰਿਹਾ ਸੀ। ਗੁਰੂ ਸਾਹਿਬ ਦੇ ਆਉਣ ਨਾਲ ਉਸ ਕਾਰਜ ਵਿਚ ਤੇਜ਼ੀ ਆ ਗਈ ਅਤੇ ਗੁਰੂ ਜੀ ਦੀਆਂ ਹਦਾਇਤਾਂ ਅਨੁਸਾਰ ਸਭ ਕੁਝ ਬਣਾਇਆ ਜਾਣ ਲੱਗਾ। ਗੁਰੂ ਜੀ ਪਹਿਲਾਂ ਵਾਂਗ ਦੋ ਵਕਤ ਦੀਵਾਨ ਲਾਉਂਦੇ, ਕੀਰਤਨ ਉਪਦੇਸ਼ ਹੁੰਦੇ ਅਤੇ ਗੁਰੂ ਦਾ ਅਤੁੱਟ

ਲੰਗਰ ਵਰਤਦਾ। ਆਨੰਦਪੁਰ ਸਾਹਿਬ ਦੀ ਆਬਾਦੀ ਦੇ ਵਿਚ ਦਿਨੋ ਦਿਨ ਵਾਧਾ ਹੋਣ ਲੱਗਾ।

ਜਦ ਗੁਰੂ ਜੀ ਦੀ ਤਸੱਲੀ ਹੋ ਗਈ ਕਿ ਰਹਾਇਸ਼ੀ ਮਕਾਨ, ਦੀਵਾਨ ਹਾਲ ਅਤੇ ਹੋਰ ਵਿਸ਼ਰਾਮ ਘਰ ਠੀਕ ਠਾਕ ਬਣ ਗਏ ਹਨ ਤਾਂ ਆਪ ਨੇ ਇਕ ਹੁਕਮਨਾਮਾ ਲਿਖ ਕੇ ਪਰਵਾਰ ਨੂੰ ਆਨੰਦਪੁਰ ਸਾਹਿਬ ਪੁੱਜਣ ਦੀ ਹਦਾਇਤ ਕਰਕੇ ਇਕ ਸਿੱਖ ਨੂੰ ਪਟਨਾ ਸਾਹਿਬ ਵਿਖੇ ਭੇਜ ਦਿੱਤਾ।

ਗੁਰੂ ਜੀ ਦੀ ਚਿੱਠੀ ਪੜ੍ਹ ਕੇ ਮਾਤਾ ਜੀ ਬਹੁਤ ਪ੍ਰਸੰਨ ਹੋਏ। ਜਦ ਬਾਲਾ ਪ੍ਰੀਤਮ ਗੋਬਿੰਦ ਰਾਇ ਨੇ ਪੰਜਾਬ ਜਾਣ ਬਾਰੇ ਸੁਣਿਆ ਤਾਂ ਉਹ ਬਹੁਤ ਖੁਸ਼ ਹੋਏ ਤੇ ਇਹ ਖ਼ਬਰ ਉਸ ਆਪਣੇ ਸਾਰੇ ਪ੍ਰੇਮੀਆਂ ਨੂੰ ਦੱਸ ਦਿੱਤੀ। ਪਰ ਜਦ ਬਾਲਾ ਪ੍ਰੀਤਮ ਦੇ ਪਿਆਰਿਆਂ ਨੂੰ ਇਹ ਪਤਾ ਲੱਗਾ ਤਾਂ ਉਹ ਬਹੁਤ ਉਦਾਸ ਹੋਏ। ਬਾਲਾ ਪ੍ਰੀਤਮ ਨੇ ਸਭ ਨੂੰ ਪਿਆਰ ਕੀਤਾ ਅਤੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਜਿਹੜਾ ਸੱਚੇ ਦਿਲ ਨਾਲ ਪ੍ਰਭੂ ਦਾ ਨਾਮ ਸਿਮਰ ਕੇ ਉਨ੍ਹਾਂ ਨੂੰ ਯਾਦ ਕਰੇਗਾ ਉਹ ਉਨ੍ਹਾਂ ਨੂੰ ਅਵੱਸ਼ ਦਰਸ਼ਨ ਦੇਣਗੇ।

ਕੁਝ ਦਿਨਾਂ ਬਾਅਦ ਹੀ ਗੁਰੂ ਪਰਵਾਰ ਆਨੰਦਪੁਰ ਜਾਣ ਲਈ ਤਿਆਰ ਹੋ ਗਿਆ। ਵਿਸ਼ੇਸ਼ ਤੌਰ ਤੇ ਘੋੜੇ ਰੱਥ ਅਤੇ ਬੱਘੀਆਂ ਤਿਆਰ ਕੀਤੀਆਂ ਗਈਆਂ। ਗੁਰੂ ਤੇਗ ਬਹਾਦਰ ਜੀ ਆਨੰਦਪੁਰ ਆਉਂਦੇ ਸਮੇਂ ਉਨ੍ਹਾਂ ਦੇ ਠਹਿਰਨ ਦੇ ਟਿਕਾਣਿਆਂ ਦਾ ਪੂਰਾ ਪ੍ਰਬੰਧ ਕਰ ਗਏ ਸਨ। ਪਟਨੇ ਤੋਂ ਚਲ ਕੇ ਗੁਰੂ ਪਰਵਾਰ ਨੇ ਆਪਣਾ ਡੇਰਾ ਕਾਂਸ਼ੀ, ਅਯੁਧਿਆ, ਹਰਿਦਵਾਰ ਆਦਿ ਸ਼ਹਿਰਾਂ ਵਿਚ ਕਰਦੇ ਹੋਏ ਅੰਬਾਲੇ ਪਾਸ ਲਖਨੌਰ ਵਿਖੇ ਆ ਗਏ। ਲਖਨੌਰ ਵਿਖੇ ਗੁਰੂ ਤੇਗ ਬਹਾਦਰ ਦੇ ਸਹੁਰਿਆਂ ਦੇ ਪਰਵਾਰ ਦੇ ਕੁਝ ਰਿਸ਼ਤੇਦਾਰ ਰਹਿੰਦੇ ਸਨ। ਇਥੇ ਸਾਰਾ ਪਰਵਾਰ ਜੈਠਾ ਮਸੰਦ ਦੇ ਘਰ ਠਹਿਰਿਆ। ਇਥੇ ਹੀ ਗੁਰੂ ਤੇਗ ਬਹਾਦਰ ਜੀ ਦਾ ਆਦੇਸ਼ ਪਹੁੰਚਿਆ ਕਿ ਪਰਵਾਰ ਕੁਝ ਸਮੇਂ ਲਈ ਲਖਨੌਰ ਹੀ ਠਹਿਰੇ ਕਿਉਂਕਿ ਬਾਰਸ਼ਾਂ ਕਰਕੇ ਨਦੀਆਂ ਨਾਲਿਆਂ ਦਾ ਪਾਣੀ ਚੜ੍ਹਿਆ ਹੋਇਆ ਸੀ।

ਬਾਰਸ਼ਾਂ ਹਟ ਜਾਣ ਬਾਅਦ ਅਤੇ ਸਮਾਂ ਅਨੁਕੂਲ ਵੇਖ ਕੇ ਗੁਰੂ ਤੇਗ ਬਹਾਦਰ ਜੀ ਨੇ ਪਰਵਾਰ ਨੂੰ ਆਨੰਦਪੁਰ ਸਾਹਿਬ ਆਉਣ ਦੀ ਆਗਿਆ ਦੇ ਦਿੱਤੀ। ਲਖਨੌਰ ਤੋਂ ਚਲ ਕੇ ਸਾਰਾ ਪਰਵਾਰ ਪਹਿਲਾਂ ਕੀਰਤਪੁਰ ਪੁੱਜਾ ਅਤੇ ਬਾਬਾ ਸੂਰਜ ਮੱਲ ਦੇ ਪਰਵਾਰ ਨੂੰ ਮਿਲਿਆ। ਮਾਤਾ ਕ੍ਰਿਸ਼ਨ ਕੌਰ ਨੇ ਵੀ ਬੜਾ ਪਿਆਰ ਕੀਤਾ ਅਤੇ ਬਾਲਾ ਪ੍ਰੀਤਮ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਇਕ ਰਾਤ ਕੀਰਤਪੁਰ ਠਹਿਰ ਕੇ ਅਗਲੇ ਦਿਨ ਸਾਰਾ ਪਰਵਾਰ ਆਨੰਦਪੁਰ ਸਾਹਿਬ ਪਹੁੰਚ ਗਿਆ। ਜਦ ਸਾਰਾ ਪਰਵਾਰ ਆਨੰਦਪੁਰ ਪੁੱਜਾ ਤਾਂ ਉਸ ਸਮੇਂ ਦਰਬਾਰ ਲੱਗਾ ਹੋਇਆ ਸੀ ਅਤੇ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਕੀਰਤਨ ਦੀ ਸਮਾਪਤੀ ਬਾਅਦ ਗੁਰੂ ਜੀ ਆਪ ਆਪਣੇ ਸਾਹਿਬਜ਼ਾਦੇ ਨੂੰ ਲੈਣ ਆਏ। ਉਨ੍ਹਾਂ ਬਾਲਾ ਪ੍ਰੀਤਮ ਨੂੰ ਬਹੁਤ ਪਿਆਰ ਕੀਤਾ ਅਤੇ ਦਰਬਾਰ ਹਾਲ ਵਿਚ ਆਪਣੇ ਪਾਸ ਬਿਠਾਲ ਲਿਆ। ਬਾਕੀ ਦਾ ਪਰਵਾਰ ਵੀ ਕੀਰਤਨ ਹਾਲ ਵਿਚ ਹੀ ਬਿਰਾਜ ਗਿਆ।

ਸਾਰੀ ਸੰਗਤ ਬਾਲਾ ਪ੍ਰੀਤਮ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਜਦ ਸਾਹਿਬਜ਼ਾਦੇ ਬਾਲਾ ਪ੍ਰੀਤਮ ਦੇ ਅਨੰਦਪੁਰ ਆਉਣ ਬਾਰੇ ਹੋਰ ਸੰਗਤਾਂ ਨੂੰ ਪਤਾ ਲੱਗਾ ਤਾਂ ਸੰਗਤਾਂ ਵਧਾਈਆਂ ਦੇਣ ਲਈ ਗੁਰੂ ਘਰ ਪੁੱਜਣ ਲੱਗੀਆਂ। ਦੂਰ ਦੂਰ ਦੇ ਮਸੰਦ ਕਾਰ ਭੇਟਾ ਲੈ ਕੇ ਹਾਜ਼ਰੀਆਂ ਭਰਨ ਲੱਗੇ। ਆਨੰਦਪੁਰ ਸਾਹਿਬ ਵਿਚ ਹਰ ਪਾਸੇ ਖੁਸ਼ੀਆਂ ਦਾ ਮਾਹੌਲ ਪਸਰ ਗਿਆ। ਸੰਗਤਾਂ ਦੀ ਰੌਣਕ ਏਨੀ ਵੱਧ ਗਈ ਕਿ ਉਹਨਾਂ ਦੇ ਠਹਿਰਨ ਦਾ ਇੰਤਜ਼ਾਮ ਕਰਨ ਵਾਸਤੇ ਕਈ ਨਵੇਂ ਤੰਬੂ ਲਾਉਣੇ ਪਏ। ਪੰਜਾਬ ਦੀਆਂ ਸੰਗਤਾ ਨੂੰ ਪਹਿਲਾਂ ਹੀ ਇਹ ਪਤਾ ਲੱਗ ਚੁੱਕਾ ਸੀ ਕਿ ਗੁਰੂ ਤੇਗ ਬਹਾਦੁਰ ਜੀ ਦੇ ਘਰ ਇਕ ਇਲਾਹੀ ਬਾਲਕ ਨੇ ਜਨਮ ਲਿਆ ਹੈ। ਹਰ ਕੋਈ ਚਾਹੁੰਦਾ ਸੀ ਕਿ ਉਹ ਕਿਸੇ ਤਰ੍ਹਾਂ ਵੀ ਇਸ ਅਨੋਖੇ ਬਾਲਕ ਦੇ ਦਰਸ਼ਨ ਕਰ ਸਕੇ। ਦੂਸਰੇ ਦੇਸ਼ਾਂ ਦੀ ਸੰਗਤ ਨੂੰ ਵੀ ਇਹ ਪਤਾ ਲੱਗ ਚੁੱਕਾ ਸੀ ਕਿ ਬਾਲਕ ਗੋਬਿੰਦ ਰਾਇ ਪਟਨਾ ਤੋਂ ਆਨੰਦਪੁਰ ਸਾਹਿਬ ਆ ਗਏ ਸਨ। ਉਹ ਵੀ ਬਾਲਾ-ਪ੍ਰੀਤਮ ਵਾਸਤੇ ਅਜਿਹੇ ਤੋਹਫੇ ਲੈ ਕੇ ਹਾਜ਼ਰ ਹੋਏ ਜਿਨ੍ਹਾਂ ਨੂੰ ਗੋਬਿੰਦ ਰਾਇ ਜੀ ਨੇ ਬਹੁਤ ਪਸੰਦ ਕੀਤਾ।



# ਪੰਡਿਤਾਂ ਦੀ ਬੇਨਤੀ

ਉਸ ਸਮੇਂ ਦਿੱਲੀ ਤਖ਼ਤ 'ਤੇ ਬੈਠਾ ਬਾਦਸ਼ਾਹ ਔਰੰਗਜ਼ੇਬ ਬੜਾ ਮਤੱਸਬੀ ਅਤੇ ਜ਼ਾਲਮ ਸੀ। ਉਹ ਹਿੰਦੋਸਤਾਨ ਦੇ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਜਿਹੜਾ ਹਿੰਦੂ ਉਸ ਪਾਸੋਂ ਨਹੀਂ ਸੀ ਡਰਦਾ ਅਤੇ ਮੁਸਲਮਾਨ ਬਣਨਾ ਨਹੀਂ ਸੀ ਚਾਹੁੰਦਾ ਉਸ ਨੂੰ ਉਹ ਕਤਲ ਕਰਵਾ ਦਿੰਦਾ ਸੀ।

ਹਿੰਦੂ ਮੱਤ ਦੇ ਮੁਖੀਆਂ ਨੂੰ ਉਹ ਮੁਸਲਮਾਨ ਬਣਾ ਰਿਹਾ ਸੀ ਤਾਂਕਿ ਉਨ੍ਹਾਂ ਵੱਲ ਵੇਖ ਕੇ ਉਨ੍ਹਾਂ ਦੇ ਸ਼ਰਧਾਲੂ ਮੁਸਲਮਾਨ ਬਣ ਜਾਣ। ਉਸ ਨੇ ਆਪਣੇ ਹਾਕਮਾਂ ਨੂੰ ਸਖ਼ਤ ਹੁਕਮ ਕੀਤੇ ਹੋਏ ਸਨ ਕਿ ਉਹ ਹਿੰਦੂਆਂ ਦੇ ਪਵਿੱਤਰ ਤੀਰਥ ਅਸਥਾਨਾਂ ਦੇ ਪੂਜਨੀਕ ਬ੍ਰਾਹਮਣਾਂ ਨੂੰ ਮੁਸਲਮਾਨੀ ਮਜ਼੍ਹਬ ਧਾਰਨ ਕਰਨ ਵਾਸਤੇ ਮਜ਼ਬੂਰ ਕਰਨ। ਉਸ ਨੂੰ ਉਸ ਦੇ ਅਹਿਲਕਾਰਾਂ ਅਤੇ ਕਾਜ਼ੀਆਂ ਨੇ ਇਹ ਮਸ਼ਵਰਾ ਦਿੱਤਾ ਕਿ ਕਸ਼ਮੀਰ ਦੇ ਪੰਡਿਤ ਬੜੇ ਪੂਜਨੀਕ ਸਮਝੇ ਜਾਂਦੇ ਹਨ, ਜੇ ਇਨ੍ਹਾਂ ਨੂੰ ਮੁਸਲਮਾਨ ਬਣਾ ਲਿਆ ਜਾਵੇ ਤਾਂ ਸਾਰੇ ਹਿੰਦੋਸਤਾਨ ਦੇ ਹਿੰਦੂ ਮੁਸਲਮਾਨ ਬਣ ਜਾਣਗੇ।

ਆਪਣੇ ਅਹਿਲਕਾਰ ਅਤੇ ਕਾਜ਼ੀਆਂ ਦੀ ਗੱਲ ਨੂੰ ਮੰਨ ਕੇ ਉਸ ਕਸ਼ਮੀਰ ਦੇ ਸੂਬੇ ਨੂੰ ਸਖ਼ਤ ਹਦਾਇਤ ਕੀਤੀ ਕਿ ਕਸ਼ਮੀਰ ਦੇ ਪੰਡਿਤਾਂ ਨੂੰ ਮੁਸਲਮਾਨ ਮਜ਼੍ਹਬ ਧਾਰਨ ਕਰਨ ਵਾਸਤੇ ਉਨ੍ਹਾਂ ਵਿਰੁੱਧ ਕਰੜੀ ਕਾਰਵਾਈ ਕਰੇ। ਉਸ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਇਨ੍ਹਾਂ ਦੇ ਘਰ ਅਤੇ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਭਿਆਨਕ ਸਜ਼ਾਵਾਂ ਦਿੱਤੀਆਂ ਜਾਣ। ਜਦ ਕਸ਼ਮੀਰੀ ਪੰਡਿਤਾਂ ਉਤੇ ਇਹ ਸਖ਼ਤੀ ਹੋਣ ਲੱਗੀ ਤਾਂ ਉਨ੍ਹਾਂ ਨੇ ਕਸ਼ਮੀਰ ਦੇ ਸੂਬੇ ਪਾਸੋਂ ਛੇ ਮਹੀਨੇ ਦੀ ਮੁਹਲਤ ਮੰਗੀ। ਉਨ੍ਹਾਂ ਨੇ ਕਿਹਾ ਇਸ ਅਰਸੇ ਵਿਚ ਜਾਂ ਤਾਂ ਉਹ ਮੁਸਲਮਾਨ ਬਣਨ ਦਾ ਫੈਸਲਾ ਕਰ ਲੈਣਗੇ ਜਾਂ ਫਿਰ ਜੋ ਸਜ਼ਾਵਾਂ ਹੋਣਗੀਆਂ ਉਹ ਭੁਗਤਣ ਲਈ ਤਿਆਰ ਹੋਣਗੇ।

ਪੰਡਿਤਾਂ ਦੀ ਇਹ ਗੱਲ ਸੁਣਕੇ ਜਦ ਸੂਬੇ ਦੇ ਹਾਕਮ ਨੇ ਛੇ ਮਹੀਨੇ ਦੀ ਮੁਹਲਤ ਦੇ ਦਿੱਤੀ ਤਾਂ ਪ੍ਰਮੁੱਖ ਪੰਡਿਤ ਇਕੱਠੇ ਹੋ ਕੇ ਅਮਰ ਨਾਥ ਦੇ ਪ੍ਰਸਿੱਧ ਮੰਦਰ ਵਿਚ ਸ਼ਿਵਜੀ ਅੱਗੇ ਬੇਨਤੀ ਕਰਕੇ ਅਸ਼ੀਰਵਾਦ ਲੈਣ ਗਏ। ਮੰਦਰ ਵਿਚ ਪਹੁੰਚ ਕੇ ਪੰਡਿਤਾਂ ਨੇ ਮਰਯਾਦਾ ਅਨੁਸਾਰ ਪੂਜਾ ਪਾਠ ਕਰਵਾਏ ਅਤੇ ਸ਼ਿਵਜੀ ਅੱਗੇ ਸਹਾਇਤਾ ਵਾਸਤੇ ਪ੍ਰਾਰਥਨਾਵਾਂ ਕੀਤੀਆਂ। ਪਰ ਸ਼ਿਵਜੀ ਨੇ ਵੀ ਉਨ੍ਹਾਂ ਦੀ ਸਹਾਇਤਾ ਨਾ ਕੀਤੀ। ਮੌਤ ਉਨ੍ਹਾਂ ਨੂੰ ਸਾਹਮਣੇ ਖੜ੍ਹੀ ਨਜ਼ਰ ਆ ਰਹੀ ਸੀ। ਉਸ ਵੇਲੇ ਕਸ਼ਮੀਰੀ ਪੰਡਿਤਾਂ ਦਾ ਮੁਖੀ ਪੰਡਿਤ ਕਿਰਪਾ ਰਾਮ ਸੀ। ਉਸ ਨੇ ਸਾਰੇ ਬ੍ਰਾਹਮਣਾਂ ਨੂੰ ਇਹ ਸਲਾਹ ਦਿੱਤੀ ਕਿ ਇਸ ਸਮੇਂ ਜੇ ਕਿਸੇ ਮਹਾਂਪੁਰਖ ਜਾਂ ਪੁੱਜੇ ਹੋਏ ਸੰਤ ਫ਼ਕੀਰ ਦੀ ਸਹਾਇਤਾ ਲਈ ਜਾਵੇ ਤਾਂ ਹੀ ਅਸੀਂ ਬਚ ਸਕਦੇ ਹਾਂ। ਸ਼ਿਵਜੀ ਦੇ ਬੁਤ ਔਰੰਗਜ਼ੇਬ ਨੇ ਸਾਰੇ ਹੀ ਢਾਅ ਦਿੱਤੇ ਹਨ, ਫਿਰ ਵੀ ਸ਼ਿਵਜੀ ਨੇ ਉਸ 'ਤੇ ਕੋਈ ਕਹਿਰ ਨਹੀਂ ਢਾਇਆ। ਇਸ ਲਈ ਸਾਨੂੰ ਐਸੇ ਮਹਾਂਪੁਰਖ ਨੂੰ ਹੀ ਮਿਲਣਾ ਚਾਹੀਦਾ ਹੈ ਜਿਹੜਾ ਕਿਸੇ ਸ਼ਕਤੀ ਦਾ ਮਾਲਕ ਹੋਵੇ ਅਤੇ ਸਾਨੂੰ ਵੀ ਕੋਈ ਸਲਾਹ ਮਸ਼ਵਰਾ ਦੇ ਸਕਦਾ ਹੋਵੇ। ਸਾਰੇ ਪੰਡਿਤ

ਜਦ ਉਸ ਨਾਲ ਸਹਿਮਤ ਹੋ ਗਏ ਤਾਂ ਉਸ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਇਕ ਅਜਿਹੇ ਮਹਾਂਪੁਰਖ ਹੋਏ ਹਨ ਜਿਹੜੇ ਕਿਸੇ ਹਾਕਮ, ਬਾਦਸ਼ਾਹ ਜਾਂ ਜ਼ਾਲਮ ਪਾਸੋਂ ਨਹੀਂ ਡਰਦੇ ਸਨ। ਉਨ੍ਹਾਂ ਦੀ ਗੱਦੀ ਹਾਲੇ ਵੀ ਚਲਦੀ ਹੈ। ਉਨ੍ਹਾਂ ਦੀ ਗੁਰਗੱਦੀ ਦੇ ਮਾਲਕਾਂ ਵਿਚ ਹੀ ਜ਼ੁਲਮ ਦਾ ਟਾਕਰਾ ਕਰਨ ਦੀ ਪੂਰੀ ਸਮਰੱਥਾ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਛੋਟੀ ਜੇਹੀ ਫ਼ੌਜ ਨਾਲ ਇਨ੍ਹਾਂ ਮੁਸਲਮਾਨ ਹਾਕਮਾਂ ਨੂੰ ਭਾਜੜਾਂ ਪਾ ਦਿੱਤੀਆਂ ਸਨ। ਅੱਜ-ਕੱਲ ਉਨ੍ਹਾਂ ਦੀ ਗੱਦੀ ਉਤੇ ਗੁਰੂ ਤੇਗ਼ ਬਹਾਦਰ ਸਾਹਿਬ ਬੈਠੇ ਹਨ। ਉਹ ਬਹੁਤ ਕੋਮਲ ਹਿਰਦੇ ਦੇ ਮਾਲਕ ਹਨ। ਉਹ ਸਾਡੀ ਫਰਿਆਦ ਜ਼ਰੂਰ ਸੁਣਨਗੇ ਅਤੇ ਆਪਣੀ ਸ਼ਕਤੀ ਅਤੇ ਭਗਤੀ ਨਾਲ ਔਰੰਗਜ਼ੇਬ ਨੂੰ ਜ਼ੁਲਮ ਕਰਨ ਤੋਂ ਰੋਕ ਵੀ ਸਕਣਗੇ।

ਸਾਰੇ ਬ੍ਰਾਹਮਣਾਂ ਉਸ ਦੀ ਇਹ ਗੱਲ ਸਵੀਕਾਰ ਕਰ ਲਈ ਅਤੇ ਗੁਰੂ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਪੁਜੇ, ਪਰ ਉਥੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਆਨੰਦਪੁਰ ਸਾਹਿਬ ਵਿਚ ਹੀ ਹਨ। ਇਸ ਲਈ ਪੰਡਿਤ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਪਹੁੰਚ ਗਏ। ਸਾਰੇ ਪੰਡਿਤ ਗੁਰੂ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ।

ਗੁਰੂ ਜੀ ਉਸ ਸਮੇਂ ਆਪਣੇ ਦੀਵਾਨ ਅਸਥਾਨ ਮੰਜੀ ਸਾਹਿਬ ਤੇ ਬਿਰਾਜਮਾਨ ਸਨ। ਪੰਡਿਤਾਂ ਨੇ ਹਾਜ਼ਰ ਹੋ ਕੇ ਬੇਨਤੀ ਕੀਤੀ, "ਮਹਾਰਾਜ ! ਤਾਕਤ ਦੇ ਨਸ਼ੇ ਵਿਚ ਚੂਰ ਜ਼ਾਲਮ ਔਰੰਗਜ਼ੇਬ ਸਾਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਹੈ। ਸਾਡੀ ਉਸ ਦੇ ਜ਼ੁਲਮ ਤੋਂ ਰੱਖਿਆ ਕਰੋ। ਸਾਡੇ ਹਿੰਦੂ ਧਰਮ ਦੇ ਚਿੰਨ੍ਹ ਤਿਲਕ ਜੰਞੂ ਨੂੰ ਅੱਜ ਖ਼ਤਰਾ ਹੈ। ਉਹ ਸਾਨੂੰ ਮੁਸਲਮਾਨ ਬਣਾ ਕੇ ਸਾਰੇ ਹਿੰਦੁਸਤਾਨ ਨੂੰ ਹੀ ਮੁਸਲਮਾਨ ਬਣਾ ਲੈਣਾ ਚਾਹੁੰਦਾ ਹੈ। ਆਪ ਹੀ ਸਾਡੀ ਰੱਖਿਆ ਕਰ ਸਕਦੇ ਹੋ। ਆਪ ਹੀ ਹਿੰਦੋਸਤਾਨ ਦੇ ਹਿੰਦੂਆਂ ਨੂੰ ਮੁਸਲਮਾਨ ਬਣਨ ਤੋਂ ਰੋਕ ਸਕਦੇ ਹੋ। ਅਸੀਂ ਛੇ ਮਹੀਨੇ ਦੀ ਮੁਹਲਤ ਲੈ ਕੇ ਆਏ ਹਾਂ। ਇਸ ਛੇ ਮਹੀਨੇ ਪਿਛੋਂ ਜਾਂ ਸਾਨੂੰ ਮੁਸਲਮਾਨ ਹੋਣਾ ਪਵੇਗਾ ਜਾਂ ਕਤਲ।" ਪੰਡਿਤਾਂ ਦੀ ਇਹ ਦੁੱਖ ਭਰੀ ਕਹਾਣੀ ਸੁਣ ਕੇ ਗੁਰੂ ਜੀ ਖਾਮੋਸ਼ ਹੋ ਕੇ ਕੁਝ ਸੋਚਣ ਲੱਗ ਪਏ। ਗੁਰੂ ਜੀ ਆਪਣੀ ਇਸ ਸੋਚ ਵਿਚ ਹੀ ਲੀਨ ਸਨ ਕਿ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਉਥੇ ਆ ਪਹੁੰਚੇ। ਗੁਰੂ ਜੀ ਨੂੰ ਇਕ ਡੂੰਘੀ ਸੋਚ ਵਿਚ ਲੀਨ ਵੇਖ ਕੇ ਕਹਿਣ ਲੱਗੇ, "ਪਿਤਾ ਜੀ ਕੀ ਸੋਚ ਰਹੇ ਹੋ, ਇਹ ਲੋਕ ਕੌਣ ਹਨ।"

ਸਾਹਿਬਜ਼ਾਦੇ ਦੀ ਗੱਲ ਸੁਣਕੇ ਗੁਰੂ ਜੀ ਬੋਲੇ, "ਬੇਟਾ ! ਇਹ ਕਸ਼ਮੀਰ ਦੇ ਦੁਖੀ ਪੰਡਿਤ ਹਨ। ਔਰੰਗਜ਼ੇਬ ਇਕ ਜ਼ਾਲਮ ਬਾਦਸ਼ਾਹ ਹੈ, ਉਹ ਇਨ੍ਹਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਹੈ। ਇਨ੍ਹਾਂ ਦੀ ਰੱਖਿਆ ਵਾਸਤੇ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਹੈ। ਜੇ ਇਹ ਮੁਸਲਮਾਨ ਹੋਣਾ ਪ੍ਰਵਾਨ ਨਹੀਂ ਕਰਨਗੇ ਤਾਂ ਇਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇਗਾ।"

ਆਪਣੇ ਪਿਤਾ ਪਾਸੋਂ ਇਹ ਗੱਲ ਸੁਣਕੇ ਸਾਹਿਬਜ਼ਾਦੇ ਕਿਹਾ, "ਪਿਤਾ ਜੀ ! ਆਪ ਜੀ ਨਾਲੋਂ ਹੋਰ ਕਿਹੜਾ ਵੱਡਾ ਮਹਾਂਪੁਰਖ ਹੈ ਜਿਹੜਾ ਇਨ੍ਹਾਂ ਦੀ ਰੱਖਿਆ ਕਰ ਸਕੇ। ਆਪ ਜੀ ਇਨ੍ਹਾਂ ਦੀ ਕਿਸੇ ਤਰ੍ਹਾਂ ਵੀ ਸਹਾਇਤਾ ਕਰੋ।"

ਆਪਣੇ ਦਲੇਰ ਪੁੱਤਰ ਦੀ ਇਹ ਗੱਲ ਸੁਣਕੇ ਗੁਰੂ ਜੀ ਨੇ ਪੰਡਿਤਾਂ ਨੂੰ ਕਿਹਾ, "ਜਾ ਕੇ ਆਪਣੇ ਸੂਬੇ ਦੇ ਹਾਕਮ ਨੂੰ ਕਹਿ ਦੇਵੋ ਜੇ ਉਹ ਸਾਡੇ ਧਾਰਮਿਕ ਆਗੂ ਗੁਰੂ ਤੇਗ਼ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਵੇਗਾ ਤਾਂ ਉਹ ਵੀ ਮੁਸਲਮਾਨ ਬਣ ਜਾਣਗੇ। ਅਸੀਂ ਤਿਲਕ ਜੰਞੂ ਨੂੰ ਤਾਂ ਨਹੀਂ ਮੰਨਦੇ ਪਰ ਦੁਖੀਆਂ ਦੀ ਪੁਕਾਰ ਵੀ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਇਕ ਬਾਦਸ਼ਾਹ ਨੂੰ ਇਹ ਸੋਭਦਾ ਨਹੀਂ ਕਿ ਉਹ ਆਪਣੀ ਪਰਜਾ ਤੇ ਇਹਨਾਂ ਜ਼ੁਲਮ ਢਾਹੇ ਅਤੇ ਉਹਨਾਂ ਦੇ ਧਰਮ ਵਿਚ ਦਖ਼ਲਅੰਦਾਜ਼ੀ ਕਰੇ। ਸਾਨੂੰ ਇਸ ਗੱਲ ਦੀ ਪ੍ਰਸੰਨਤਾ ਵੀ ਹੈ ਕਿ ਸਾਡੇ ਪੁੱਤਰ ਨੇ ਆਪ ਦੀ ਰੱਖਿਆ ਕਰਨ ਲਈ ਸਾਨੂੰ ਖੁੱਲ੍ਹ ਦੇ ਦਿੱਤੀ ਹੈ। ਹੁਣ ਸਾਨੂੰ ਕਿਸੇ ਗੱਲ ਦਾ ਭੈ ਨਹੀਂ। ਔਰੰਗਜ਼ੇਬ ਜੋ ਵੀ ਕਰਨਾ ਹੈ ਕਰ ਲਵੇ ਅਸੀਂ ਉਸ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਹਾਂ।" ਗੁਰੂ ਸਾਹਿਬ ਦੇ ਇਹ ਬਚਨ ਸੁਣਕੇ ਪੰਡਿਤ ਖੁਸ਼ੀ ਖੁਸ਼ੀ ਚਲੇ ਗਏ।



# ਆਨੰਦਪੁਰ ਸਾਹਿਬ ਤੋਂ ਦਿੱਲੀ ਵੱਲ

ਬ੍ਰਾਹਮਣ ਜਿਸ ਕਾਰਨ ਲਈ ਗੁਰੂ ਜੀ ਪਾਸ ਆਏ ਸਨ ਉਹ ਕਾਰਜ ਉਨ੍ਹਾਂ ਦਾ ਸਿੱਧ ਹੋ ਗਿਆ। ਉਨ੍ਹਾਂ ਦਾ ਭੈਅ ਹੁਣ ਜਾਂਦਾ ਰਿਹਾ ਸੀ ਅਤੇ ਖੁਸ਼ੀ ਖੁਸ਼ੀ ਉਹ ਕਸ਼ਮੀਰ ਦੇ ਗਵਰਨਰ ਇਫ਼ਤਖਾਰ ਖ਼ਾਂ ਨੂੰ ਜਾ ਮਿਲੇ। ਉਨ੍ਹਾਂ ਉਸ ਨੂੰ ਸਾਰੀ ਕਹਾਣੀ ਸੁਣਾਈ ਅਤੇ ਕਿਹਾ, "ਗੁਰੂ ਤੇਗ਼ ਬਹਾਦਰ ਜੀ ਸਾਡੇ ਧਰਮ ਦੇ ਆਗੂ ਹਨ ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।

ਇਫ਼ਤਖਾਰ ਖ਼ਾਂ ਨੇ ਇਸ ਬਾਰੇ ਸਭ ਕੁਝ ਔਰੰਗਜ਼ੇਬ ਨੂੰ ਦੱਸ ਦਿੱਤਾ। ਔਰੰਗਜ਼ੇਬ ਨੇ ਪੰਡਿਤਾਂ ਦੀ ਇਹ ਗੱਲ ਸੁਣਕੇ ਇਹ ਸੋਚਿਆ ਕਿ ਇਕ ਵਿਅਕਤੀ ਨੂੰ ਆਪਣੇ ਦੀਨ ਵਿਚ ਲਿਆਉਣ ਨਾਲ ਜੇ ਸਾਰੇ ਹਿੰਦੂ ਮੁਸਲਮਾਨ ਬਣਨ ਨੂੰ ਤਿਆਰ ਹਨ ਤਾਂ ਸਾਨੂੰ ਹੋਰ ਕੀ ਚਾਹੀਦਾ ਹੈ। ਇਸ ਲਈ ਗੁਰੂ ਤੇਗ਼ ਬਹਾਦਰ ਨੂੰ ਹਰ ਹਾਲਤ ਵਿਚ ਇਸਲਾਮ ਵਿਚ ਲਿਆਉਣਾ ਜ਼ਰੂਰੀ ਹੈ।

ਪੰਡਿਤਾਂ ਦੇ ਜਾਣ ਦੇ ਬਾਅਦ ਹੀ ਗੁਰੂ ਸਾਹਿਬ ਨੇ ਦਿੱਲੀ ਜਾਣ ਦੀ ਤਿਆਰੀ ਕਰ ਲਈ। ਉਨ੍ਹਾਂ ਆਪਣੇ ਨਾਲ ਕੇਵਲ ਪੰਜ ਸਿੱਖ ਲਏ। ਗੁਰਗੱਦੀ ਉਨ੍ਹਾਂ (ਗੁਰੂ) ਗੋਬਿੰਦ ਰਾਇ ਨੂੰ ਸੌਂਪ ਦੇਣ ਲਈ ਕਿਹਾ। ਪੰਜ ਸਿੱਖਾਂ ਸਮੇਤ ਚੱਲ ਪਏ। ਆਨੰਦਪੁਰ ਸਾਹਿਬ ਵਿਚ ਸਿੱਖ ਬੜੀ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਉਨ੍ਹਾਂ ਵੀ ਗੁਰੂ ਜੀ ਦੇ ਨਾਲ ਜਾਣ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਇਕ ਲਕੀਰ ਮਾਰ ਦਿੱਤੀ ਕਿ ਇਸ ਲਕੀਰ ਤੋਂ ਅੱਗੇ ਕੋਈ ਸਿੱਖ ਵੀ ਨਹੀਂ ਆਵੇਗਾ। ਉਨ੍ਹਾਂ ਸਿੱਖਾਂ ਨੂੰ ਹਦਾਇਤ ਕੀਤੀ ਕਿ ਸਾਹਿਬਜ਼ਾਦੇ (ਗੁਰੂ) ਗੋਬਿੰਦ ਰਾਇ ਦਾ ਖ਼ਿਆਲ ਰੱਖਣ ਅਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਨ। ਵਿਦਾਇਗੀ ਸਮੇਂ ਉਨ੍ਹਾਂ ਨੇ ਆਪਣੇ ਸਾਹਿਬਜ਼ਾਦੇ (ਗੁਰੂ) ਗੋਬਿੰਦ ਰਾਇ ਜੀ ਨੂੰ ਜੱਫੀ ਵਿਚ ਲਿਆ। ਜਦ ਮਾਤਾ ਨਾਨਕੀ ਜੀ ਨੇ ਉਦਾਸੀਨਤਾ ਵਿਖਾਈ ਤਾਂ ਆਪ ਜੀ ਨੇ ਸਭ ਨੂੰ ਸੰਦੇਸ਼ ਦਿੱਤਾ ਕਿ ਇਸ ਜੱਗ ਵਿਚ ਕੋਈ ਵੀ ਸਦਾ ਨਹੀਂ ਰਿਹਾ ਅਤੇ ਨਾ ਰਹੇਗਾ। ਸਰੀਰਾਂ ਦਾ ਰਿਸ਼ਤਾ ਸਦਾ ਕਾਇਮ ਨਹੀਂ ਰਹਿੰਦਾ। ਪ੍ਰਭੂ ਦਾ ਸਿਮਰਨ ਕਰੋ ਜਿਸ ਨੇ ਅੰਤ ਸਮੇਂ ਸਾਡਾ ਸਹਾਈ ਹੋਣਾ ਹੈ।

ਜਿਹੜੇ ਛੇ ਸਿੱਖ ਉਨ੍ਹਾਂ ਆਪਣੇ ਨਾਲ ਲਏ ਉਹ ਸਨ, ਭਾਈ ਦਿਆਲਾ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਰਦਿੱਤਾ, ਭਾਈ ਜੈਤਾ ਅਤੇ ਭਾਈ ਉਦੈ ਚੰਦ। ਜਿਨ੍ਹਾਂ ਸਿੱਖਾਂ ਨੂੰ ਉਨ੍ਹਾਂ ਨੇ ਗੁਰੂ ਪਰਵਾਰ ਦੀ ਸੇਵਾ ਸੰਭਾਲ ਵਾਸਤੇ ਛੱਡਿਆ ਉਨ੍ਹਾਂ ਵਿਚ ਸਨ: ਮਾਮਾ ਕ੍ਰਿਪਾਲ ਚੰਦ, ਭਾਈ ਜੀਤ ਮੱਲ, ਭਾਈ ਸੰਗੋ ਸ਼ਾਹ, ਭਾਈ ਗੁਲਾਬ ਚੰਦ, ਭਾਈ ਗੁੰਗਾ ਰਾਮ ਅਤੇ ਭਾਈ ਮਾਹਰੀ ਚੰਦ।

ਇਸ ਤਰ੍ਹਾਂ ਸਾਰੇ ਪ੍ਰਬੰਧ ਪੂਰੇ ਕਰਕੇ ਗੁਰੂ ਜੀ ਘੋੜਿਆਂ ਉਤੇ ਸਵਾਰ ਹੋ ਕੇ ਆਪਣੀ ਇਲਾਹੀ ਯਾਤਰਾ 'ਤੇ ਚਲ ਪਏ।

ਆਨੰਦਪੁਰ ਤੋਂ ਚਲ ਕੇ ਗੁਰੂ ਜੀ ਕੀਰਤਪੁਰ ਪੁੱਜੇ। ਇਥੇ ਆਪ ਆਪਣੇ ਵੱਡੇ ਭਰਾ ਸੂਰਜ ਮੱਲ ਅਤੇ ਉਨ੍ਹਾਂ ਦੇ ਪਰਵਾਰ, ਮਾਤਾ ਕ੍ਰਿਸ਼ਨ ਕੌਰ ਜੀ ਅਤੇ ਹੋਰ ਸਬੰਧੀਆਂ ਨੂੰ ਮਿਲੇ। ਇਥੇ ਇਕ ਰਾਤ ਉਨ੍ਹਾਂ

ਨੇ ਵਿਸ਼ਰਾਮ ਕੀਤਾ।

ਇਥੋਂ ਚਲ ਕੇ ਭਰਤ ਗੜ੍ਹ, ਰੋਪੜ, ਕਬੂਲਪੁਰ ਆਦਿ ਨਗਰ ਵਾਸੀਆਂ ਨੂੰ ਉਪਦੇਸ਼ ਦਿੰਦੇ ਹੋਏ ਆਪ ਜੀ ਸੈਫ਼ਾਬਾਦ ਨਵਾਬ ਸੈਫ਼ ਖ਼ਾਂ ਪਾਸ ਜਾ ਠਹਿਰੇ। ਨਵਾਬ ਨੇ ਬੜੇ ਪ੍ਰੇਮ ਨਾਲ ਆਪ ਜੀ ਦੀ ਸੇਵਾ ਕੀਤੀ ਅਤੇ ਬਰਸਾਤ ਦੇ ਢਾਈ ਮਹੀਨੇ ਆਪਣੇ ਪਾਸ ਟਿਕਾਈ ਰੱਖਿਆ। ਨਵਾਬ ਨੂੰ ਇਹ ਪਤਾ ਲੱਗ ਗਿਆ ਸੀ ਕਿ ਗੁਰੂ ਜੀ ਕਿਸ ਕਾਰਨ ਦਿੱਲੀ ਜਾ ਰਹੇ ਸਨ, ਇਸ ਲਈ ਉਨ੍ਹਾਂ ਗੁਰੂ ਜੀ ਨੂੰ ਦਿੱਲੀ ਜਾਣ ਤੋਂ ਰੋਕਿਆ ਅਤੇ ਕਿਹਾ ਕਿ ਜਦ ਔਰੰਗਜ਼ੇਬ ਹਸਨ ਅਬਦਾਲ ਤੋਂ ਵਾਪਸ ਆਏਗਾ ਤਾਂ ਉਹ ਉਸ ਨਾਲ ਗੱਲ ਕਰਨਗੇ, ਇਸ ਉਪ੍ਰੰਤ ਹੀ ਆਪ ਜੀ ਨੇ ਦਿੱਲੀ ਜਾਣਾ। ਗੁਰੂ ਜੀ ਦਾ ਇਥੇ ਠਹਿਰਨਾ



ਸੁਣ ਕੇ ਇਲਾਕੇ ਦੀਆਂ ਬਹੁਤ ਸੰਗਤਾਂ ਆਪ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀਆਂ। ਜਦ ਬਰਸਾਤ ਦਾ ਸਮਾਂ ਲੰਘ ਗਿਆ ਅਤੇ ਔਰੰਗਜ਼ੇਬ ਵੀ ਵਾਪਸ ਦਿੱਲੀ ਨਾ ਪੁੱਜਾ ਤਾਂ ਆਪ ਨੇ ਨਵਾਬ ਨੂੰ ਕਿਹਾ, "ਵਾਹਿਗੁਰੂ ਦਾ ਭਾਣਾ ਅਟੱਲ ਹੈ, ਸਾਨੂੰ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ, ਅਸੀਂ ਜਿਸ ਕਾਰਜ ਵਾਸਤੇ ਚੱਲੇ ਹਾਂ, ਉਸ ਤੋਂ ਹੁਣ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਹਟਿਆ ਜਾ ਸਕਦਾ।"

ਸੈਫ਼ਾਬਾਦ ਤੋਂ ਚਲ ਕੇ ਆਪ ਗਿਲੋਰੋ, ਕੈਂਥਲ ਅਤੇ ਜੀਂਦ ਹੁੰਦੇ ਹੋਏ ਕਨੌੜ ਪਹੁੰਚੇ। ਕਨੌੜ ਨਗਰ ਵਿਖੇ ਇਕ ਸੰਤ ਬਾਉਲੀ ਉੱਤੇ ਰਹਿੰਦਾ ਸੀ। ਉਸ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਬੇਨਤੀ ਕੀਤੀ, "ਮਹਾਰਾਜ ! ਮੈਂ ਬਹੁਤ ਜਪ ਤਪ, ਤੀਰਥ ਆਦਿ ਕੀਤੇ ਹਨ ਅਤੇ ਯੋਗ ਸਾਧਨਾ ਵੀ ਕੀਤੀ ਹੈ ਪਰ ਮੇਰੇ ਮਨ 'ਤੋਂ ਵੈਰ ਵਿਰੋਧ ਅਤੇ ਅਹੰਕਾਰ ਜਿਹੇ ਔਗਣ ਦੂਰ ਨਹੀਂ ਹੋਏ। ਜਿਸ ਕਰਕੇ ਮੇਰੇ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੋਈ।" ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਬ੍ਰਹਮ ਗਿਆਨ ਤੋਂ ਬਗੈਰ ਲੋਭ, ਮੋਹ ਅਤੇ ਹੰਕਾਰ ਦੂਰ ਨਹੀਂ ਹੋ ਸਕਦੇ ਅਤੇ ਜਦ ਤੱਕ ਇਹ ਦੂਰ ਨਹੀਂ ਹੁੰਦੇ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।

ਕਨੌੜ ਤੋਂ ਚਲ ਕੇ ਆਪ ਜੀ ਪ੍ਰਚਾਰ ਕਰਦੇ ਹੋਏ ਆਗਰੇ ਪੁੱਜੇ। ਆਪ ਜੀ ਨੂੰ ਆਨੰਦਪੁਰ ਤੋਂ ਚੱਲਿਆਂ ਪੂਰਾ ਇਕ ਸਾਲ ਹੋ ਗਿਆ ਸੀ। ਆਗਰੇ ਵਿਚ ਆਪ ਜੀ ਦੀ ਸ਼ਰਧਾਲੂ ਇਕ ਮਾਈ ਰਹਿੰਦੀ ਸੀ, ਜਿਸਦੇ ਘਰ ਆਪ ਪਹਿਲੀ ਪੂਰਬ ਯਾਤਰਾ ਸਮੇਂ ਕਈ ਦਿਨ ਠਹਿਰੇ ਸਨ। ਉਹ ਗੁਰੂ ਜੀ ਦੇ ਦਰਸ਼ਨਾਂ ਲਈ ਤਰਸ ਰਹੀ ਸੀ ਅਤੇ ਹਰ ਵੇਲੇ ਬੇਨਤੀਆਂ ਕਰਦੀ ਸੀ ਕਿ ਗੁਰੂ ਜੀ ਆਗਰੇ ਆ ਕੇ ਹੋਰ ਸਿੱਖ ਪ੍ਰੇਮੀਆਂ ਨੂੰ ਵੀ ਨਿਹਾਲ ਕਰਨ। ਜਾਣੀਜਾਣ ਗੁਰੂ ਜੀ ਉਸਦੇ ਘਰ ਗਏ ਅਤੇ ਉਸਦੀ ਇੱਛਾ ਪੂਰੀ ਕਰਕੇ ਆਪ ਸ਼ਹਿਰ ਤੋਂ ਬਾਹਰ ਇਕ ਬਾਗ਼ ਵਿਚ ਜਾ ਉਤਾਰਾ ਕੀਤਾ। ਉਨ੍ਹਾਂ ਨੇ ਇਥੇ ਇਕ ਬੜੇ ਅਨੋਖੇ ਢੰਗ ਨਾਲ ਆਪਣੀ ਗ੍ਰਿਫ਼ਤਾਰੀ ਦਾ ਕੌਤਕ ਰਚਿਆ।

ਉਸ ਬਾਗ਼ ਵਿਚ ਇਕ ਮੁੰਡਾ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਉਸ ਨੂੰ ਆਪ ਜੀ ਨੇ ਇਕ ਕੀਮਤੀ ਮੁੰਦਰੀ ਦਿੱਤੀ ਕਿ ਇਸ ਨੂੰ ਗਹਿਣੇ ਰੱਖ ਕੇ ਸਾਡੇ ਲਈ ਇਸ ਦੁਸ਼ਾਲੇ ਵਿਚ ਦੋ ਸੇਰ ਜਲੇਬੀਆਂ ਪਵਾ ਲਿਆਵੇ। ਪਰ ਜਦ ਮੁੰਡਾ ਦੋ ਕੀਮਤੀ ਚੀਜ਼ਾਂ ਲੈ ਕੇ ਹਲਵਾਈ ਪਾਸ ਗਿਆ ਤਾਂ ਹਲਵਾਈ ਨੂੰ ਸ਼ੱਕ ਹੋ ਗਿਆ ਕਿ ਮੁੰਡਾ ਜ਼ਰੂਰ ਕੋਈ ਚੋਰ ਹੈ। ਚੋਰੀ ਦਾ ਮਾਲ ਲੈ ਕੇ ਉਹ ਕੋਤਵਾਲੀ ਪੁਲਸ ਪਾਸ ਚਲਾ ਗਿਆ। ਜਦ ਪੁਲਸ ਨੇ ਮੁੰਡੇ ਪਾਸੋਂ ਪੁੱਛਿਆ ਤਾਂ ਉਸ ਗੁਰੂ ਜੀ ਦਾ ਟਿਕਾਣਾ ਦੱਸ ਦਿੱਤਾ। ਇਸ ਤਰ੍ਹਾਂ ਪੁਲਸ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰੂ ਜੀ ਨੂੰ ਕਿਸੇ ਪ੍ਰਕਾਰ ਦਾ ਡਰ ਜਾਂ ਭੈ ਨਹੀਂ ਸੀ। ਅਸਲ ਵਿਚ ਉਹ ਤਾਂ ਆਗਰੇ ਦੀ ਸੰਗਤ ਨੂੰ ਮਿਲਣ ਦਾ ਵਾਇਦਾ ਕਰ ਚੁੱਕੇ ਸਨ ਇਸ ਲਈ ਉਹ ਇਹ ਚਾਹੁੰਦੇ ਸਨ ਕਿ ਆਗਰੇ ਦੀ ਸੰਗਤ ਨੂੰ ਮਿਲਣ ਉਪਰੰਤ ਹੀ ਗ੍ਰਿਫ਼ਤਾਰੀ ਦਿੱਤੀ ਜਾਵੇ। ਇਸ ਲਈ ਉਹ ਆਪਣਾ ਕਾਰਜ ਪੂਰਾ ਕਰ ਚੁੱਕੇ ਸਨ ਅਤੇ ਖੁਸ਼ੀ-ਖੁਸ਼ੀ ਉਹ ਆਗਰੇ ਦੀ ਪੁਲਿਸ ਦੇ ਨਾਲ ਚਲੇ ਗਏ।

# ਸ਼ਹੀਦੀ ਸਾਕਾ

ਗੁਰੂ ਜੀ ਨੂੰ ਤਿੰਨਾਂ ਸਿੱਖਾਂ ਸਹਿਤ ਫੜ ਕੇ ਦਿੱਲੀ ਲਿਆਂਦਾ ਗਿਆ ਅਤੇ ਬਾਦਸ਼ਾਹ ਔਰੰਗਜ਼ੇਬ ਦੇ ਭੇਜੇ ਹੁਕਮ ਅਨੁਸਾਰ ਇਕ ਵੱਖਰੀ ਹਵੇਲੀ ਵਿਚ ਕੈਦ ਕਰ ਦਿੱਤਾ ਗਿਆ। ਭਾਈ ਗੁਰਦਿੱਤਾ ਜੀ ਅਤੇ ਉਦੈ ਚੰਦ ਨੂੰ ਗੁਰੂ ਜੀ ਨੇ ਆਗਰੇ ਵਿਖੇ ਹੀ ਗ੍ਰਿਫਤਾਰੀ ਦੇਣ ਤੋਂ ਰੋਕ ਦਿੱਤਾ ਸੀ ਤਾਂਕਿ ਉਹ ਸਾਕੇ ਪਿਛੋਂ ਮੌਕਾ ਸੰਭਾਲਣ ਅਤੇ ਸਾਰੀ ਕਾਰਵਾਈ ਬਾਰੇ ਖਬਰਾਂ ਆਨੰਦਪੁਰ ਸਾਹਿਬ ਪਹੁੰਚਾਉਂਦੇ ਰਹਿਣ। ਭਾਈ ਗੁਰਦਿੱਤਾ ਜੀ ਅਤੇ ਭਾਈ ਉਦੈ ਚੰਦ ਜੀ ਵੀ ਦਿੱਲੀ ਪਹੁੰਚ ਗਏ ਸਨ ਤੇ ਉਹ ਭਾਈ ਜੈਤਾ ਜੀ ਪਾਸ ਠਹਿਰੇ ਸਨ। ਭਾਈ ਜੈਤਾ ਪਹਿਲਾਂ ਹੀ ਦਿੱਲੀ ਪਹੁੰਚ ਗਿਆ ਸੀ।

ਜਦ ਗੁਰੂ ਜੀ ਦੇ ਕੈਦ ਹੋ ਜਾਣ ਬਾਰੇ ਖ਼ਬਰ ਔਰੰਗਜ਼ੇਬ ਨੂੰ ਮਿਲੀ ਤਾਂ ਉਨ੍ਹਾਂ ਵੱਲੋਂ ਲਿਖਿਆ ਹੋਇਆ ਹੁਕਮ ਲੈ ਕੇ ਕਾਜ਼ੀ ਗੁਰੂ ਜੀ ਪਾਸ ਆਇਆ ਅਤੇ ਕਿਹਾ ਕਿ ਬਾਦਸ਼ਾਹ ਦਾ ਹੁਕਮ ਹੈ ਕਿ ਜੇ ਆਪ ਸੱਚੇ ਪੀਰ ਹੋ ਤਾਂ ਕੋਈ ਕਰਾਮਾਤ ਕਰਕੇ ਵਿਖਾਓ। ਜੇ ਕੋਈ ਕਰਾਮਾਤ ਨਹੀਂ ਵਿਖਾ ਸਕਦੇ ਤਾਂ ਮੁਸਲਿਮ ਦੀਨ ਪ੍ਰਵਾਨ ਕਰੋ। ਜੇ ਤੁਸੀਂ ਇਨ੍ਹਾਂ ਗੱਲਾਂ ਵਿਚੋਂ ਕੋਈ ਨਹੀਂ ਮੰਨਣੀ ਤਾਂ ਫਿਰ ਕਤਲ ਹੋਣ ਵਾਸਤੇ ਤਿਆਰ ਹੋ ਜਾਓ। ਬਾਦਸ਼ਾਹ ਵੱਲੋਂ ਇਨ੍ਹਾਂ ਤਿੰਨਾਂ ਗੱਲਾਂ ਦਾ ਹੁਕਮ ਸੁਣ ਕੇ ਗੁਰੂ ਜੀ ਨੇ ਫੁਰਮਾਇਆ, "ਕਰਾਮਾਤ ਨਾਮ ਕਹਿਰ ਦਾ ਹੈ ਜਿਸਦੇ ਕਰਨ ਨਾਲ ਰੱਬ ਦੇ ਬੰਦਿਆਂ ਨੂੰ ਸ਼ਰਮ ਆਉਂਦੀ ਹੈ। ਦੂਸਰਾ ਰਿਹਾ ਇਸਲਾਮ ਧਰਮ ਵਿਚ ਆਉਣ ਦਾ, ਪਰਮਾਤਮਾ ਨੇ ਸਾਨੂੰ ਜਿਸ ਧਰਮ ਵਿਚ ਪੈਦਾ ਕੀਤਾ ਹੈ ਉਹ ਛੱਡ ਕੇ ਕਿਸੇ ਲੋਭ ਅਧੀਨ ਦੂਸਰੇ ਮਜ਼੍ਹਬ ਨੂੰ ਅਪਣਾਉਣਾ ਵੱਡਾ ਗੁਨਾਹ ਹੈ। ਅਸੀਂ ਆਪਣੇ ਧੁਰ ਦਰਗਾਹੋਂ ਮਿਲੇ ਦੀਨ ਵਿਚ ਹੀ ਜੀਵਾਂਗੇ ਅਤੇ ਏਸੇ ਧਰਮ ਵਿਚ ਮਰਾਂਗੇ। ਤੀਸਰਾ ਜੋ ਤੁਸੀਂ ਕਤਲ ਹੋ ਜਾਣ ਬਾਰੇ ਕਿਹਾ ਹੈ, ਉਹ ਸਾਨੂੰ ਖਿੜੇ ਮੱਥੇ ਪ੍ਰਵਾਨ ਹੈ। ਇਹ ਜਗਤ ਇਕ ਮੁਸਾਫਿਰਖਾਨਾ ਹੈ, ਇਥੇ ਕਿਸੇ ਨੇ ਸਦਾ ਨਹੀਂ ਰਹਿਣਾ, ਫਿਰ ਸਾਨੂੰ ਮੌਤ ਦਾ ਭੈਅ ਕੀ ?"

ਗੁਰੂ ਜੀ ਪਾਸੋਂ ਅਜਿਹਾ ਉੱਤਰ ਸੁਣ ਕੇ ਗੁਰੂ ਜੀ ਨੂੰ ਤੰਗ ਕੋਠੜੀ ਵਿਚ ਕੈਦ ਕਰ ਦਿੱਤਾ। ਗੁਰੂ ਜੀ ਨੂੰ ਭੁੱਖਾ ਤ੍ਰਿਹਾਇਆ ਰੱਖਿਆ ਗਿਆ ਅਤੇ ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਜਦ ਗੁਰੂ ਜੀ ਫਿਰ ਵੀ ਅਡੋਲ ਰਹੇ ਤਾਂ ਇਹ ਹੁਕਮ ਦਿੱਤਾ ਕਿ ਇਨ੍ਹਾਂ ਦੇ ਸਾਥੀਆਂ ਨੂੰ ਸਖ਼ਤ ਤਸੀਹੇ ਦੇ ਕੇ ਕਤਲ ਕਰ ਦੇਵੋ। ਆਪਣੇ ਸਾਥੀਆਂ ਦੀ ਮੌਤ ਵੇਖ ਕੇ ਇਹ ਆਪ ਹੀ ਡਰ ਕੇ ਸਾਡੀ ਗੱਲ ਪ੍ਰਵਾਨ ਕਰ ਲੈਣਗੇ।

ਕਾਜ਼ੀ ਨੇ ਇਹ ਫ਼ਤਵਾ ਦਿੱਤਾ ਕਿ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਜਾਵੇ, ਭਾਈ ਦਿਆਲਾ ਨੂੰ ਉਬਲਦੀ ਦੇਗ ਵਿਚ ਉਬਾਲਿਆ ਜਾਵੇ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਦਿੱਤੀ ਜਾਵੇ। ਕਾਜ਼ੀ ਦੇ ਫ਼ਤਵੇ ਅਨੁਸਾਰ ਹੀ ਭਾਈ ਮਤੀ ਦਾਸ ਨੂੰ ਦੋ ਫੱਟਿਆਂ ਵਿਚ ਬੰਨ੍ਹ ਕੇ ਸਿਰ 'ਤੇ ਆਰਾ ਰੱਖ ਕੇ ਦੋ ਫਾੜ ਕਰ ਦਿੱਤਾ ਗਿਆ। ਪਰ ਮਤੀ ਦਾਸ ਨੇ ਸੀ ਵੀ ਨਾ ਕੀਤੀ ਤੇ ਆਖ਼ਰੀ ਸਾਹ ਤੱਕ ਪਾਠ ਕਰਦਾ ਰਿਹਾ। ਦੂਸਰੇ ਦਿਨ ਭਾਈ ਦਿਆਲਾ ਜੀ ਨੂੰ ਪਾਣੀ ਦੀ ਉਬਲਦੀ

ਦੇਗ ਵਿਚ ਬਿਠਾ ਸ਼ਹੀਦ ਕਰ ਦਿੱਤਾ ਗਿਆ। ਤੀਸਰੇ ਦਿਨ ਭਾਈ ਸਤੀ ਦਾਸ ਨੂੰ ਰੂੰ ਲਪੇਟ ਕੇ ਅੱਗ ਲਾ ਦਿੱਤੀ ਗਈ। ਇਨ੍ਹਾਂ ਤਿੰਨਾਂ ਵਿਚੋਂ ਕੋਈ ਵੀ ਆਪਣੇ ਧਰਮ ਤੋਂ ਨਾ ਡੋਲਿਆ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਦਾ ਗੁਰੂ ਸਾਹਿਬ ਉੱਤੇ ਕੋਈ ਪ੍ਰਭਾਵ ਨਾ ਪਿਆ। ਉਹ ਸ਼ਾਂਤ ਅਤੇ ਅਡੋਲ ਰਹੇ। ਬਾਦਸ਼ਾਹ ਵੱਲੋਂ ਇਹ ਹੁਕਮ ਆਇਆ ਕਿ ਗੁਰੂ ਤੇਗ਼ ਬਹਾਦਰ ਨੂੰ ਤਲਵਾਰ ਨਾਲ ਕਤਲ ਕਰ ਦਿੱਤਾ ਜਾਵੇ ਅਤੇ ਕਤਲ ਕਰਨ ਤੋਂ ਪਹਿਲਾਂ ਇਕ ਦਿਨ ਸਮਾਂ ਨੀਯਤ ਕਰਕੇ ਸ਼ਹਿਰ ਵਿਚ ਢੰਡੋਰਾ ਪਿਟਵਾ ਕੇ ਲੋਕਾਂ ਨੂੰ ਖ਼ਬਰ ਕਰ ਦਿੱਤੀ ਜਾਵੇ ਕਿ ਹਿੰਦੂਆਂ ਦੇ ਪੀਰ ਨੂੰ ਚਾਂਦਨੀ ਚੌਂਕ ਕੋਤਵਾਲੀ ਤੋਂ ਬਾਹਰ ਕਤਲ ਕੀਤਾ ਜਾਵੇਗਾ।

ਕਾਜ਼ੀ ਨੇ ਬਾਦਸ਼ਾਹ ਦਾ ਹੁਕਮ ਗੁਰੂ ਜੀ ਨੂੰ ਸੁਣਾਇਆ ਅਤੇ ਉਨ੍ਹਾਂ ਨੂੰ ਮੁਸਲਮਾਨ ਬਣਨ ਵਾਸਤੇ ਬਹੁਤ ਪ੍ਰੇਰਿਆ। ਪਰ ਗੁਰੂ ਜੀ ਨੇ ਕਿਹਾ, "ਅਸੀਂ ਪ੍ਰਭੂ ਤੋਂ ਮਿਲੇ ਹੋਏ ਆਪਣੇ ਧਰਮ ਨੂੰ ਛੱਡ ਕੇ ਬਾਦਸ਼ਾਹ ਦਾ ਧਰਮ ਅਪਣਾਉਣ ਵਾਸਤੇ ਕਿਸੇ ਕੀਮਤ 'ਤੇ ਵੀ ਤਿਆਰ ਨਹੀਂ। ਅਸੀਂ ਆਪਣੇ ਧਰਮ ਦੀ ਖ਼ਾਤਰ ਕਤਲ ਹੋਣ ਲਈ ਤਿਆਰ ਹਾਂ।"

ਗੁਰੂ ਜੀ ਵੱਲੋਂ ਕਿਸੇ ਵੀ ਢੰਗ ਨਾਲ ਨਾ ਮੰਨਣ 'ਤੇ ਕਾਜ਼ੀ ਨੇ ਸ਼ਹਿਰ ਵਿਚ ਢੰਡੋਰਾ ਪਿਟਵਾ ਦਿੱਤਾ ਕਿ ਵੀਰਵਾਰ ਦੇ ਦਿਨ ਕੋਤਵਾਲੀ ਦੇ ਬਾਹਰ ਚਾਂਦਨੀ ਚੌਂਕ ਵਿਚ ਹਿੰਦੂਆਂ ਦੇ ਪੀਰ ਨੂੰ ਡੇਢ ਪਹਿਰ ਦਿਨ ਚੜ੍ਹੇ ਤਲਵਾਰ ਨਾਲ ਕਤਲ ਕਰ ਦਿੱਤਾ ਜਾਵੇਗਾ।

ਮਿਥੇ ਹੋਏ ਦਿਨ ਕੋਤਵਾਲੀ ਤੋਂ ਬਾਹਰ ਗੁਰੂ ਜੀ ਦੀ ਇੱਛਾ ਅਨੁਸਾਰ ਉਨ੍ਹਾਂ ਨੂੰ ਇਸ਼ਨਾਨ ਕਰਵਾਇਆ ਗਿਆ। ਉਸ ਤੋਂ ਬਾਅਦ ਗੁਰੂ ਜੀ ਨੇ ਚੌਂਕੜਾ ਮਾਰ ਕੇ ਜਲਾਦ ਨੂੰ ਕਿਹਾ ਕਿ ਪਾਠ ਦਾ ਭੋਗ ਪਾ ਕੇ ਜਦ ਅਸੀਂ ਸਿਰ ਨਿਵਾ ਕੇ ਪ੍ਰਭੂ ਨੂੰ ਨਮਸ਼ਕਾਰ ਕਰਾਂਗੇ ਤਾਂ ਤੂੰ ਆਪਣਾ ਵਾਰ ਕਰ ਦੇਵੀਂ। ਪਾਠ ਦਾ ਭੋਗ ਪਾ ਕੇ ਜਦ ਗੁਰੂ ਜੀ ਨੇ ਸੀਸ ਨਿਵਾਇਆ ਜਲਾਦ ਜਲਾਲ ਦੀਨ ਨੇ ਤਲਵਾਰ ਦੇ ਇਕ ਭਰਪੂਰ ਵਾਰ ਨਾਲ ਆਪ ਜੀ ਦਾ ਸੀਸ ਧੜ ਤੋਂ ਵੱਖ ਕਰ ਦਿੱਤਾ। ਇਹ ਸਾਕਾ ਵੇਖ ਕੇ ਚਾਰ ਚੁਫੇਰੇ ਹਾਹਾਕਾਰ ਮੱਚ ਗਈ। ਇਕ ਭਿਆਨਕ ਤੂਫਾਨ ਉਠਿਆ ਅਤੇ ਕਾਲੀ ਬੋਲੀ ਹਨੇਰੀ ਚਲ ਪਈ। ਸੂਰਜ ਦੇਵਤੇ ਨੂੰ ਵੀ ਤੂਫ਼ਾਨ ਨੇ ਆਪਣੀ ਲਪੇਟ ਵਿਚ ਲੈ ਲਿਆ ਅਤੇ ਚਾਰ ਚੁਫੇਰੇ ਦਿਨੇ ਹੀ ਹਨੇਰਾ ਛਾ ਗਿਆ। ਮੁਗ਼ਲ ਪੁਲਿਸ ਨੇ ਚਾਰ ਚੁਫੇਰੇ ਸਖ਼ਤ ਪਹਿਰਾ ਲੱਗਾ ਦਿੱਤਾ ਤਾਂਕਿ ਕੋਈ ਗੁਰੂ ਜੀ ਦਾ ਸੀਸ ਅਤੇ ਧੜ ਉਠਾ ਕੇ ਨਾ ਲੈ ਜਾਵੇ। ਉਸਨੇ ਲੋਕਾਂ ਵਿਚ ਏਨੀ ਦਹਿਸ਼ਤ ਫੈਲਾ ਦਿੱਤੀ ਕਿ ਕੋਈ ਵੀ ਸਿੱਖ ਸੀਸ ਜਾਂ ਧੜ ਨੂੰ ਚੁੱਕਣ ਵਾਸਤੇ ਅੱਗੇ ਨਾ ਵਧਿਆ। ਗੁਰੂ ਘਰ ਦੇ ਕਈ ਪ੍ਰੇਮੀ ਸਿੱਖ ਵੀ ਇਹ ਹੌਸਲਾ ਨਾ ਕਰ ਸਕੇ ਕਿ ਉਹ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਗੁਰੂ ਜੀ ਦੇ ਧੜ ਅਤੇ ਸੀਸ ਨੂੰ ਸਤਿਕਾਰ ਸਹਿਤ ਉਠਾ ਸਕਣ। ਮੁਸਲਮਾਨ ਭੀੜ ਵਿਚ ਇੱਕਠੇ ਹੋਏ ਲੋਕਾਂ ਨੂੰ ਇਹ ਪੁੱਛਦੇ ਰਹੇ ਕਿ ਇਸ ਗੁਰੂ ਦੇ ਕਿਹੜੇ ਸਿੱਖ ਹਨ, ਪਰ ਉਹਨਾਂ ਵਿਚੋਂ ਕੋਈ ਵੀ ਆਪਣੇ ਆਪ ਨੂੰ ਸਿੱਖ ਕਹਾਉਣ ਦੀ ਦਲੇਰੀ ਨਾ ਕਰ ਸਕਿਆ।



# ਪਵਿੱਤਰ ਸੀਸ ਅਤੇ ਧੜ ਦਾ ਸਸਕਾਰ

ਭਾਈ ਉਦੈ ਚੰਦ, ਭਾਈ ਜੈਤਾ ਅਤੇ ਭਾਈ ਗੁਰਦਿੱਤਾ ਜੀ ਉਸ ਸਮੇਂ ਲੋਕਾਂ ਦੀ ਭੀੜ ਵਿਚ ਸ਼ਾਮਲ ਸਨ। ਉਹ ਵੀ ਗੁਰੂ ਜੀ ਦੀ ਸ਼ਹਾਦਤ ਦਾ ਸਾਕਾ ਵੇਖ ਰਹੇ ਸਨ। ਗੁਰੂ ਜੀ ਦਾ ਸੀਸ ਅਤੇ ਧੜ ਧਰਤੀ 'ਤੇ ਪਏ ਸਨ। ਪੁਲੀਸ ਦਾ ਚਾਰ ਚੁਫੇਰੇ ਸਖ਼ਤ ਪਹਿਰਾ ਸੀ, ਪਰ ਜੈਤਾ ਜੀ ਨੇ ਤੂਫ਼ਾਨ ਝੱਖੜ ਵਿਚ ਜਦ ਹਨੇਰਾ ਹੁੰਦਾ ਵੇਖਿਆ ਤਾਂ ਉਸ ਭਾਈ ਉਦੈ ਚੰਦ ਨੂੰ ਇਸ਼ਾਰਾ ਕੀਤਾ ਅਤੇ ਪਲਕ ਝਪਕਣ ਦੇ ਸਮੇਂ ਵਿਚ ਗੁਰੂ ਸਾਹਿਬ ਦੇ ਸੀਸ ਨੂੰ ਚੁੱਕ ਕੇ ਭੱਜ ਉਠਿਆ। ਭਾਈ ਉਦੈ ਚੰਦ ਇਕ ਚਾਦਰ ਲੈ ਕੇ ਉਸ ਦੇ ਪਿਛੇ ਹੋ ਗਿਆ ਤੇ ਲੋਕਾਂ ਦੇ ਇਕੱਠ ਤੋਂ ਦੂਰ ਜਾ ਕੇ ਉਨ੍ਹਾਂ ਸੀਸ ਨੂੰ ਚਾਦਰ ਵਿਚ ਲਪੇਟਿਆ ਅਤੇ ਦੋਵੇਂ ਆਨੰਦਪੁਰ ਵੱਲ ਭੱਜ ਨਿਕਲੇ। ਜਦ ਤੱਕ ਸਿਪਾਹੀਆਂ ਨੂੰ ਕੁਝ ਪਤਾ ਲੱਗਿਆ ਉਹ ਦਿੱਲੀ ਦੀ ਜੂਹ ਪਾਰ ਕਰ ਚੁਕੇ ਸਨ। ਰਾਤ ਦਿਨ ਇਕ ਕਰਕੇ ਦੋ ਦਿਨਾਂ ਵਿਚ ਉਹ ਕੀਰਤਪੁਰ ਪਹੁੰਚ ਗਏ। ਉਥੇ ਜਾ ਕੇ ਉਨ੍ਹਾਂ ਇਕ ਸਿੱਖ ਰਾਹੀਂ ਆਨੰਦਪੁਰ ਸਾਹਿਬ ਮਾਤਾ ਨਾਨਕੀ ਜੀ ਨੂੰ ਇਹ ਸੁਨੇਹਾ ਭੇਜ ਦਿੱਤਾ ਕਿ ਉਹ ਸੀਸ ਲੈ ਕੇ ਕੀਰਤਪੁਰ ਪਹੁੰਚ ਗਏ ਹਨ। ਅਗਲੇ ਦਿਨ ਉਹ ਪਾਵਨ ਸੀਸ ਨੂੰ ਲੈ ਕੇ ਆਨੰਦਪੁਰ ਸਾਹਿਬ ਪਹੁੰਚ ਗਏ। ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਸਾਹਿਬਜ਼ਾਦੇ ਗੋਬਿੰਦ ਰਾਇ ਦੀ ਝੋਲੀ ਵਿਚ ਪਾ ਦਿੱਤਾ। ਸਾਹਿਬਜ਼ਾਦਾ ਭਾਈ ਜੈਤੇ ਦੀ ਬਹਾਦਰੀ ਵੇਖ ਕੇ ਪ੍ਰਸੰਨ ਹੋਇਆ ਤੇ ਉਨ੍ਹਾਂ ਜੈਤੇ ਨੂੰ ਇਹ ਵਰ ਦਿੱਤਾ, 'ਰੰਘਰੇਟਾ ਗੁਰੂ ਕਾ ਬੇਟਾ !' ਫਿਰ ਉਨ੍ਹਾਂ ਮਰਯਾਦਾ ਅਨੁਸਾਰ ਚੰਦਨ ਦੀ ਚਿਖਾ ਤਿਆਰ ਕੀਤੀ ਅਤੇ ਬੜੇ ਸਤਿਕਾਰ ਨਾਲ ਅਤੇ ਦੁਖੀ ਹਿਰਦਿਆਂ ਨਾਲ ਪਾਵਨ ਸੀਸ ਦਾ ਸਸਕਾਰ ਕਰ ਦਿੱਤਾ। ਜਿਸ ਸਥਾਨ 'ਤੇ ਪਵਿੱਤਰ ਸੀਸ ਦਾ ਸਸਕਾਰ ਕੀਤਾ ਗਿਆ, ਉਹ ਸਥਾਨ ਆਨੰਦਪੁਰ ਸਾਹਿਬ ਵਿਚ ਗੁਰਦੁਆਰਾ ਸੀਸ ਗੰਜ ਕਰਕੇ ਪ੍ਰਸਿੱਧ ਹੈ।

ਜਦ ਭਾਈ ਜੈਤਾ ਜੀ ਗੁਰੂ ਜੀ ਦਾ ਪਾਵਨ ਸੀਸ ਚੁਕ ਕੇ ਲਿਆਏ ਤਾਂ ਧੜ ਉਥੇ ਹੀ ਪਿਆ ਰਿਹਾ। ਉਸੇ ਤੂਫ਼ਾਨ ਹਨੇਰੀ ਵਿਚ ਲੱਖੀ ਸ਼ਾਹ ਲੁਬਾਣਾ ਜਿਹੜਾ ਕਿ ਸ਼ਾਹੀ ਠੇਕੇਦਾਰ ਸੀ ਕਿਲ੍ਹੇ ਵਿਚ ਸਾਮਾਨ ਰੱਖ ਕੇ ਆਪਣੇ ਖਾਲੀ ਗੱਡੇ ਨੂੰ ਲੈ ਕੇ ਆਪਣੇ ਘਰ ਰਕਾਬ ਗੰਜ ਨੂੰ ਜਾ ਰਿਹਾ ਸੀ। ਉਸ ਨੇ ਜਦ ਧੜ ਨੂੰ ਉਥੇ ਪਏ ਵੇਖਿਆ ਤਾਂ ਉਹ ਆਪਣੇ ਪੁੱਤਰ ਅਤੇ ਆਪਣੇ ਭਰਾ ਦੀ ਸਹਾਇਤਾ ਨਾਲ ਧੜ ਨੂੰ ਗੱਡੇ ਵਿਚ ਰੱਖ ਕੇ ਆਪਣੇ ਘਰ ਲੈ ਗਿਆ। ਆਪਣੇ ਘਰ ਵਿਚ ਹੀ ਅੰਗੀਠਾ ਬਣਾ ਕੇ ਉਸ ਆਪਣੇ ਘਰ ਨੂੰ ਅੱਗ ਲਾ ਦਿੱਤੀ। ਇਸ ਤਰ੍ਹਾਂ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕਰ ਦਿੱਤਾ। ਉਥੇ ਅੱਜ-ਕੱਲ ਗੁਰਦੁਆਰਾ 'ਰਕਾਬ ਗੰਜ' ਬਣਿਆ ਹੋਇਆ ਹੈ। ਜਿਸ ਸਥਾਨ ਤੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ, ਉਥੇ ਗੁਰਦੁਆਰਾ 'ਸੀਸ ਗੰਜ' ਦੇ ਨਾਂ ਨਾਲ ਸੰਸਾਰ ਭਰ ਵਿਚ ਪ੍ਰਸਿੱਧ ਹੈ।